ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 23 | 06 June 2018 to 12 June 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸ਼ਿਲਾਂਗ ਵਿਚ ਸਿੱਖਾਂ 'ਤੇ ਹਮਲੇ ਜਾਰੀ, ਕਰਫਿਊ ਲੱਗਿਆ

- ਪੱਥਰਬਾਜ਼ਾਂ ਨੇ ਗੁਰਦੁਆਰੇ 'ਤੇ ਪਥਰਾਓ ਕੀਤਾ, ਕੇਂਦਰੀ ਬਲ ਤਾਇਨਾਤ
- ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਸਿੱਖਾਂ ਦੀ ਸਾਰ ਲੈਣ ਪਹੁੰਚਿਆ
- ਖਾਸੀ ਫਿਰਕਾ ਸਿੱਖਾਂ ਨੂੰ ਜ਼ਮੀਨ ਤੋਂ ਕੱਢਣਾ ਚਾਹੁੰਦਾ ਏ

**ਸ਼ਿਲਾਂਗ/ਬਿਊਰੋ ਨਿਊਜ਼:**
ਭਾਰਤ ਦੇ ਇਸ ਉੱਤਰੀ ਰਾਜ 'ਚ ਸਿੱਖਾਂ ਵਿਰੁੱਧ ਹੋ ਰਹੇ ਹਮਲਿਆਂ ਵਿਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਤੇ ਇਨਸਾਫ਼ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਗਏ ਵਫ਼ਦ ਦੇ ਆਗੂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਹਰਪਾਲ ਸਿੰਘ ਜੱਲ੍ਹਾ ਨੇ ਦੱਸਿਆ ਕਿ ਇਥੇ ਸਥਿਤੀ ਅਜੇ ਵੀ ਬੜੀ ਖ਼ਤਰਨਾਕ ਬਣੀ ਹੋਈ ਹੈ। ਬੀਤੇ ਦਿਨੀਂ ਕਰਫ਼ਿਊ ਵਿਚ ਢਿੱਲ ਮਿਲਦਿਆਂ ਸਾਰ ਹੀ ਖ਼ਾਸੀ ਫ਼ਿਰਕੇ ਦੇ ਲੋਕਾਂ ਨੇ ਮੁੜ ਜਲੂਸ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਗਲੀਆਂ ਵਿਚੋਂ ਦੀ ਆ ਕੇ ਸਿੱਖਾਂ ਦੇ ਘਰਾਂ 'ਤੇ ਹਮਲੇ ਕੀਤੇ। ਇਸ ਮੌਕੇ ਪੁਲਿਸ ਨੇ ਹਵਾ ਵਿਚ ਗੋਲੀਆਂ ਚਲਾ ਕੇ ਅਤੇ ਅੱਥਰੂ ਗੈਸ ਛੱਡ ਕੇ ਸਿੱਖਾਂ ਨੂੰ ਬਚਾਇਆ।

ਸ਼ਿਲਾਂਗ ਭਾਰਤ ਦੇ ਛੋਟੇ ਜਿਹੇ ਸੂਬੇ ਮੇਘਾਲਿਆ ਦੀ ਰਾਜਧਾਨੀ ਹੈ, ਜੋ ਦੇਸ਼ ਦੇ ਉੱਤਰ-ਪੂਰਬੀ ਹਿੱਸੇ ਵਿਚ ਵਸਿਆ ਹੋਇਆ ਹੈ। ਇਥੇ ਵੱਡੀ ਗਿਣਤੀ ਵਿਚ ਖਾਸੀ ਬਰਾਦਰੀ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾ ਇਸਾਈ ਹਨ। ਇਸ ਤੋਂ ਇਲਾਵਾ ਹਿੰਦੂ ਅਤੇ ਮੁਸਲਿਮ ਧਰਮ ਨਾਲ ਸਬੰਧਿਤ ਲੋਕ ਵੀ ਇਥੇ ਰਹਿੰਦੇ ਹਨ।

**ਬਾਕੀ ਸਫ਼ਾ 28 'ਤੇ**



ਸ਼ਿਲਾਂਗ 'ਚ ਸਿੱਖ ਵਿਰੋਧੀ ਹਿੰਸਾ ਦੌਰਾਨ ਤੈਨਾਤ ਸੁਰੱਖਿਆ ਕਰਮੀ

## ਸਾਨਫਰਾਂਸਿਸਕੋ 'ਚ ਨਗਰ ਕੀਰਤਨ ਐਤਵਾਰ 10 ਜੂਨ ਨੂੰ

**ਸਾਨਫਰਾਂਸਿਸਕੋ/ਬਿਊਰੋ ਨਿਊਜ਼ :** ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਉਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ ਐਤਵਾਰ 10 ਜੂਨ ਨੂੰ ਸਾਨਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕਰਵਾਇਆ ਜਾਵੇਗਾ। ਵਰਨਣਯੋਗ ਹੈ ਕਿ ਆਜ਼ਾਦੀ ਮਾਰਚ ਅਤੇ ਖੁਦਮੁਖ਼ਤਿਆਰੀ ਰੈਲੀ ਦੇ ਰੂਪ ਵਿਚ ਕੀਤੇ ਜਾਣ ਵਾਲੇ ਇਸ ਨਗਰ ਕੀਰਤਨ ਸਿੱਖ ਅਤੇ ਭਰਾਤਰੀ ਜਥੇਬੰਦੀਆਂ ਦੇ ਬੁਲਾਰੇ ਉਚੇਚਾ ਪਹੁੰਚ ਕੇ ਘੱਟ ਗਿਣਤੀਆਂ ਅਤੇ ਹੋਰਨਾਂ ਕੌਮਾਂ ਦੇ ਹੱਕਾਂ ਦੀ ਰਾਖੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦੇ ਹਨ। ਇਸ ਸਮਾਗਮ ਦੀਆਂ ਕਰਤਾ ਧਰਤਾ ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਅਤੇ ਕੈਲੀਫੋਰਨੀਆ ਦੀਆਂ ਪੰਥਕ ਜਥੇਬੰਦੀਆਂ ਨੇ ਸਮੂਹ ਸਿੱਖ ਸੰਗਤਾਂ ਨੂੰ ਲਗਰ ਕੀਰਤਨ ਵਿਚ ਹੁੰਮ-ਹੁੰਮਾ ਕੇ ਪਹੁੰਚਣ ਦਾ ਨਿੱਘਾ ਸੱਦਾ ਦਿਤਾ ਗਿਆ ਹੈ।

## ਕਿਵੇਂ ਹਿੰਸਾ ਛਿੜੀ

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਜੀਤ ਸਿੰਘ, ਮੁਹੱਲੇ ਦੇ ਪ੍ਰਧਾਨ ਬੀਰਾ ਸਿੰਘ ਅਤੇ ਹੋਰਨਾਂ ਨੇ ਵਫ਼ਦ ਨੂੰ ਦੱਸਿਆ ਕਿ ਲੜਾਈ ਦੀ ਸ਼ੁਰੂਆਤ ਸਿੱਖ ਲੜਕੀ ਪ੍ਰਭਜੋਤ ਕੌਰ ਨੂੰ ਦੋਖ਼ਾਸੀ ਮੁੰਡਿਆਂ ਵਲੋਂ ਛੇੜੇ ਜਾਣ ਤੋਂ ਹੋਈ। ਜਿਸ 'ਤੇ ਪ੍ਰਭਜੋਤ ਕੌਰ ਅਤੇ ਉਸ ਦੀਆਂ ਸਾਥਣਾਂ ਰਿੰਕੀ ਕੌਰ, ਸੀਤਾ ਕੌਰ ਅਤੇ ਸਲਮਾ ਪਤਨੀ ਬਿੱਟੂ ਸਿੰਘ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਸ ਝਗੜੇ ਵਿਚ ਛੇੜਨ ਵਾਲੇ ਦੋਵੇਂ ਮੁੰਡੇ ਜ਼ਖ਼ਮੀ ਹੋ ਗਏ, ਪਰ ਸ਼ਾਮ ਨੂੰ ਥਾਣੇ ਵਿਚ ਜਾ ਕੇ ਦੋਵਾਂ ਧਿਰਾਂ ਵਿਚ ਸਮਝੌਤਾ ਹੋ ਗਿਆ ਅਤੇ ਸਿੱਖਾਂ ਨੇ ਦੋਵਾਂ ਜ਼ਖ਼ਮੀਆਂ ਦੇ ਇਲਾਜ ਵਾਸਤੇ 4 ਹਜ਼ਾਰ ਰੁਪਏ ਵੀ ਦੇ ਦਿੱਤੇ। ਹਰਪਾਲ ਸਿੰਘ ਜੱਲਾ ਨੇ ਦੱਸਿਆ ਕਿ ਬਾਅਦ ਵਿਚ ਸਿਆਸੀ ਦਬਾਅ, ਫ਼ਿਰਕਾਪ੍ਰਸਤੀ ਕਾਰਨ ਅਤੇ ਸਿੱਖਾਂ ਦੀ ਚੜ੍ਹਤ ਤੋਂ ਜਲਦਿਆਂ ਕਰੀਬ 300 ਵਿਅਕਤੀਆਂ ਨੇ ਸਿੱਖਾਂ ਦੇ ਮੁਹੱਲੇ 'ਤੇ ਹਮਲਾ ਬੋਲ ਦਿੱਤਾ ਅਤੇ ਇੱਕ ਮਕਾਨ, ਸਕੂਟਰਾਂ ਦੇ ਇਕ ਸ਼ੋਅ-ਰੂਮ ਤੇ ਇਕ ਕਾਰ ਨੂੰ ਸਾੜ ਦਿੱਤਾ ਗਿਆ। ਪੁਲਿਸ ਨੇ ਆ ਕੇ ਮੌਕਾ ਸੰਭਾਲਿਆ ਤੇ ਕਰਫ਼ਿਊ ਲਗਾ ਦਿੱਤਾ, ਪਰ ਰਾਤ ਨੂੰ ਕਰਫ਼ਿਊ ਦੌਰਾਨ ਮੁੜ ਹਮਲਾ ਕਰ ਦਿੱਤਾ। ਜਥੇਦਾਰ ਹਰਪਾਲ ਸਿੰਘ ਜੱਲ੍ਹਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੌਤਰਫੋਂ ਗੁਰਦੁਆਰਾ ਸਾਹਿਬ ਲਈ 10 ਲੱਖ ਰੁਪਏ ਅਤੇ ਬਹਾਦਰੀ ਦਿਖਾਉਣ ਵਾਲੀਆਂ ਚਾਰਾਂ ਲੜਕੀਆਂ ਨੂੰ 21-21 ਹਜ਼ਾਰ ਰੁਪਏ ਦੇਣ ਅਤੇ ਜਿਸ ਦਾ ਮਕਾਨ ਸੜਿਆ ਹੈ ਉਸ ਨੂੰ 2 ਲੱਖ ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ।

# ਬਜ਼ੁਰਗ ਅਕਾਲੀ ਆਗੂ ਜਥੇਦਾਰ ਵਡਾਲਾ ਦਾ ਅਕਾਲ ਚਲਾਣਾ

**ਜਲੰਧਰ/ਬਿਊਰੋ ਨਿਊਜ਼ :**
ਦੋਆਬੇ ਦੇ ਆਖਰੀ ਟਕਸਾਲੀ ਅਕਾਲੀ ਆਗੂ ਮੰਨੇ ਜਾਂਦੇ ਜਥੇਦਾਰ ਕੁਲਦੀਪ ਸਿੰਘ ਵਡਾਲਾ (86 ਸਾਲ) ਦਾ ਮੰਗਲਵਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨਕੋਦਰ ਹਲਕੇ ਤੋਂ ਵਿਧਾਇਕ ਹਨ। ਜਥੇਦਾਰ ਵਡਾਲਾ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਵਿਦੇਸ਼ ਰਹਿੰਦੇ ਰਿਸ਼ਤੇਦਾਰਾਂ ਦੇ ਆਉਣ ਉਪਰੰਤ ਕੀਤਾ ਜਾਵੇਗਾ।



ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਜਦੋਂ ਗੁਰਪ੍ਰਤਾਪ ਸਿੰਘ ਵਡਾਲਾ ਕਿਸੇ ਕੰਮ ਲਈ ਚੰਡੀਗੜ੍ਹ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਹੀ ਫੋਨ ਆ ਗਿਆ ਕਿ ਉਨ੍ਹਾਂ ਦੇ ਪਿਤਾ ਦੀ ਸਿਹਤ ਅਚਾਨਕ ਵਿਗੜ ਗਈ ਹੈ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਉਥੇ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਬਚਾਉਣ ਦੇ ਕੀਤੇ ਗਏ ਯਤਨ ਕਾਮਯਾਬ ਨਹੀਂ ਹੋਏ। ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂਆਂ 'ਚ ਸਥਾਨ ਰੱਖਣ ਵਾਲੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਸੰਨ 1980 ਵਿੱਚ ਨਕੋਦਰ ਤੋਂ ਪਹਿਲੀ ਵਾਰ ਕਾਂਗਰਸੀ ਮੁੱਖ ਮੰਤਰੀ ਰਹੇ ਦਰਬਾਰਾ ਸਿੰਘ ਵਿਰੁੱਧ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। 1985 ਵਿੱਚ ਉਹ ਨਕੋਦਰ ਤੋਂ ਵਿਧਾਇਕ ਬਣੇ। ਸਾਲ 2012 ਤੇ 2017 'ਚ ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਨਕੋਦਰ ਤੋਂ ਲਗਾਤਾਰ ਦੋ ਵਾਰ ਵਿਧਾਇਕ ਬਣੇ ਹਨ। ਜਥੇਦਾਰ ਕੁਲਦੀਪ ਸਿੰਘ ਵਡਾਲਾ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਵਡਾਲਾ ਦੇ ਦੇਹਾਂਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਨੇ ਅਜ਼ਾਦ ਸਿੱਖ ਰਾਜ ਦਾ ਅਹਿਦ ਦੁਹਰਾਇਆ

## ਜੂਨ 84 ਘੱਲੂਘਾਰੇ ਦੀ ਯਾਦ ਵਿਚ ਜਬਰਦਸਤ ਰੋਸ ਮੁਜਾਹਰਾ

- 'ਖਾਲਿਸਤਾਨ ਜਿੰਦਾਬਾਦ' ਦੇ ਨਾਹਰਿਆਂ ਨਾਲ ਗੂੰਜਿਆ ਲੰਡਨ
- ਜਥੇਦਾਰ ਮੰਡ ਵਲੋਂ ਅਰੰਭ ਕੀਤੇ ਮੋਰਚੇ ਦੀ ਹਮਾਇਤ ਦਾ ਐਲਾਨ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਮੂਹ ਗੁਰਦੁਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਭਾਰੀ ਰੋਸ ਮੁਜਾਹਰਾ ਕੀਤਾ ਗਿਆ। ਹਾਈਡ ਪਾਰਕ ਲੰਡਨ ਵਿਖੇ ਕੀਤੇ ਇਸ ਰੋਸ ਮੁਜਾਹਰੇ ਵਿੱਚ ਭਾਗ ਲੈਣ ਲਈ ਹਜਾਰਾਂ ਦੀ ਤਾਦਾਦ ਵਿੱਚ ਸਿੱਖ ਸੰਗਤਾਂ ਸਵੇਰੇ 11:00 ਵਜੇ ਵੱਖ ਵੱਖ ਸ਼ਹਿਰਾਂ ਤੋਂ ਕੋਚਾਂ, ਕਾਰਾਂ ਅਤੇ ਰੇਲ ਗੱਡੀਆਂ ਰਾਹੀਂ ਪੁੱਜਣੀਆਂ ਸ਼ੁਰੂ ਹੋ ਗਈਆਂ, ਜਿੱਥੇ ਬਾਅਦ ਦੁਪਹਿਰ 1:00 ਵਜੇ ਤੱਕ ਸਟੇਜ ਲਗਾਈ ਗਈ। ਚਾਰ ਚੁਫੇਰੇ ਕੇਸਰੀ ਅਤੇ ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਦਾ ਹੜ੍ਹ ਆਇਆ ਹੋਇਆ ਸੀ ਜੋ ਕਿ ਖਾਲਸੇ ਦੀ ਚੜਦੀ ਕਲਾ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਦੇ ਵਾਰਸਾਂ ਦੇ ਦ੍ਰਿੜ ਇਰਾਦੇ



ਦਾ ਜਲੌਅ ਨਜ਼ਰ ਆ ਰਿਹਾ ਸੀ। ਵੱਖ ਵੱਖ ਗੁਰਦਵਾਰਾ ਸਹਿਬਾਨ ਦੇ ਨੁਮਾਇੰਦਿਆਂ ਨੇ ਸਿੱਖ ਸੰਗਤਾਂ ਸੰਬੋਧਨ ਕਰਦਿਆਂ, ਖਾਲਿਸਤਾਨ ਦੀ ਪ੍ਰਾਪਤੀ ਤੇ ਜ਼ੋਰ ਦਿਤਾ।

**ਬਾਕੀ ਸਫ਼ਾ 28 'ਤੇ**












ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਜੂਨ 1984 ਦੀ ਸਿੱਖ ਨਸਲਕੁਸ਼ੀ ਬਾਰੇ ਤੱਤਸਾਰ ਸੈਮੀਨਾਰ 'ਚ ਅਹਿਮ ਮਸਲੇ ਵਿਚਾਰੇ







**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ:** ਜੂਨ 1984 ਵਿਚ ਭਾਰਤ ਦੀ ਕਾਂਗਰਸ ਸਰਕਾਰ ਨੇ ਪੂਰੇ ਪੰਜਾਬ ਨੂੰ ਸਾਰੇ ਸੰਸਾਰ ਨਾਲੋਂ ਕਟਕੇ, ਕਰਫਿਊ ਲਾ ਕੇ ਸ੍ਰੀ ਦਰਬਾਰ ਸਾਹਿਬ ਤੇ 38 ਹੋਰ ਗੁਰਦੁਆਰਿਆਂ ਉਤੇ ਆਪਣੀ ਫੌਜ ਰਾਹੀਂ ਹਮਲਾ ਕਰਵਾ ਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਵਡੇ ਰੂਪ ਵਿਚ ਮਹਾਂ ਕਤਲੇਆਮ ਕੀਤਾ ਸੀ ਜਿਸ ਨੂੰ ਸਿੱਖ ਨਸਲਕੁਸ਼ੀ ਕਿਹਾ ਜਾਂਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਤੋਪਾਂ ਨਾਲ ਤਬਾਹ ਕਰ ਦਿੱਤਾ ਸੀ। ਇਸ ਸੈਮੀਨਾਰ ਲਈ ਵਿਸ਼ੇਸ਼ ਤੌਰ ਤੇ ਬੁਲਾਏ ਗਏ ਤਿੰਨ ਬੁਲਾਰਿਆਂ ਐਥਰੋਪਾਲੋਜਿਸਟ ਡਾ: ਸਿੰਥੀਆਂ ਮਹਿਮੂਦ, ਡਾ: ਕਰਾਮਾਤ ਚੀਮਾ ਤੇ ਬੀਬੀ ਪੂਨੀਤ ਕੌਰ ਖਾਲਸਾ ਸ਼ਾਮਲ ਸਨ। ਡਾ. ਸਿੰਥੀਆ ਮਹਿਮੂਦ ਜੋ ਸਿੱਖਾਂ ਬਾਰੇ ਇਕ ਬਹੁਤ ਮਸ਼ਹੂਰ ਕਿਤਾਬ, "ਫਾਈਟਿੰਗ ਫਾਰ ਫੇਥ ਐਂਡ ਨੇਸ਼ਨ" ਕਿਤਾਬ ਦੇ ਲੇਖਕ ਹੋਣ ਤੋਂ ਇਲਾਵਾ ਵਡੇ ਐਂਥਰੋਪਾਲੋਜਿਸਟ (ਸਭਿਆਚਾਰ) ਵਜੋਂ ਪ੍ਰਸਿਧ ਹਨ ਤੇ ਮਨੁੱਖੀ ਅਧਿਕਾਰਾਂ ਬਾਰੇ ਵੀ ਮਾਹਰ ਹਨ ਨੇ ਆਪਣੇ ਸੰਖੇਪ ਵਿਚਾਰਾਂ ਵਿਚ ਸਿੱਖ ਸੰਗਤਾਂ ਤੇ ਕੈਲੇਫੋਰਨੀਆ ਸਟੇਟ ਅਸੈਂਬਲੀ ਵਿਚ ਸੈਨ ਹੋਜ਼ੇ ਤੇ ਮਿਲਪੀਟਸ ਤੋਂ ਡੈਮੋਕਰੇਟਿਕ ਅਸੈਂਬਲੀ ਮੈਂਬਰ ਕੈਨਸਨ ਚੂ ਨੂੰ ਦੱਸਿਆ ਕਿ ਕਿਸ ਤਰਾਂ ਭਾਰਤ ਸਰਕਾਰ ਨੇ ਪੰਜਾਬ ਤੇ ਖਾਸ ਤੌਰ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕਤਲੇਆਮ ਕੀਤਾ। ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂਆਂ, ਜਿਸ ਵਿਚ ਛੋਟੇ ਬੱਚੇ, ਬਜ਼ੁਰਗ, ਨੌਜਵਾਨ, ਬੀਬੀਆਂ ਤੇ ਮੁਟਿਆਰਾਂ ਨੂੰ ਕਤਲ ਕਰ ਦਿਤਾ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨਾਉਣ ਆਏ ਹੋਏ ਸਨ। ਸੰਤ ਭਿੰਡਰਾਂਵਾਲਿਆਂ ਤੇ ਉਨਾਂ ਦੇ ਕੁਝ ਸਾਥੀਆਂ ਨੂੰ ਦਰਬਾਰ ਸਾਹਿਬ ਵਿਚੋਂ ਕਢਣ ਦੇ ਬਹਾਨੇ ਪੂਰੀ ਸਿੱਖ ਕੌਮ ਨੂੰ ਸਬਕ ਸਿਖਾਉਣ ਤੇ ਉਨਾਂ ਦਾ ਲੱਕ ਤੋੜਨ ਲਈ ਇਹ ਹਮਲਾ ਕੀਤਾ ਗਿਆ, ਜਿਸ ਲਈ ਵੇਲੇ ਦੀ ਪ੍ਰਧਾਨ ਮੰਤਰੀ ਜ਼ਿਮੇਵਾਰ ਸੀ। ਲੋਕਤੰਤਰੀ ਸਿਸਟਮ ਦੇ ਨਾਮ ਹੇਠ ਸਿੱਖਾਂ ਉਤੇ ਇਹ ਬਹੁਤ ਵਡਾ ਕਹਿਰ ਸੀ ਜੋ ਵੇਲੇ ਦੀ ਸਰਕਾਰ ਨੇ ਕੀਤਾ। ਇੰਗਲੈਂਡ ਤੋਂ ਆਏ ਦੂਜੇ ਬੁਲਾਰੇ ਡਾ. ਕਰਾਮਾਤ ਚੀਮਾਂ ਨੇ ਦਖਣੀ ਏਸ਼ੀਆ ਦੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਹਾਲਤ ਬਾਰੇ ਗੱਲ ਕਰਦਿਆਂ ਉਨਾਂ ਨੇ ਚੀਨ,

ਬਾਕੀ ਸਫ਼ਾ 32 'ਤੇ






# ਰੋਇਲ ਕਿੰਗ ਯੂ.ਐਸ.ਏ. ਵਲੋਂ ਕਰਵਾਏ ਤੀਜੇ ਯੂਬਾ ਸਿਟੀ ਕਬੱਡੀ ਕੱਪ ਨੇ ਸ਼ਫਲਤਾ ਦੇ ਝੰਡੇ ਗੱਡੇ

ਯੂਬਾਸਿਟੀ ਤੀਸਰੇ ਕਬੱਡੀ ਕੱਪ ਦੌਰਾਨ ਇਸ ਵੀ ਫਸਵੀਂ ਕਬੱਡੀ ਦੇਖਣ ਨੂੰ ਮਿਲੀ। ਖਾਸ ਤੌਰ 'ਤੇ ਚਾਰ ਸੀਨੀਅਰ ਟੀਮਾਂ ਵਿਚਾਲੇ ਗਹਿ ਗੱਚ ਮੁਕਾਬਲੇ ਹੋਏ ਜਿਨ੍ਹਾਂ 'ਚ ਰੋਇਲ ਕਿੰਗ ਅਮਰੀਕਾ, ਕੈਨੇਡਾ, ਟੀਮ ਮਿਡਵੈਸਟ ਅਤੇ ਟੀਮ ਇੰਡੀਆ ਸ਼ਾਮਲ ਸਨ। ਇਸ ਤੋਂ ਇਲਾਵਾ ਅੰਡਰ 25 ਟੀਮਾਂ ਨੇ ਵੱਖਰੇ ਤੌਰ 'ਤੇ ਭਾਗ ਲਿਆ। ਓਪਨ ਕਬੱਡੀ ਵਿਚ ਰੋਇਲ ਕਿੰਗ ਨੇ ਕੈਨੇਡਾ ਨੂੰ ਫਸਵੇਂ ਮੈਚ ਦੌਰਾਨ ਹਰਾਇਆ ਅਤੇ ਕੈਨੇਡਾ ਨੂੰ ਦੂਸਰੇ ਸਥਾਨ 'ਤੇ ਹੀ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਅੰਡਰ 25 ਵਿਚ ਖ਼ਾਲਸਾ ਸਪੋਰਟਸ ਕਲੱਬ ਨੇ ਖ਼ਾਲਸਾ ਵੌਰੀਅਰਜ਼ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ 21 ਵਿਚ ਕੈਲੀ ਸਪੋਰਟਸ ਕਲੱਬ ਨੇ ਖ਼ਾਲਸਾ ਵੌਰੀਅਰਜ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹ ਸ਼ਾਨਦਾਰ ਕਬੱਡੀ ਕੱਪ ਸਰਬਜੀਤ ਥਿਆੜਾ, ਯੂਨੀਅਰ ਥਿਆੜਾ, ਹਰਮਨ ਥਿਆੜਾ ਅਤੇ ਥਿਆੜਾ ਪਰਿਵਾਰ ਵਲੋਂ ਹਰ ਸਾਲ ਕਰਵਾਇਆ ਜਾਂਦਾ ਹੈ। ਇਸ ਸਾਲ ਕਰਵਾਏ ਗਏ ਕਬੱਡੀ ਕੱਪ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।

*ਫ਼ੋਟੋਆਂ ਅਤੇ ਵੇਰਵਾ : ਹੁਸਨ ਲੜੋਆ ਬੰਗਾ*
















## ਪਤਨੀ ਦੀ ਮੌਤ ਦੇ ਸਬੰਧ ਵਿੱਚ ਸ਼ਸ਼ੀ ਥਰੂਰ ਖ਼ਿਲਾ.ਫ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੂੰ ਉਸ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਮੌਤ ਦੇ ਕੇਸ ਵਿੱਚ ਮੁਲਜ਼ਮ ਵਜੋਂ ਤਲਬ ਕੀਤਾ ਤੇ ਉਨ੍ਹਾਂ ਨੂੰ 7 ਜੁਲਾਈ ਨੂੰ ਅਦਾਲਤ ਸਾਹਮਣੇ ਪੇਸ਼ ਲਈ ਕਿਹਾ ਹੈ। ਐਡੀਸ਼ਨਲ ਚੀਫ ਮੈਟਰੋਪੋਲਿਟਨ ਮੈਜਿਸਟ੍ਰੇਟ ਸਮਰ ਵਿਸ਼ਾਲ



ਨੇ ਬੀਬੀ ਪੁਸ਼ਕਰ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਤੇ ਉਸ ‘ਤੇ ਅੱਤਿਆਚਾਰ ਕਰਨ ਦੇ ਲਾਏ ਕਥਿਤ ਦੋਸ਼ਾਂ ‘ਤੇ ਗੌਰ ਕਰਨ ਤੋਂ ਬਾਅਦ ਆਖਿਆ ਕਿ ਥਰੂਰ ਖ਼ਿਲਾ.ਫ ਮੁਕੱਦਮਾ ਚਲਾਉਣ ਦਾ ਅਧਾਰ ਬਣਦਾ ਹੈ। ਜੱਜ ਨੇ ਆਖਿਆ “ ਮੈਂ ਇਸਤਗਾਸਾ ਨੂੰ ਸੁਣਿਆ ਹੈ। ਮੈਂ ਚਾਰਜਸ਼ੀਟ ਤੇ ਇਸ ਦੇ ਨਾਲ ਪੇਸ਼ ਕੀਤੇ ਦਸਤਾਵੇਜ਼ਾਂ ਦਾ ਅਧਿਐਨ ਕੀਤਾ। ਪੁਲੀਸ ਰਿਪੋਰਟ ਚਾਰਜਸ਼ੀਟ ਦੇ ਅਧਾਰ ‘ਤੇ ਮਰਹੂਮ ਸੁਨੰਦਾ ਪੁਸ਼ਕਰ ਵੱਲੋਂ ਖੁ ?ਦਕੁਸ਼ੀ ਲਈ ਮਜਬੂਰ ਹੋਣ ਤੇ ਉਨ੍ਹਾਂ ‘ਤੇ ਡਾ. ਸ਼ਸ਼ੀ ਥਰੂਰ ਵੱਲੋਂ ਕੀਤੇ ਅੱਤਿਆਚਾਰ ਦਾ ਨੋਟਿਸ ਲਿਆ ਹੈ। ਥਰੂਰ ਖ਼ਿਲਾ.ਫ ਆਈਪੀਸੀ ਦੀ ਧਾਰਾ 306 ਤੇ 498ਏ ਤਹਿਤ ਦੋਸ਼ ਆਇਦ ਕਰਨ ਲਈ ਕਾਰਵਾਈ ਦੇ ਚੋਖੇ ਅਧਾਰ ਮੌਜੂਦ ਹਨ। ਉਨ੍ਹਾਂ ਨੂੰ 7 ਜੁਲਾਈ ਨੂੰ ਤਲਬ ਕਰਨ ਲਈ ਸੰਮਨ ਜਾਰੀ ਕੀਤੇ ਜਾਣ।“ ਅਦਾਲਤ ਦਾ .ਫੈਸਲਾ ਆਉਣ ਤੋਂ ਬਾਅਦ ਥਰੂਰ ਦੇ ਵਕੀਲ ਤੇ ਸੀਨੀਅਰ ਐਡਵੋਕੇਟ ਵਿਕਾਸ ਪਾਹਵਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਮੁਵੱਕਿਲ ਖ਼ਿਲਾ.ਫ ਕੋਈ ਕੇਸ ਨਹੀਂ ਬਣਦਾ ਤੇ ਇਸਤਗਾਸਾ ਦਾ ਇਹ ਕੇਸ ਝੂਠ ਦਾ ਪੁਲੰਦਾ ਹੈ। ਅਸੀਂ ਚਾਰਜਸ਼ੀਟ ਦੀ ਕਾਪੀ ਤੇ ਇਸਤਗਾਸਾ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਕਾਪੀ ਮੰਗੀ ਹੈ। ਦਿੱਲੀ ਪੁਲੀਸ ਨੇ ਅੱਜ ਕਿਹਾ ਕਿ ਉਸ ਨੇ ਸ਼ਸ਼ੀ ਥਰੂਰ ਖ਼ਿਲਾ.ਫ ਦੋਸ਼ਾਂ ਦੀ ਪੇਸ਼ੇਵਰਾਨਾ ਜਾਂਚ ਕੀਤੀ ਹੈ ਤੇ ਅਦਾਲਤ ਵਿੱਚ ਆਪਣੇ ਕੇਸ ਦੀ ਹਿ.ਫਾਜ਼ਤ ਕਰੇਗੀ।

### ਥਰੂਰ ਵੱਲੋਂ ਦੋਸ਼ ਬੇਬੁਨਿਆਦ ਕਰਾਰ

ਸ਼ਸ਼ੀ ਥਰੂਰ ਨੇ ਉਸ ਦੇ ਖ਼ਿਲਾ.ਫ ਲਾਏ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਇਹ ਉਸ ਦੇ ਖ਼ਿਲਾ.ਫ ਵਿੱਢੀ ਕੂੜ ਪ੍ਰਚਾਰ ਦੀ ਮੁਹਿੰਮ ਦਾ ਸਿੱਟਾ ਹੈ ਤੇ ਉਹ ਇਸ ਦਾ ਡਟਵਾਂ ਜਵਾਬ ਦੇਣਗੇ।

# ਆਜ਼ਾਦੀ ਪਸੰਦ ਕਸ਼ਮੀਰੀ ਆਗੂ ਗਿਲਾਨੀ ਨੇ ਸਿੱਖਾਂ ਨਾਲ ਜੂਨ ’84 ਦੇ ਘੱਲੂਘਾਰੇ ਦਾ ਦਰਦ ਵੰਡਾਇਆ

**ਸ਼੍ਰੀਨਗਰ/ਬਿਊਰੋ ਨਿਊਜ਼ :** ਜੂਨ 1984 ਵਿਚ ਭਾਰਤੀ ਫੌਜ ਵਲੋਂ ਦਰਬਾਰ ਸਾਹਿਬ ਸਮੇਤ ਅਨੇਕਾਂ ਗੁਰਦੁਆਰਾ ਸਾਹਿਬ ‘ਤੇ ਕੀਤੇ ਗਏ ਫੌਜੀ ਹਮਲੇ ਦੀ 34ਵੀਂ ਵਰ੍ਹੇਗੰਢ ਉੱਤੇ ਸਿੱਖ ਕੌਮ ਨਾਲ ਇਕਮੁੱਠਤਾ ਪ੍ਰਗਟ ਕਰਦਿਆਂ ਕਸ਼ਮੀਰ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਆਲ ਪਾਰਟੀ ਹੁਰੀਅਤ ਕਾਨਫਰੰਸ ਦੇ ਚੇਅਰਮੈਨ ਸਈਅਦ ਅਲੀ ਗਿਲਾਨੀ ਨੇ ਕਿਹਾ ਕਿ, ਭਾਰਤੀ ਫੌਜ ਵਲੋਂ 34 ਸਾਲ ਪਹਿਲਾਂ ਸਿੱਖ ਕੌਮ ਨੂੰ ਦਿੱਤੇ ਗਏ ਜ਼ਖਮ ਸਿਰਫ ਤਾਜ਼ੇ ਹੀ ਨਹੀਂ, ਬਲਕਿ ਸਾਡੇ ਸਿੱਖ ਭਰਾਵਾਂ ਨੂੰ ਲਗਾਤਾਰ ਤਕਲੀਫ ਦੇ ਰਹੇ ਹਨ। ਉਹਨਾਂ ਕਿਹਾ ਕਿ ਖੁਦ ਨੂੰ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਖਵਾਉਣ ਵਾਲੇ ਭਾਰਤੀ ਨਿਜ਼ਾਮ ਨੇ ਘੱਟਗਿਣਤੀਆਂ ਦੀ ਹੋਂਦ ਨੂੰ ਕਦੇ ਨਹੀਂ ਝੱਲਿਆ। ਭਾਰਤ ਵਿਚ ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਦਲਿਤਾਂ ਨੂੰ ਲਗਾਤਾਰ ਜ਼ਲੀਲ, ਤੰਗ ਕੀਤਾ ਜਾ ਰਿਹਾ ਹੈ ਅਤੇ ਮਾਰਿਆ ਜਾ ਰਿਹਾ ਹੈ।



ਸਈਅਦ ਅਲੀ ਗਿਲਾਨੀ ਦੀ ਦਲ ਖਾਲਸਾ ਆਗੂ ਹਰਚਰਨਜੀਤ ਸਿੰਘ ਧਾਮੀ ਨਾਲ ਇਕ ਪੁਰਾਣੀ ਤਸਵੀਰ

ਸਈਅਦ ਅਲੀ ਗਿਲਾਨੀ ਨੇ ਕਿਹਾ ਕਿ ਜੂਨ 1984 ਦਾ ਭਾਰਤੀ ਹਮਲਾ ਇਕ ਜ਼ਾਲਮਾਨਾ ਅਤੇ ਬੇਸ਼ਰਮੀ ਭਰੀ ਕਾਰਵਾਈ ਸੀ, ਜਿਸ ਵਿਚ ਮਹਿਜ਼ ਤਿੰਨ ਦਿਨਾ ਅੰਦਰ ਸੈਂਕੜੇ ਸਿੱਖਾਂ ਨੂੰ ਨਿਰਦਈ ਢੰਗ ਨਾਲ ਕਤਲ ਕਰ ਦਿੱਤਾ ਗਿਆ। ਹੁਰੀਅਤ ਦੇ ਚੇਅਰਮੈਨ ਨੇ ਕਿਹਾ ਕਿ ਭਾਰਤ ਵਿਚ ਘੱਟਗਿਣਤੀਆਂ ਕਦੇ ਵੀ ਸੁਰੱਖਿਅਤ ਨਹੀਂ ਰਹਿ ਸਕਦੀਆਂ ਅਤੇ ਹਰ ਨਿਜ਼ਾਮ, ਭਾਵੇਂ ਉਹ ਧਰਮ ਨਿਰਪੱਖਤਾ ਦੇ ਢੌਂਗ ਵਾਲੀ ਕਾਂਗਰਸ ਹੋਵੇ ਜਾ ਹਿੰਦੁਤਵੀ ਭਾਜਪਾ, ਹਰ ਕੋਈ ਘੱਟਗਿਣਤੀਆਂ ‘ਤੇ ਜ਼ੁਲਮ ਕਰਦਾ ਹੈ। ਉਹਨਾਂ ਕਿਹਾ ਕਿ ਘੱਟਗਿਣਤੀਆਂ ਨਾਲ ਹੁੰਦੇ ਇਹ ਜ਼ੁਲਮ ਭਾਰਤੀ ਲੋਕਤੰਤਰ ‘ਤੇ ਇਕ ਵੱਡਾ ਧੱਬਾ ਹਨ। ਗਿਲਾਨੀ ਨੇ ਕਿਹਾ ਕਿ ਇਸ ਤਰ੍ਹਾਂ ਜ਼ੋਰ-ਜਬਰ ਅਤੇ ਜ਼ੁਲਮ ਨਾਲ ਆਪਣੇ ਹੱਕਾਂ ਅਤੇ ਅਜ਼ਾਦੀ ਲਈ ਲੜਨ ਵਾਲੇ ਲੋਕਾਂ ਨੂੰ ਨਹੀਂ ਦਬਾਇਆ ਜਾ ਸਕਦਾ। ਉਹਨਾਂ ਅੱਗੇ ਕਿਹਾ ਕਿ ਉਹ ਆਪਣੇ ਸਿੱਖ ਭਰਾਵਾਂ ਦੇ ਇਸ ਦਰਦ ਦੇ ਭਾਈਵਾਲ ਹਨ ਕਿਉਂਕਿ ਉਹ ਵੀ ਭਾਰਤੀ ਜ਼ੁਲਮਾਂ ਨੂੰ ਲੰਬੇ ਸਮੇਂ ਤੋਂ ਸਹਿ ਰਹੇ ਹਨ। ਸਈਅਦ ਅਲੀ ਗਿਲਾਨੀ ਦਾ ਇਹ ਬਿਆਨ ਪੰਜਾਬ ਵਿਚ ਦਲ ਖ਼ਾਲਸਾ ਆਗੂ ਕੰਵਰਪਾਲ ਸਿੰਘ ਵਲੋਂ ਮੀਡੀਆ ਨੂੰ ਜਾਰੀ ਕੀਤਾ ਗਿਆ।

# ਦਲਿਤਾਂ ਲਈ ਤਰੱਕੀਆਂ ’ਚ ਰਾਖਵੇਂਕਰਨ ਉੱਤੇ ਰੋਕ ਨਹੀ

## ਕੇਂਦਰ ਸਰਕਾਰ ‘ਕਾਨੂੰਨ ਮੁਤਾਬਕ’ ਤਰੱਕੀਆਂ ਦੇਵੇ- ਸੁਪਰੀਮ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਭਾਰੀ ਰਾਹਤ ਦਿੰਦਿਆਂ ਐੱਸਸੀ-ਐੱਸਟੀ ਮੁਲਾਜ਼ਮਾਂ ਲਈ ਤਰੱਕੀਆਂ ਵਿੱਚ ‘ਕਾਨੂੰਨ ਮੁਤਾਬਕ’ ਰਾਖਵਾਂਕਰਨ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ। ਸਿਖਰਲੀ ਅਦਾਲਤ ਨੇ ਮੰਗਲਵਾਰ ਨੂੰ ਇਹ ਹੁਕਮ ਕੇਂਦਰ ਵੱਲੋਂ ਅਦਾਲਤ ਅੱਗੇ ਇਹ ਤੱਥ ਰੱਖੇ ਜਾਣ ‘ਤੇ ਜਾਰੀ ਕੀਤਾ ਕਿ ਇਸ ਸਬੰਧੀ ਵੱਖ-ਵੱਖ ਹਾਈ ਕੋਰਟਾਂ ਦੇ .ਫੈਸਲਿਆਂ ਅਤੇ ਸੁਪਰੀਮ ਕੋਰਟ ਵੱਲੋਂ 2015 ਵਿੱਚ ਜਾਰੀ ‘ਸਟੇਟਸ ਕੋ‘ ਕਾਰਨ ਮੁਲਾਜ਼ਮਾਂ ਦੀਆਂ ਤਰੱਕੀਆਂ ਦਾ ਪੂਰਾ ਅਮਲ ਹੀ ‘ਠੱਪ‘ ਹੋ ਕੇ ਰਹਿ ਗਿਆ ਹੈ। ਸੁਪਰੀਮ ਕੋਰਟ ਦੇ ਜਸਟਿਸ ਆਦਰਸ਼ ਕੁਮਾਰ ਗੋਇਲ ਤੇ ਜਸਟਿਸ ਅਸ਼ੋਕ ਭੂਸ਼ਣ ‘ਤੇ ਆਧਾਰਿਤ ਵਕੇਸ਼ਨ (ਛੁੱਟੀਆਂ ਵਾਲੇ) ਬੈਂਚ ਨੇ ਕਿਹਾ ਕਿ ਕੇਂਦਰ ਉਤੇ ਕਾਨੂੰਨ ਮੁਤਾਬਕ ਤਰੱਕੀਆਂ ਕਰਨ ਦੀ ਕੋਈ ‘ਮਨਾਹੀ‘ ਨਹੀਂ ਹੈ, ਪਰ ਇਹ ਸਾਰਾ ਮਾਮਲਾ ਅਗਲੇਰੇ ਹੁਕਮਾਂ ਉਤੇ ਨਿਰਭਰ ਕਰੇਗਾ। ਬੈਂਚ ਨੇ ਕਿਹਾ, “ਇਹ ਸਾ.ਫ ਕੀਤਾ ਜਾਂਦਾ ਹੈ ਕਿ ਕੇਂਦਰ ਸਰਕਾਰ ਉਤੇ ਕਾਨੂੰਨ ਮੁਤਾਬਕ ਤਰੱਕੀਆਂ ਕਰਨ ਦੀ ਕੋਈ ਮਨਾਹੀ ਨਹੀਂ ਹੈ, ਪਰ ਉਹ ਇਸ ਮਾਮਲੇ ‘ਤੇ ਅਗਲੇਰੇ .ਫੈਸਲੇ ਉਤੇ ਮੁਨੱਸਰ ਕਰਨਗੀਆਂ।“ ਬੈਂਚ ਨੇ ਇਹ ਹੁਕਮ ਬੀਤੇ ਸਾਲ 23 ਅਗਸਤ ਨੂੰ ਦਿੱਲੀ ਹਾਈ ਕੋਰਟ ਵੱਲੋਂ ਦਿੱਤੇ .ਫੈਸਲੇ ਰਾਹੀਂ 16 ਨਵੰਬਰ, 1992 ਤੋਂ ਪੰਜ ਸਾਲਾਂ ਦੌਰਾਨ ਐੱਸਸੀ-ਐੱਸਟੀ ਵਰਗਾਂ ਦੇ ਮੁਲਾਜ਼ਮਾਂ ਨੂੰ ਤਰੱਕੀਆਂ ਵਿੱਚ ਰਾਖਵਾਂਕਰਨ ਦਿੱਤੇ ਜਾਣ ਦੀ ਕਾਰਵਾਈ ਨੂੰ ਰੱਦ ਕੀਤੇ ਜਾਣ ਖ਼ਿਲਾ.ਫ ਕੇਂਦਰ ਦੀ ਅਪੀਲ ਉਤੇ ਜਾਰੀ ਕੀਤੇ।

ਕੇਂਦਰ ਸਰਕਾਰ ਨੇ ਕਿਹਾ ਕਿ ਐੱਸਸੀ-ਐੱਸਟੀ ਮੁਲਾਜ਼ਮਾਂ ਨੂੰ ਤਰੱਕੀਆਂ ਵਿੱਚ ਰਾਖਵਾਂਕਰਨ ਦਿੱਤੇ ਜਾਣ ਦੇ ਮਾਮਲੇ ਉਤੇ ਪੰਜਾਬ ਤੇ ਹਰਿਆਣਾ, ਦਿੱਲੀ ਅਤੇ ਬੰਬੇ ਹਾਈ ਕੋਰਟਾਂ ਨੇ ਵੱਖੋ-ਵੱਖਰੇ .ਫੈਸਲੇ ਸੁਣਾਏ ਹਨ ਅਤੇ ਸੁਪਰੀਮ ਕੋਰਟ ਨੇ ਵੀ ਇਨ੍ਹਾਂ .ਫੈਸਲਿਆਂ ਖ਼ਿਲਾ.ਫ ਦਾਇਰ ਅਪੀਲਾਂ ਉਤੇ ਵੱਖੋ-ਵੱਖਰੇ ਹੁਕਮ ਜਾਰੀ ਕੀਤੇ ਹਨ। ਕੇਂਦਰ ਸਰਕਾਰ ਵੱਲੋਂ ਪੇਸ਼ ਐਡੀਸ਼ਨਲ ਸੌਲੀਸਿਟਰ ਜਨਰਲ ਮਨਿੰਦਰ ਸਿੰਘ ਨੇ ਸੁਣਵਾਈ ਦੌਰਾਨ ਸਰਕਾਰੀ ਨੌਕਰੀਆਂ ਵਿੱਚ ਤਰੱਕੀਆਂ ‘ਚ ਕੋਟੇ ਨਾਲ ਸਬੰਧਤ ਕਾਨੂੰਨਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਇਸ ਮਾਮਲੇ

ਬਾਕੀ ਸ.ਫਾ 23 ’ਤੇ

Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਬਟਾਲਾ ਪੁਲਿਸ ਵੱਲੋਂ ਦੋ ਹੋਰ ਸਿੱਖ ਨੌਜਵਾਨ ਗ੍ਰਿਫਤਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਵੱਡੇ ਦਾਅਵੇ ਕਰਦਿਆਂ 21 ਅਤੇ 26 ਸਾਲ ਦੀ ਉਮਰ ਦੇ ਦੋ ਨੌਜਵਾਨਾਂ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਗਈ ਹੈ। ਸਰਕਾਰੀ ਪ੍ਰੈਸ ਬਿਆਨ ਅਨੁਸਾਰ ਬਟਾਲਾ ਪੁਲਿਸ ਨੇ ਧਰਮਿੰਦਰ ਸਿੰਘ (21 ਸਾਲ) ਅਤੇ ਕ੍ਰਿਪਾਲ ਸਿੰਘ (26 ਸਾਲ) ਨੂੰ ਐਫਆਈਆਰ ਨੰ: 46, ਨੂੰ ਧਾਰਾ 307,438,427,148,149 ਆਈਪੀਸੀ ਅਧੀਨ ਥਾਣਾ ਰੰਗੜ ਨੰਗਲ, ਜ਼ਿਲ੍ਹਾ ਬਟਾਲਾ ਤੋਂ ਗ੍ਰਿਫਤਾਰ ਕੀਤਾ ਹੈ । ਪ੍ਰੈਸ ਬਿਆਨ ਅਨੁਸਾਰ ਇਹਨਾਂ ਦੋ ਨੌਜਵਾਨਾਂ ਤੋਂ ਇਲਾਵਾ ਇਕ ਹੋਰ ਨੌਜਵਾਨ ਰਵਿੰਦਰ ਸਿੰਘ ਉਰਫ ਰਾਜਾ ਪੁੱਤਰ ਸਾਧੂ ਸਿੰਘ ਵਾਸੀ ਦੌਲਤਪੁਰਾ, ਪੁਲਿਸ ਥਾਣਾ ਕਾਦੀਆਂ ਨੂੰ ਵੀ ਧਰਮਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਕੇਸ ਵਿਚ ਵੀ ਪੁਲਿਸ ਨੇ ਉਹ ਹੀ ਦਾਅਵੇ ਕੀਤੇ ਹਨ ਜੋ ਹੁਣ ਤਕ ਹਰ ਗ੍ਰਿਫਤਾਰੀ ਵੇਲੇ ਲਗਭਗ ਇਕੋ ਜਿਹੇ ਹੁੰਦੇ ਹਨ, ਜਿਵੇਂ ਗ੍ਰਿਫਤਾਰ ਨੌਜਵਾਨਾਂ ਕੋਲੋਂ ਖਾਲਿਸਤਾਨ ਸਬੰਧੀ ਲਿਖਤ ਸਮੱਗਰੀ ਮਿਲਣੀ, ਸਪਰੇਅ ਮਿਲਣੀ ਅਤੇ ਨਫਰਤੀ ਹਿੰਸਾ ਭੜਕਾਉਣ ਦੇ ਯਤਨ ਕਰਨੇ। ਪ੍ਰੈਸ ਬਿਆਨ ਅਨੁਸਾਰ, "ਇਨਾਂ ਦੋਵਾਂ ਨੂੰ ਹੋਰ ਵਿਦੇਸ਼ੀ ਤਾਕਤਾਂ ਤੋਂ ਬਿਨਾਂ ਗੁਰਪਤਵੰਤ ਸਿੰਘ ਪੰਨੂ , ਕਾਨੂੰਨੀ ਸਲਾਹਕਾਰ, ਸਿਖਜ਼ ਫਾਰ ਜਸਟਿਸ ਵੱਲੋਂ ਸਿਖਲਾਈ ਤੇ ਵਿੱਤੀ ਸਹਾਇਤਾ ਦਿੱਤੀ ਜਾਂਦੀ ਸੀ।"

ਪੰਜਾਬ ਪੁਲਿਸ ਦੇ ਦਾਅਵੇ ਅਨੁਸਾਰ ਪੁਲਿਸ ਨੇ ਜਾਮਾ ਤਲਾਸ਼ੀ ਦੌਰਾਨ ਧਰਮਿੰਦਰ ਸਿੰਘ ਕੋਲੋਂ 32 ਕੈਲੀਬਰ ਰਿਵਾਲਵਰ ਬਰਾਮਦ ਕੀਤਾ, ਜਦਕਿ ਕਿਰਪਾਲ ਸਿੰਘ ਦੇ ਘਰ ਦੀ ਤਲਾਸ਼ੀ ਦੌਰਾਨ ਪੁਲਿਸ ਨੂੰ ਇੱਕ .30 ਕੈਲੀਬਰ ਪਿਸਟਲ, ਸਿੱਖ ਰਿਫਰੈਂਡਮ-2020 ਸਬੰਧੀ ਪੋਸਟਰ, ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਤੇ ਰਿਫਰੈਂਡਮ-2020 ਦਾ ਸਟੈਂਸਲ ਅਤੇ ਸਪ੍ਰੇਅ ਪੇਂਟ ਦੀਆਂ ਬੋਤਲਾਂ ਹੱਥ ਲੱਗੀਆਂ।



ਪੁਲਿਸ ਵਲੋਂ ਦਿਖਾਈ ਗਈ ਬਰਾਮਦਗੀ ਅਤੇ ਗ੍ਰਿਫਤਾਰ ਕੀਤੇ ਗਏ ਨੌਜਵਾਨ

ਜ਼ਿਕਰਯੋਗ ਹੈ ਕਿ ਪੁਲਿਸ ਦੇ ਦਾਅਵੇ ਅਨੁਸਾਰ ਹਥਿਆਰ ਬਰਾਮਦਗੀ ਹੋਣ ਦੀ ਗੱਲ ਕਹੀ ਗਈ ਹੈ ਪਰ ਗ੍ਰਿਫਤਾਰ ਨੌਜਵਾਨਾਂ 'ਤੇ ਪਾਏ ਗਏ ਕੇਸ ਵਿਚ ਅਸਲਾ ਐਕਟ ਦੀ ਕਿਸੇ ਧਾਰਾ ਦਾ ਜ਼ਿਕਰ ਨਹੀਂ ਹੈ। ਐਫਆਈਆਰ ਅਨੁਸਾਰ ਧਾਰਾ 307 ਲਾਈ ਗਈ ਹੈ ਪਰ ਸਰਕਾਰੀ ਪ੍ਰੈਸ ਬਿਆਨ ਵਿਚ ਕਿਸੇ ਇਰਾਦਾ ਕਤਲ ਦਾ ਜ਼ਿਕਰ ਨਹੀਂ ਕੀਤਾ ਗਿਆ।

ਪ੍ਰੈਸ ਬਿਆਨ ਵਿਚ ਗੁਰਪਤਵੰਤ ਸਿੰਘ ਪਨੂੰ ਵਲੋਂ ਟਵੀਟ ਕੀਤੀ ਗਈ ਇਕ ਵੀਡੀਓ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਵਿਚ ਸਿੱਖਸ ਫਾਰ ਜਸਟਿਸ ਨਾਲ ਸਬੰਧਿਤ ਕੁਝ ਸੰਗਠਨਾਂ ਵਲੋਂ ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਧਮਕੀ ਦਿੱਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਹਲਾਂਕਿ ਬਿਆਨ ਵਿਚ ਇਹ ਸਾਫ ਨਹੀਂ ਹੈ ਕਿ ਇਹਨਾਂ ਗ੍ਰਿਫਤਾਰੀਆਂ ਅਤੇ ਉਸ ਵੀਡੀਓ ਵਿਚ ਕੋਈ ਸਬੰਧ ਹੈ ਜਾ ਨਹੀਂ ?

ਪ੍ਰੈਸ ਬਿਆਨ ਵਿਚ ਪਨੂੰ ਤੋਂ ਇਲਾਵਾ ਪਰਮਜੀਤ ਸਿੰਘ ਪੰਮਾ (ਯੂਕੇ), ਮਾਨ ਸਿੰਘ (ਯੂਕੇ) ਅਤੇ ਦੀਪ ਕੌਰ (ਮਲੇਸ਼ੀਆ) ਦਾ ਵੀ ਜ਼ਿਕਰ ਹੈ। ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ, "ਇਹਨਾਂ ਨੌਜਵਾਨਾਂ ਨੂੰ ਪੰਨੂ ਵੱਲੋਂ ਵਿੱਤੀ ਸਹਾਇਤਾ ਤੇ ਭੜਕਾਇਆ ਜਾ ਰਿਹਾ ਸੀ ਅਤੇ ਇਸ ਤੋਂ ਬਿਨਾਂ ਉਹ ਪਰਮਜੀਤ ਸਿੰਘ ਪੰਮਾ (ਯੂ.ਕੇ ), ਮਾਨ ਸਿੰਘ (ਯੂ.ਕੇ ), ਦੀਪ ਕੌਰ (ਮਲੇਸ਼ੀਆ ) ਦੇ ਵੀ ਸੰਪਰਕ ਵਿਚ ਸਨ ਤਾਂ ਜੋ ਹਿੰਸਕ ਗਤਿਵਿਧੀਆਂ ਨੂੰ ਅੰਜ਼ਾਮ ਦਿੱਤਾ ਜਾ ਸਕੇ ਅਤੇ ਆਈ.ਐਸ.ਆਈ ਦੇ ਸਹਿਯੋਗ ਨਾਲ ਵਿੱਢੀ ' ਲਿਬ੍ਰੇਸ਼ਨ ਆਫ ਪੰਜਾਬ 'ਨਾਂ ਦੀ ਵੱਖਵਾਦੀ ਲਹਿਰ ਨੂੰ ਭਾਰਤ ਵਿੱਚ ਹੋਰ ਹੁਲਾਰਾ ਮਿਲ ਸਕੇ।"

## ਜਾਅਲੀ ਮੈਡੀਕਲ ਕਲੇਮ ਕਰਨ ਦੇ ਦੋਸ਼ ਹੇਠ ਪੰਜਾਬੀ ਡਾਂਸਰ ਨੂੰ ਸਜ਼ਾ

**ਲੰਡਨ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਇੱਕ ਡੀਜੇ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ ਵਿੱਚ ਤਿੰਨ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਆਪਣੀਆਂ ਮਮੂਲੀ ਸੱਟਾਂ ਨੂੰ ਗੰਭੀਰ ਦਿਖਾ ਕੇ ਮੈਡੀਕਲ ਕਲੇਮ ਲੈਣ ਲਈ ਨੈਸ਼ਨਲ ਹੈਲਥ ਸਰਵਿਸ ਦੇ ਨਾਲ 837000 ਪੌਂਡਜ਼ ਤੋਂ ਵੱਧ ਦੀ ਧੋਖਾਧੜੀ ਦੀ ਕੋਸ਼ਿਸ਼ ਕੀਤੀ ਸੀ। ਸਨਦੀਪ ਸਿੰਘ ਅਟਵਾਲ ਜਿਸ ਨੂੰ ਸੰਨੀ ਵਜੋਂ ਵੀ ਜਾਣਿਆਂ ਜਾਂਦਾ ਹੈ ਜੋ ਫਿਲਮ ਡਾਂਸਰ ਤੇ ਕੋਰੀਅਰ ਵਜੋਂ ਕੰਮ ਕਰਦਾ ਸੀ, ਨੇ ਇਹ ਦਾਅਵਾ ਕੀਤਾ ਸੀ ਕਿ ਉਸ ਦੇ ਵੱਲੋਂ ਬਰਤਾਨੀਆਂ ਦੀ ਸਰਕਾਰੀ ਨੈਸ਼ਨਲ ਸਿਹਤ ਸੇਵਾਵਾਂ ਵੱਲੋਂ ਕਰਵਾਏ 'ਨਿਕੰਮੇ' ਇਲਾਜ ਕਾਰਨ ਉਹ ਸਦਾ ਦੇ ਲਈ ਨਕਾਰਾ ਹੋ ਗਿਆ ਹੈ ਉਸ ਦਾ ਰੁਜ਼ਗਾਰ ਖੁੱਸ ਗਿਆ ਹੈ ਅਤੇ ਉਹ ਦੂਜਿਆਂ ਉੱਤੇ ਨਿਰਭਰ ਹੋ ਕੇ ਰਹਿ ਗਿਆ ਹੈ ਪਰ ਸਿਹਤ ਸੇਵਾਵਾਂ ਦੇ ਮੁਲਾਜ਼ਮਾਂ ਨੇ ਉਸ ਨੂੰ ਚੋਰੀ ਕੰਮ ਕਰਦੇ ਨੂੰ ਫੜ ਲਿਆ ਸੀ। ਉਸਨੂੰ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ ਅਤੇ ਸ਼ੁੱਕਰਵਾਰ ਨੂੰ ਹਾਈ ਕੋਰਟ ਨੇ ਸਜ਼ਾ ਸੁਣਾਈ ਸੀ। ਹਾਈ ਕੋਰਟ ਦੇ ਜਸਟਿਸ ਸਪੈਂਸਰ ਨੇ ਸੰਨੀ ਨੂੰ ਸਜ਼ਾ ਸੁਣਾਉਂਦਿਆਂ ਕਿਹਾ ਸੀ ਕਿ ਹਾਈ ਕੋਰਟ ਅਜਿਹੇ ਅਪਰਾਧਾਂ ਨੂੰ ਗੰਭੀਰਤਾ ਦੇ ਨਾਲ ਲੈਂਦਾ ਹੈ ਤੇ ਜੇ ਕੋਈ ਝੂਠੇ ਦਾਅਵੇ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਲਾਜ਼ਮੀ ਤੌਰ ਉੱਤੇ ਜੇਲ੍ਹ ਜਾਣਾ ਪਵੇਗਾ।

# ਪੰਜਾਬ ਦੀਆਂ ਪੰਜ ਕਿਸਾਨ ਯੂਨੀਅਨਾਂ ਵੱਲੋਂ ਅੱਧਵਾਟੇ ਹੀ ਅੰਦੋਲਨ ਵਾਪਸ ਲੈਣ ਦਾ ਫ਼ੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਨੇ ਸ਼ਹਿਰਾਂ ਤੇ ਕਸਬਿਆਂ ਨੂੰ ਦੁੱਧ ਤੇ ਸਬਜ਼ੀਆਂ ਦੀ ਸਪਲਾਈ ਬੰਦ ਕੀਤੇ ਜਾਣ ਕਾਰਨ ਦੋਧੀਆਂ ਤੇ ਹੋਰਨਾਂ ਨਾਲ ਵਧ ਰਹੇ ਟਕਰਾਅ ਦੇ ਮੱਦੇਨਜ਼ਰ ਅੰਦੋਲਨ ਵਾਪਸ ਲੈਣ ਦਾ ਫੈਸਲਾ ਕੀਤਾ ਹੈ, ਪਰ ਦੇਸ਼ ਦੇ ਬਾਕੀ ਸੂਬਿਆਂ ਵਿੱਚ ਰਾਸ਼ਟਰੀ ਕਿਸਾਨ ਮਹਾਂਸੰਘ ਦੇ ਸੱਦੇ 'ਤੇ ਸਪਲਾਈ ਬੰਦ ਰਹੇਗੀ। ਇਸ ਫ਼ੈਸਲੇ ਨਾਲ ਜਿੱਥੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ, ਉਥੇ ਸਪਲਾਈ ਬੰਦ ਕੀਤੇ ਜਾਣ ਕਰਕੇ ਕਿਸਾਨਾਂ ਤੇ ਦੋਧੀਆਂ ਵਿਚਾਲੇ ਵਧ ਰਹੇ ਟਕਰਾਅ ਨੂੰ ਠੱਲ੍ਹ ਪਏਗੀ।

ਯਾਦ ਰਹੇ ਕਿ ਕਿਸਾਨਾਂ ਦੀ ਮੰਦਹਾਲੀ ਦਾ ਹੱਲ ਕੱਢਣ, ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਰੋਕਣ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਵਰਗੇ ਮੁੱਦਿਆਂ ਨੂੰ ਲੈ ਕੇ ਰਾਸ਼ਟਰੀ ਕਿਸਾਨ ਮਹਾਂਸੰਘ ਨੇ ਇਕ ਤੋਂ 10 ਜੂਨ ਤਕ ਸ਼ਹਿਰਾਂ ਤੇ ਕਸਬਿਆਂ ਨੂੰ ਦੁੱਧ ਤੇ ਸਬਜ਼ੀਆਂ ਦੀ ਸਪਲਾਈ ਰੋਕਣ ਦਾ ਫੈਸਲਾ ਕੀਤਾ ਸੀ। ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਲੱਖੋਵਾਲ, ਰਾਜੇਵਾਲ, ਕਾਦੀਆਂ ਅਤੇ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਆਗੂਆਂ ਦੀ ਪ੍ਰੋਗਰੈਸਿਵ ਡੇਅਰੀ ਫਾਰਮਿੰਗ ਐਸੋਸੀਏਸ਼ਨ ਦੇ ਆਗੂਆਂ ਨਾਲ ਲੁਧਿਆਣਾ ਵਿੱਚ ਮੀਟਿੰਗ ਹੋਈ, ਜਿਸ ਵਿਚ ਕਿਸਾਨਾਂ ਦੇ ਦੋਧੀਆਂ ਅਤੇ ਹੋਰਾਂ ਨਾਲ ਵਧ ਰਹੇ ਟਕਰਾਅ ਦਾ ਜਾਇਜ਼ਾ ਲਿਆ ਗਿਆ। ਐਸੋਸੀਏਸ਼ਨ ਦੇ ਪ੍ਰਤੀਨਿਧਾਂ ਨੇ ਕਿਸਾਨ ਆਗੂਆਂ ਨੂੰ ਦੱਸਿਆ ਕਿ ਉਹ ਦੁੱਧ ਦੀ ਸਪਲਾਈ ਨੂੰ ਦੋ ਦਿਨ ਤੋਂ ਵੱਧ ਰੋਕ ਨਹੀਂ ਸਕਦੇ ਕਿਉਂਕਿ ਉਨ੍ਹਾਂ ਕੋਲ ਦੁੱਧ ਰੱਖਣ ਲਈ ਕੋਈ ਸਾਧਨ ਨਹੀਂ ਹਨ। ਉਨ੍ਹਾਂ ਕਿਹਾ ਕਿ ਕਿਸੇ ਡੇਅਰੀ ਵਾਲੇ ਕੋਲ ਦਸ ਕੁਇੰਟਲ ਦੁੱਧ ਹੈ ਤੇ ਕਿਸੇ ਕੋਲ ਵੀਹ ਕੁਇੰਟਲ, ਉਪਰੋਂ ਗਰਮੀ ਦਾ ਮੌਸਮ ਹੈ। ਜੇਕਰ ਇਸ ਮਸਲੇ ਦਾ ਹੱਲ ਨਾ ਕੱਢਿਆ ਗਿਆ ਤਾਂ ਡੇਅਰੀ ਦਾ ਧੰਦਾ ਕਰਨ ਵਾਲੇ ਕਿਸਾਨਾਂ ਦਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਦੋ ਦਿਨ ਤੋਂ ਵੱਧ ਦੁੱਧ ਦੀ ਸਪਲਾਈ ਬੰਦ ਰੱਖਣ ਦੇ ਮਾਮਲੇ ਵਿੱਚ ਸਾਥ ਨਹੀਂ ਦੇ ਸਕਦੇ।

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਚਾਰ ਕੀਤੀ ਗਈ ਕਿ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਸ਼ਾਂਤਮਈ ਅੰਦੋਲਨ ਨੂੰ ਹਿੰਸਕ ਰੂਪ ਦੇਣ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅੰਦੋਲਨ ਦੀ ਸਫਲਤਾ ਨੂੰ ਵੇਖ ਕੇ ਬੁਖਲਾਹਟ ਵਿੱਚ ਆ ਗਈ ਸੀ ਅਤੇ ਇਸ ਨੂੰ ਤਾਰਪੀਡੋ ਕਰਨ ਲਈ ਸਾਜ਼ਿਸ਼ਾਂ ਰਚ ਰਹੀ ਸੀ। ਉਨ੍ਹਾਂ ਦੱਸਿਆ ਕਿ ਦੋਰਾਹਾ ਵਿੱਚ ਇਕ ਦੋਧੀ ਨੇ

ਬਾਕੀ ਸਫ਼ਾ 23 'ਤੇ



## ਪਰਮਜੀਤ ਸਿੰਘ ਮਰਵਾਹ ਨੂੰ ਸਦਮਾ

### *ਮਾਤਾ ਜੀ ਰਣਜੀਤ ਕੌਰ ਦਾ ਦੇਹਾਂਤ*

### ਭੋਗ ਅਤੇ ਅੰਤਮ ਅਰਦਾਸ 08 ਜੂਨ ਨੂੰ

**ਸਟਾਕਟਨ/ਹਰਜਿੰਦਰ ਪੰਧੇਰ :** ਪੰਜਾਬੀ ਰੰਗ ਮੰਚ ਦੇ ਉੱਘੇ ਕਲਾਕਾਰ, ਸਾਫ ਸੁਥਰੀ ਤੇ ਲੋਕ ਹਿਤੈਸ਼ੀ ਗੀਤ ਸੰਗੀਤ ਦੀ ਮਸ਼ਾਲ ਨੂੰ ਸਦਾ ਬਲਦੀ ਰੱਖਣ ਵਾਲੇ,ਪੰਜਾਬੀ ਸਾਹਿਤ ਸਭਾ ਸਟਾਕਟਨ



ਦੇ ਸਰਗਰਮ ਮੈਂਬਰ, ਪਰਮਜੀਤ ਸਿੰਘ ਮਰਵਾਹ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦੋਂ 30 ਮਈ ਨੂੰ ਉਨ੍ਹਾਂ ਦੇ ਮਾਤਾ ਜੀ ਰਣਜੀਤ ਕੌਰ 90 ਵਰ੍ਹਿਆਂ ਦੀ ਲੰਬੀ ਉਮਰ ਭੋਗ ਕੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਜੀਵਨ ਦੇ ਆਖਰੀ ਵਰ੍ਹਿਆਂ ਦੌਰਾਨ ਉਹ ਆਪਣੇ ਛੋਟੇ ਪੁੱਤਰ ਮਨਵਿੰਦਰ ਨਾਲ ਅੰਮ੍ਰਿਤਸਰ ਰਹਿ ਰਹੇ ਸਨ। ਸੰਯੋਗ ਦੀ ਗੱਲ ਹੈ ਕਿ ਜਿਸ ਵੇਲੇ ਇਹ ਭਾਣਾ ਵਰਤਿਆ ਉਸ ਵੇਲੇ ਪਰਮਜੀਤ ਤੇ ਰੇਣੂੰ ਸਿੰਘ ਦੀ ਜੋੜੀ ਡੈਨਵਰ ਵਿਖੇ ਹੋ ਰਹੇ ਅੰਤਰਰਾਸ਼ਟਰੀ ਸਭਿਆਚਾਰਕ ਸਮਾਰੋਹ ਵਿਚ ਮਾਵਾਂ ਨੂੰ ਸਮਰਪਿਤ ਇੱਕ ਸੰਵੇਦਨਸ਼ੀਲ ਗੀਤ ਗਾ ਰਹੇ ਸਨ। ਪਰਮਜੀਤ ਨੂੰ ਗੀਤ ਸੰਗੀਤ ਦੀ ਚੇਟਕ ਵੀ ਉਨ੍ਹਾਂ ਦੀ ਮਾਤਾ ਕੋਲੋਂ ਹੀ ਵਿਰਸੇ ਵਿੱਚ ਮਿਲੀ ਅਣਮੋਲ ਸੌਗਾਤ ਹੈ, ਜਿਸ ਨੂੰ ਬਾਅਦ ਵਿੱਚ ਗੁਰਸ਼ਰਨ ਭਾਅ ਜੀ ਨੇ ਲੋਕ ਕਲਿਆਣਕਾਰੀ ਸਾਣ ਤੇ ਚਾੜ੍ਹਿਆ।

ਮਾਤਾ ਰਣਜੀਤ ਕੌਰ ਜੀ ਨਮਿਤ ਭੋਗ ਅਤੇ ਅੰਤਮ ਅਰਦਾਸ ਮਿਤੀ 08 ਜੂਨ 2018 ਦਿਨ ਸ਼ੁੱਕਰਵਾਰ ਨੂੰ ਦੁਪਹਿਰ ਇੱਕ ਵਜੇ ਅੰਮ੍ਰਿਤਸਰ ਦੇ ਸਿੰਘ ਸਭਾ ਗੁਰਦਵਾਰਾ ਸਾਹਿਬ ਰਣਜੀਤ ਪੁਰਾ ਵਿਖੇ ਹੋਵੇਗੀ। ਇਸ ਗ਼ਮਗ਼ੀਨ ਮੌਕੇ ਦੀ ਘੜੀ ਉਤੇ ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਹੋਰ ਦੋਸਤ ਮਿੱਤਰ ਮਰਵਾਹਾ ਪਰਿਵਾਰ ਨਾਲ ਸਮੂਹਕ ਤੌਰ 'ਤੇ ਦੁੱਖ ਸਾਂਝਾ ਕਰਦੇ ਹਨ।

## ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ





**ਲਾਸ ਏਂਜਲਸ/ਬਿਊਰੋ ਨਿਊਜ਼ :** ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ ਲਾਸ ਏਂਜਲਸ ਦੇ ਹਾਲੀਵੁੱਡ ਸਿੱਖ ਗੁਰਦੁਆਰਾ, ਵਰਮੌਂਟ ਵਿਖੇ ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ 3 ਜੂਨ ਨੂੰ ਬਹੁਤ ਹੀ ਧੂਮ-ਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸੇਵਾਦਾਰ ਸੰਤੋਖ ਸਿੰਘ ਅਤੇ ਹਰਭਜਨ ਸਿੰਘ ਨੇ ਦੱਸਿਆ ਕਿ 01 ਜੂਨ ਨੂੰ ਸ੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਗਏ ਅਤੇ 03 ਜੂਨ 2018 ਨੂੰ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਇਸ ਮੌਕੇ ਭਾਈ ਭੁਪਿੰਦਰ ਸਿੰਘ ਰੰਗੀਲਾ ਚੰਡੀਗੜ੍ਹ ਵਾਲਿਆਂ ਦਾ ਜਥਾ, ਭਾਈ ਰਵਿੰਦਰ ਸਿੰਘ ਰਸੀਆ ਦਾ ਜਥਾ, ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ, ਭਾਈ ਅਜੀਤ ਸਿੰਘ ਦਾ ਜਥਾ ਅਤੇ ਹੋਰ ਮਹਾਨ ਕੀਰਤਨੀ ਜਥਿਆਂ ਨੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਤਿੰਨੇ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਿਆ। ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ ਵਲੋਂ ਇਸ ਮਹਾਨ ਸਮਾਗਮ ਵਿਚ ਪਹੁੰਚੀਆਂ ਸਮੂੰਹ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

## ਰਣਜੀਤ ਬਾਵਾ ਤੇ ਅਨਮੋਲ ਗਗਨ ਮਾਨ, ਮਿਲਪੀਟਸ ਦੇ ਪੰਜਾਬੀ ਫੋਕ ਸ਼ੋਅ 'ਚ 22 ਜੂਨ ਨੂੰ ਲਾਉਣਗੇ ਰੌਣਕਾਂ

**ਸੈਨ ਹੋਜ਼ੇ/ਬਿਊਰੋ ਨਿਊਜ਼:** ਉੱਘੇ ਪੰਜਾਬੀ ਗਾਇਕ ਤੇ ਖਿੰਦੋ ਖੂੰਡੀ ਫਿਲਮ ਦੇ ਨਾਇਕ ਰਣਜੀਤ ਬਾਵਾ, ਅਨਮੋਲ ਗਗਨ ਮਾਨ ਤੇ ਸਾਥੀ ਗਾਇਕ ਕਲਾਕਾਰਾਂ ਦੇ 22 ਜੂਨ 2018 ਨੂੰ ਮਿਲਪੀਟਸ ਵਿੱਚ ਕਰਵਾਏ ਜਾਣ ਵਾਲੇ ਪੰਜਾਬੀ ਫੋਕ ਸ਼ੋਅ (ਮਿੱਟੀ ਦਾ ਬਾਵਾ ਤੇ ਪੰਜਾਬੀ ਲਾਈਵ) ਲਈ ਦਰਸ਼ਕਾਂ ਤੇ ਸਰੋਤਿਆਂ ਵਿੱਚ ਭਾਰੀ ਉੱਤਸ਼ਾਹ ਪਾਇਆ ਜਾ ਰਿਹਾ ਹੈ। ਬਰਾਈਟ ਬਰੇਨ ਐਂਡ ਜਾਦੂ ਟੀਵੀ, ਮਨਦੀਪ ਤੇ ਕਿਮ ਦਿਓਲ ਤੇ ਚਰਨਜੀਤ ਉੱਪਲ ਦੀ ਤਰਫੋਂ ਪੰਜਾਬੀ ਗਾਇਕੀ ਦਾ ਇਹ ਰੰਗਾ ਰੰਗ ਪ੍ਰੋਗਰਾਮ 22 ਜੂਨ ਸ਼ੁਕਰਵਾਰ ਨੂੰ ਸ਼ਾਮੀਂ 8:00 ਵਜੇ ਤੋਂ ਦੇਰ ਰਾਤੀਂ ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਕਰਵਾਇਆ ਜਾਣਾ ਹੈ।

ਪ੍ਰੋਗਰਾਮ ਲਈ ਟਿਕਟਾਂ ਇਸ ਤਰ੍ਹਾਂ ਹਨ: $50, $75, 100$ ਤੋਂ ਇਲਾਵਾ VIP ਟਿਕਟਾਂ ਆਨ ਲਾਇਨ ਖਰੀਦਣ ਲਈ : Ticketmaster.com, Sulekha.com, TicketHungama.com, Brightbrain.cvents 'ਤੇ ਲਾਗ ਆਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਜੈ ਸਿੰਘ-510-677-2777,
ਕਿਮ ਦਿਓਲ : 510-760-0970, ਡਾ.ਉਪਲ: 510-432-2375 ਅਤੇ
ਮਨਦੀਪ ਬਾਜਵਾ : 925-922-2043




ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CIS
CALIFORNIA
IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ 34ਵੀਂ ਵਰ੍ਹੇ ਗੰਢ ਕੈਨੇਡਾ ਦੀ ਪਾਰਲੀਮੈਂਟ 'ਤੇ ਮਨਾਈ

**ਔਟਵਾ/ਬਿਊਰੋ ਨਿਊਜ਼ :** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਪਰ ਭਾਰਤ ਦੀ ਸਰਕਾਰ ਵਲੋਂ ਕੀਤੇ ਫੌਜੀ ਹਮਲੇ ਦੀ 34ਵੀਂ ਵਰੇ ਗੰਢ ਦੇ ਮੌਕੇ ਕੈਨੇਡਾ ਦੀ ਸੰਗਤ ਵਲੋਂ ਕਨੇਡੀਅਨ ਪਾਰਲੀਮੈਂਟ ਹਿੱਲ ਤੇ "84 ਰੀਮੈਂਬਰੈਂਸ ਡੇਅ ਫਾਰ ਸਾਵਰਨਟੀ" ਸਿਰਲੇਖ ਹੇਠ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਯਾਦਗਾਰੀ ਇਕੱਠ ਵਿੱਚ ਟੋਰਾਂਟੋ ਅਤੇ ਮਾਂਟਰੀਅਲ ਤੋਂ ਵੱਡੀ ਤਾਦਾਦ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ।





ਔਟਵਾ ਸਿੱਖ ਸੁਸਾਇਟੀ ਤਰਫੋਂ ਸਾਬਕਾ ਪ੍ਰਧਾਨ ਬਲਰਾਜ ਸਿੰਘ ਢਿਲੋਂ ਨੇ ਸ਼ੁਰੂਆਤੀ ਵਿਚਾਰ ਦਿੱਤੇ ਜਿਸ ਵਿੱਚ ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਭਾਰਤ ਸਰਕਾਰ ਨੇ ਕਈ ਵੱਖ ਵੱਖ ਫਿਰਕੇ ਖੜੇ ਕਰ ਦਿੱਤੇ ਸਨ ਤਾਂ ਕਿ ਸਿੱਖਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕੀਤਾ ਜਾ ਸਕੇ। ਬੀਬੀ ਮਲਕੀਤ ਸਿੰਘ ਅਤੇ ਸਾਥਣ ਬੀਬੀ ਜੀ ਨੇ ਇੱਕ ਭਾਵਨਾਤਮਿਕ ਕਵਿਤਾ "ਜ਼ਖਮ ਚੌਰਾਸੀ ਵਾਲੇ ਦਿੱਲੀਏ ਕਿਵੇਂ ਭੁਲਾਈਏ ਨੀਂ" ਸਾਂਝੀ ਕਰਕੇ ਸਮੂਹ ਲੋਕਾਂ ਨੂੰ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਕਹਿਰ ਨਾਲ ਜੋੜ ਦਿੱਤਾ।

ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਮਾਂਟਰੀਅਲ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਖੇਲਾ ਨੇ ਬੜੀ ਜਜ਼ਬਾਤੀ ਤਕਰੀਰ ਦਿੰਦਿਆਂ ਕਿਹਾ ਕਿ ਸਾਲ ਵਿੱਚ ਇੱਕ ਵਾਰ ਸ਼ਨੂੰ ਯਾਦ ਕਰਨ ਨਾਲ ਗੱਲ ਨਹੀਂ ਬਣਨੀ। ਸਾਨੂੰ ਸ਼ਹੀਦਾਂ ਦੀ ਸੋਚ ਤੇ ਕ੍ਰਿਆਵਾਦੀ ਬਣ ਕੇ ਪਹਿਰਾ ਦੇਣਾ ਪਵੇਗਾ। ਖਾਲਿਸਤਾਨ ਦੇ ਸੰਘਰਸ਼ ਨਾਲ ਲੰਮੇ ਸਮ੍ਹੇਂ ਤੋਂ ਜੁੜੇ ਭਾਈ ਖੇਲਾ ਨੇ ਉਨਟਾਰੀਓ ਅਤੇ ਕਿਊਬਿਕ ਦੀ

ਬਾਕੀ ਸਫ਼ਾ 32 'ਤੇ

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਵੱਲੋਂ ਜਥੇਦਾਰ ਮੰਡ ਦੇ ਮੋਰਚੇ ਦੀ ਹਮਾਇਤ

**ਨਿਊਯਾਰਕ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਂਦ ਵਲੋਂ ਬਰਗਾੜੀ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਮੁਜ਼ਾਹਰਾ ਕਰ ਰਹੀਆਂ ਸੰਗਤਾਂ ਤੇ ਗੋਲੀਆਂ ਚਲਾ ਕੇ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਕਰਮਚਾਰੀਆਂ ਨੂੰ ਸਜਾ ਦਿਵਾਉਣ, ਪਵਿੱਤਰ ਬੀੜਾਂ ਦੀ ਬੇਅਦਬੀ ਕਰਨ ਤੇ ਕਰਵਾਉਣ ਵਾਲਿਆਂ ਨੂੰ ਲੱਭ ਕੇ ਸਜਾ ਦਿਵਾਉਣ, ਲੰਬੇ ਸਮੇਂ ਤੋਂ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀ ਰਿਹਾਈ ਅਤੇ ਪੰਜਾਬ ਤੋਂ ਬਾਹਰਲੀਆਂ ਜੇਲਾਂ ਵਿੱਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲਾਂ ਵਿੱਚ ਤਬਦੀਲ ਕਰਵਾਉਣ ਦੇ ਮਤਿਆਂ ਨੂੰ ਲੈ ਕੇ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਲਗਾਏ ਗਏ ਮੋਰਚੇ ਦੀ ਹਮਾਇਤ ਕੀਤੀ ਗਈ ਹੈ।



ਗੌਰਤਲਬ ਹੈ ਕਿ ਬਰਗਾੜੀ ਵਿਖੇ ਸਰਬੱਤ ਖਾਲਸੇ ਵਲੋਂ ਥਾਪੇ ਜਥੇਦਾਰ ਸਹਿਬਾਨਾਂ ਵਲੋਂ ਇਕ ਭਾਰੀ ਪੰਥਕ ਇਕੱਠ ਸੱਦਿਆ ਗਿਆ ਸੀ, ਜਿਸ ਵਿੱਚ ਸਮੂਹ ਪੰਥਕ ਜਥੇਬੰਦੀਆਂ, ਸੰਪਦਾਵਾਂ, ਸਿਆਸੀ ਧਿਰਾਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ। ਸਾਰੀਆਂ ਧਿਰਾਂ ਨੇ ਕਿਹਾ ਕਿ ਇਨ੍ਹਾਂ ਮੱਤਿਆਂ ਨੂੰ ਲਾਗੂ ਕਰਵਾਉਣ ਲਈ ਸਿੰਘ ਸਹਿਬਾਨ ਸਾਨੂੰ ਜੋ ਵੀ ਪ੍ਰੋਗਰਾਮ ਦੇਣਗੇ ਅਸੀ ਉਸ ਤੇ ਪੂਰੀ ਇਮਾਨਦਾਰੀ ਨਾਲ ਪਹਿਰਾ ਦਿਆਂਗੇ।ਸਮਾਗਮ ਦੀ ਸਮਾਪਤੀ ਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਧਿਆਨ ਸਿੰਘ ਮੰਡ ਨੇ ਅਗਲੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਮੈਂ ਅੱਜ ਤੋਂ ਇਥੋਂ ਮੋਰਚਾ ਸ਼ੁਰੂ ਕਰਦਾਂ ਹਾਂ ਕਿ ਜਿੰਨਾ ਚਿਰ ਸਾਡੀਆਂ ਐਲਾਨੀਆਂ ਗਈਆਂ ਮੰਗਾਂ ਸਰਕਾਰਾਂ ਨਹੀਂ ਮੰਨਦੀਆਂ ਮੈਂ ਓਨਾ ਚਿਰ ਇਥੋ ਨਹੀ ਉਠਾਂਗਾ। ਇਸ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪਰਵਾਨਗੀ ਦਿੱਤੀ ਤੇ ਜਥੇਦਾਰ ਸਾਹਿਬ ਨੇ ਉਥੇ ਹੀ ਬਰਗਾੜੀ ਚ ਮੋਰਚਾ ਸ਼ੁਰੂ ਕਰ ਦਿੱਤਾ। ਬੂਟਾ ਸਿੰਘ ਖੜੌਂਦ ਨੇ ਕਿਹਾ ਕਿ ਅਸੀਂ ਅਮਰੀਕਾ ਦੀਆਂ ਸਮੂਹ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਇਸ ਮੋਰਚੇ ਦੀ ਪੁਰਜੋਰ ਹਮਾਇਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਕੌਮ ਨੂੰ ਇਨਸਾਫ ਜ਼ੂਰ ਮਿਲੇਗਾ। ਉਨ੍ਹਾਂ ਕਿਹਾ ਕਿ ਜਥੇਦਾਰ ਧਿਆਨ ਸਿੰਘ ਮੰਡ ਇਕ ਉਹ ਇਨਸਾਨ ਹਨ ਜਿਨਾਂ ਦੇ ਆਪਣੇ ਪਰਿਵਾਰ ਦੇ ਕਈ ਜੀਅ ਸ਼ੰਘਰਸ਼ ਦੀ ਝੋਲੀ ਚ ਪੈ ਚੁੱਕੇ ਹਨ ਤੇ ਆਪ ਨੇ ਵੀ ਆਪਣੇ ਪਿੰਡੇ 'ਤੇ ਸ਼ੰਘਰਸ਼ ਦੇ ਸੇਕ ਨੂੰ ਹੰਢਾਇਆ ਹੋਇਆ ਹੈ। ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਨਾਂ ਵਲੋਂ ਸ਼ੁਰੂ ਕੀਤਾ ਗਿਆ ਮੋਰਚਾ ਸਫਲਤਾ ਸਹਿਤ ਪੂਰਾ ਹੋਵੇ ਤੇ ਪੰਜਾਬ ਵਾਸੀਆਂ ਨੂੰ ਪੁਰਜੋਰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਮੋਰਚੇ ਦਾ ਹਿੱਸਾ ਬਣ ਕੇ ਸਰਕਾਰ ਨੂੰ ਮੰਗਾਂ ਮਨਾਉਣ ਲਈ ਮਜਬੂਰ ਕਰ ਦਿਓ।

# ਪ੍ਰਸਿੱਧ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ ਦਿਵਾਇਆ ਪੰਜਾਬ ਦੇ ਕਲਾਕਾਰਾਂ ਨੂੰ ਪੀ-3 ਵੀਜ਼ਾ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਪਿਛਲੇ 23 ਸਾਲਾ ਤੋਂ ਇੰਮੀਗ੍ਰੇਸ਼ਨ ਸ਼ੇਵਾਵਾਂ ਅਤੇ ਅਮਰੀਕਾ 'ਚ ਸ਼ੋਅ ਕਰਨ ਵਾਸਤੇ ਕਲਾਕਾਰਾਂ ਨੂੰ ਵੀਜ਼ਾ ਦੁਆਉਣ ਲਈ ਪ੍ਰਸਿੱਧ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ ਆਪਣੀਆਂ ਵਕਾਲਤੀ ਪ੍ਰਾਪਤੀਆਂ ਵਿੱਚ ਹੋਰ ਵਾਧਾ ਕਰਦੇ ਹੋਏ ਪੰਜਾਬ ਦੇ ਨਾਮੀ ਕਲਾਕਾਰਾਂ ਕੁਲਵਿੰਦਰ ਬਿੱਲਾ, ਰਣਜੀਤ ਬਾਵਾ, ਅਨਮੋਲ ਗਗਨ ਮਾਨ, ਸੁਖਛਿੰਦਰ ਛਿੰਦਾ, ਰਾਜਵੀਰ ਜਵੰਦਾ, ਨਿਮਰਤ ਖਹਿਰਾ, ਸ਼ਿਵਜੋਤ ਅਤੇ ਜੈਨੀ ਜੌਹਲ ਨੂੰ ਅਮਰੀਕਾ ਵਿਚ ਗਾਇਕੀ ਸ਼ੋਅ ਕਰਨ ਵਾਸਤੇ ਪੀ-3 ਵੀਜ਼ਾ ਦੁਆਉਣ 'ਚ ਸਫਲਤਾ ਹਾਸਲ ਕੀਤੀ ਹੈ। ਇਸੇ ਤਰ੍ਹਾਂ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ 9 ਹੋਰ ਲੋਕਾਂ ਨੂੰ ਰਾਜਸੀ ਸ਼ਰਨ ਦੁਆਉਣ ਦਾ ਵੀ ਮਾਅਰਕਾ ਮਾਰਿਆ ਹੈ, ਜਿਨਾਂ 'ਚ ਕਮਲਜੀਤ ਸਿੰਘ, ਗੁਰਮੀਤ ਸਿੰਘ, ਗੁਰਜਿੰਦਰ ਸਿੰਘ, ਸੁਖਜਿੰਦਰ ਸਿੰਘ, ਸਾਹਿਲ ਭੰਡਾਰੀ, ਸਿਮਰਨਪ੍ਰੀਤ ਕੌਰ, ਵਿਨੈ ਕੁਮਾਰ, ਮਨਪ੍ਰੀਤ ਸਿੰਘ ਰਾਏ ਅਤੇ ਮੈਮਿੰਡਲਪੱਲੀ ਦੇ ਨਾਂ ਸ਼ਾਮਲ ਹਨ।



# ਭਾਰਤੀ ਬਿਨੈਕਾਰਾਂ ਦੀਆਂ ਵੱਡੀ ਗਿਣਤੀ ਵੀਜ਼ਾ ਅਰਜ਼ੀਆਂ ਰੱਦ

**ਆਕਲੈਂਡ/ਬਿਊਰੋ ਨਿਊਜ਼ :** ਨਿਊਜ਼ੀਲੈਂਡ ਵਿੱਚ ਇਮੀਗ੍ਰੇਸ਼ਨ ਸਲਾਹਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਬਿਨੈਕਾਰਾਂ ਦੀਆਂ ਵੱਡੀ ਗਿਣਤੀ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ ਇਹ ਕਿਹਾ ਜਾਣਾ ਕਿ ਉਹ ਭਾਰਤੀਆਂ ਨੂੰ ਨਿਸ਼ਾਨੇ 'ਤੇ ਨਹੀਂ ਰੱਖਦੀ, ਸਰਾਸਰ ਗਲਤ ਹੈ। ਅੰਕੜਿਆਂ ਅਨੁਸਾਰ ਮਾਲਕਾਂ ਦੀ ਮੱਦਦ ਨਾਲ ਮਿਲਣ ਵਾਲੇ ਵਰਕ ਵੀਜ਼ਾ ਦੀ ਸ਼੍ਰੇਣੀ ਵਿੱਚ ਰੱਦ ਕੀਤੀਆਂ ਅਰਜ਼ੀਆਂ ਵਿੱਚ 14 ਫੀਸਦੀ ਭਾਰਤੀ ਮੂਲ ਦੇ ਬਿਨੈਕਾਰਾਂ ਦੀਆਂ ਅਰਜ਼ੀਆਂ ਹਨ ਜਦਕਿ ਚੀਨੀ ਮੂਲ ਦੇ ਵਿਅਕਤੀਆਂ ਦੀਆਂ ਅਰਜ਼ੀਆਂ ਦੀ ਗਿਣਤੀ ਸਿਰਫ ਚਾਰ ਫ਼ੀਸਦੀ ਹੈ। ਇੱਕ ਹੋਰ ਇਮੀਗ੍ਰੇਸ਼ਨ ਵਕੀਲ ਦਾ ਇਹ ਵੀ ਦਾਅਵਾ ਹੈ ਕਿ ਇਮੀਗ੍ਰੇਸ਼ਨ ਦੀ ਇਸ ਗਲਤ ਨੀਤੀ ਕਾਰਨ ਇਸ ਸ਼੍ਰੇਣੀ ਵਿੱਚ ਅਰਜ਼ੀਆਂ ਲਾਉਣ ਵਾਲੇ ਭਾਰਤੀਆਂ ਨੂੰ ਕਾਫੀ ਔਖ ਵਿੱਚੋਂ ਨਿਕਲਣਾ ਪੈ ਰਿਹਾ ਹੈ ਕਿਉਂਕਿ ਬਿਨਾਂ ਕਿਸੇ ਕਾਰਨ ਉਨ੍ਹਾਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ।ਜ਼ਿਕਰਯੋਗ ਹੈ ਕਿ ਅਸੈਂਸ਼ੀਅਲ ਸਕਿੱਲਡ ਵਰਕ ਵੀਜ਼ਾ ਸ਼੍ਰੇਣੀ ਤਹਿਤ ਰੱਦ ਹੋਣ ਵਾਲੀਆਂ ਅਰਜ਼ੀਆਂ ਵਿੱਚ 19 ਫੀਸਦੀ ਭਾਰਤੀ ਉਮੀਦਵਾਰ ਸ਼ਾਮਲ ਸਨ। ਇਸ ਵਰਗ ਵਿਚ 2541 ਭਾਰਤੀ ਅਰਜ਼ੀਆਂ ਵਿੱਚੋਂ ਸਿਰਫ 922 ਅਰਜ਼ੀਆਂ ਪਾਸ ਕੀਤੀਆਂ ਗਈਆਂ ਸਨ। ਦੂਜੇ ਪਾਸੇ ਚੀਨੀ ਮੂਲ ਦੇ ਲੋਕਾਂ ਦੀਆਂ 1232 ਅਰਜ਼ੀਆਂ ਵਿੱਚੋਂ 828 ਨੂੰ ਪਾਸ ਕੀਤਾ ਗਿਆ ਸੀ ਅਤੇ ਤੀਸਰੇ ਨੰਬਰ 'ਤੇ ਬ੍ਰਿਟਿਸ਼ ਮੂਲ ਦੇ 310 ਵਿੱਚੋਂ 239 ਲੋਕਾਂ ਦੀਆਂ ਅਰਜ਼ੀਆਂ ਪਾਸ ਕੀਤੀਆਂ ਗਈਆਂ ਸਨ।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

**2101 MARTIN LUTHER KING JR WAY STOCKTON, CA 95205**

# ਕਰਜ਼ੇ 'ਚ ਡੁੱਬਿਆ ਪੰਜਾਬ ਹੁਣ ਗਿਰਵੀ ਹੈ




- 41 ਲੱਖ ਵਿਚੋਂ 34.63 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ 'ਤੇ ਕਰਜ਼
- 3.5 ਲੱਖ ਟਰੈਕਟਰਾਂ ਸਮੇਤ 37 ਹਜ਼ਾਰ ਕਰੋੜ ਦੀ ਚਲ ਸੰਪਤੀ ਮਾਰਗੇਜ਼
- ਗੱਡੀ ਲਗਜ਼ਰੀ ਸਹੂਲਤਾਂ ਤੇ ਵਿਦੇਸ਼ ਜਾਣ ਦੇ ਲਈ ਜ਼ਮੀਨ ਗਿਰਵੀਂ ਰੱਖ ਰਹੇ ਨੇ ਪੰਜਾਬੀ

*ਪੰਜਾਬ ਹੁਣ ਬੁਰੀ ਤਰ੍ਹਾਂ ਉਜੜ ਚੁੱਕਾ ਹੈ। ਇਸ ਦਾ ਕਾਰਨ ਪੰਜਾਬ ਦੇ ਵਿਕਾਊ ਤੇ ਭ੍ਰਿਸ਼ਟ ਲੀਡਰਸ਼ਿਪ ਹੈ, ਜਿਸ ਨੇ ਪੰਜਾਬ ਦੇ ਹਿੱਤਾਂ ਦੇ ਲਈ ਕੋਈ ਅਗਵਾਈ ਨਹੀਂ ਕੀਤੀ। ਪੰਜਾਬ ਵਿਚ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ। ਪੰਜਾਬ ਵਿਚ ਰੁਜ਼ਗਾਰ ਨਹੀਂ। ਸਨਅਤ ਪੱਖੋਂ ਪੰਜਾਬ ਉੱਜੜ ਚੁੱਕਾ ਹੈ। ਪੰਜਾਬ ਦਾ ਪਾਣੀ ਖਤਮ ਹੋ ਰਿਹਾ ਹੈ। ਪੰਜਾਬ ਵਿਚ ਕਰਜ਼ੇ ਦੀ ਆਦਤ ਹੁਣ ਜ਼ਲਾਲਤ ਵਲ ਲਿਜਾਣ ਵਲ ਲੱਗੀ ਹੈ। ਕਿਸ਼ਤ ਨਾ ਦੇਣ ਕਾਰਨ ਬੈਂਕ ਕਰਜ਼ਦਾਰਾਂ ਦੇ ਘਰ ਢੋਲ ਵਜਾ ਰਹੇ ਹਨ ਤੇ ਗ੍ਰਿ.ਫਤਾਰੀਆਂ ਕਰਵਾ ਰਹੇ ਹਨ। ਕਿਸਾਨ ਯੂਨੀਅਨਾਂ ਨੂੰ ਕੁਰਕੀਆਂ ਦੇ ਖਿਲਾ.ਫ ਧਰਨੇ ਦੇਣੇ ਪੈ ਰਹੇ ਹਨ। ਸੂਬੇ ਦੀ ਕੁੱਲ ਭੂਮੀ ਦਾ 85.ਗ ਹਿੱਸਾ ਬੈਂਕਾਂ ਕੋਲ ਗਿਰਵੀ ਪਿਆ ਹੋਇਆ ਹੈ।*

ਜਲੰਧਰ/ਬਿਊਰੋ ਨਿਊਜ਼: ਕਿਸੇ ਸਮੇਂ ਭਾਰਤ ਦਾ ਸਭ ਤੋਂ ਉੱਨਤ ਤੇ ਖ਼ੁਸ਼ਹਾਲ ਸੂਬੇ ਵਜੋਂ ਜਾਣਿਆ ਜਾਂਦਾ ਪੰਜਾਬ ਹੁਣ ਪੂਰੀ ਤਰ੍ਹਾਂ ਗਿਰਵੀ ਰੱਖਿਆ ਜਾ ਚੁੱਕਾ ਹੈ। ਸਭ ਤੋਂ ਉਪਜਾਊ ਜ਼ਮੀਨ ਦੇ ਬਲ 'ਤੇ ਭਾਰਤ ਦੇ ਕੇਂਦਰੀ ਖਾਦ ਭੰਡਾਰ ਵਿਚ 25% ਯੋਗਦਾਨ ਦੇਣ ਵਾਲੇ ਸੂਬੇ ਦੀ ਕੁਲ ਭੂਮੀ ਦਾ 85% ਹਿੱਸਾ ਬੈਂਕਾਂ ਦੇ ਕੋਲ ਗਿਰਵੀ ਹੈ। ਕੁੱਲ 41 ਲੱਖ ਹੈਕਟੇਅਰ ਜ਼ਮੀਨ ਵਿਚ 34.63 ਲੱਖ ਹੈਕਟੇਅਰ ਬੈਂਕਾਂ ਦੇ ਵਿਚ ਗਿਰਵੀ ਹੈ। ਛੋਟੇ ਵੱਡੇ ਜ਼ਮੀਨ ਮਾਲਕਾਂ ਨੇ ਇਸ ਦੇ ਬਦਲੇ ਵਿਚ ਬੈਂਕਾਂ ਤੋਂ 73,425,3 ਕਰੋੜ ਦਾ ਕਰਜ਼ ਲੈ ਰੱਖਿਆ ਹੈ। 37 ਹਜ਼ਾਰ ਕਰੋੜ ਦਾ ਕਰਜ਼ਾ ਚਲ ਸੰਪਤੀ ਨੂੰ ਗਿਰਵੀ ਰੱਖ ਕੇ ਲਿਆ ਗਿਆ ਹੈ। ਇਸ ਵਿਚ ਪੰਜਾਬ ਦੇ 6 ਲੱਖ ਵਿਚੋਂ 3.5 ਲੱਖ ਟਰੈਕਟਰ ਵੀ ਸ਼ਾਮਲ ਹਨ। ਪੰਜਾਬ ਦੀ ਜੀਡੀਪੀ ਵਿਚ 30% ਯੋਗਦਾਨ ਦੇਣ ਵਾਲੀ ਖੇਤੀ ਵਾਲੀ ਜ਼ਮੀਨ ਦਾ ਏਨਾ ਭਾਰੀ ਹਿੱਸਾ ਕਰਜ਼ 'ਤੇ ਹੋਣ ਦਾ ਅਰਥ ਹੈ ਕਿ ਪੂਰਾ ਪੰਜਾਬ ਦੀ ਗਿਰਵੀ ਹੈ। ਅੰਕੜਿਆਂ ਦੇ ਅਨੁਸਾਰ 57 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਜ਼ਮੀਨ ਨੂੰ ਕਮਰਸ਼ੀਅਲ ਰੂਪ ਵਿਚ ਗਿਰਵੀ ਰੱਖ ਕੇ ਲਿਆ ਗਿਆ ਹੈ। ਜਦ ਕਿ ਕਿਸਾਨ ਕ੍ਰੈਡਿਟ ਕਾਰਡ ਰਾਹੀਂ 19.80 ਲੱਖ ਕਿਸਾਨਾਂ ਨੇ 16 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਰੱਖਿਆ ਹੈ। 11 ਹਜ਼ਾਰ ਕਰੋੜ ਰੁਪਏ ਸਹਿਕਾਰੀ ਤੇ ਖੇਤਰੀ ਪੇਂਡੂ ਬੈਂਕਾਂ ਤੋਂ ਜਦ ਕਿ 5 ਹਜ਼ਾਰ ਕਰੋੜ ਰੁਪਏ ਰਾਸ਼ਟਰੀ ਬੈਂਕਾਂ ਤੋਂ ਇਸ ਤੋਂ ਇਲਾਵਾ ਸ਼ਾਹੂਕਾਰਾਂ ਆੜਤੀਆਂ ਤੋਂ ਵੀ ਜ਼ਮੀਨ ਗਿਰਵੀ ਰੱਖ ਕੇ 16,736 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਵੱਡੀ ਗੱਲ ਇਹ ਹੈ ਕਿ ਜ਼ਿਆਦਾਤਰ ਕਿਸਾਨ ਇਸ ਕਰਜ਼ ਦਾ ਉਪਯੋਗ ਫਸਲ ਦੇ ਨਾਲ ਗੱਡੀ, ਵਿਆਹ ਤੇ ਬੇਟੇ ਨੂੰ ਵਿਦੇਸ਼ ਭੇਜਣ ਵਿਚ ਕਰ ਰਹੇ ਹਨ। ਹਾਲਾਂਕਿ ਕਈ ਕਿਸਾਨ ਮਜ਼ਬੂਰੀ ਵਿਚ ਵੀ ਕਰਜ਼ੇ ਲੈ ਰਹੇ ਹਨ। ਮਾਲਵੇ ਵਿਚ ਉਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਬੈਂਕ ਅਧਿਕਾਰੀ ਵੀ ਮੰਨਦੇ ਹਨ ਕਿ ਕਿਸਾਨ ਆਮਦਨ ਤੋਂ ਜ਼ਿਆਦਾ ਕਰਜ਼ੇ ਲੈ ਰਹੇ ਹਨ। ਕਰਜ਼ਾ ਲੈਣ ਵਾਲਿਆਂ ਦਾ ਵੀ ਮੰਨਣਾ ਹੈ ਕਿ ਉਹ ਅਦਾਇਗੀ 'ਤੇ ਵਿਚਾਰ ਘੱਟ ਕਰਦੇ ਹਨ। ਪਹਿਲਾਂ ਜ਼ਰੂਰਤ ਪੂਰੀ ਕਰਨ ਦੀ ਸੋਚਦੇ ਹਨ। ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਇਸ ਕਾਰਨ ਕੁਰਕ ਹੋਣ ਲੱਗੀਆਂ ਹਨ। ਕਿਸਾਨਾਂ ਨੂੰ ਇਸ ਕਾਰਨ ਜੇਲ੍ਹ ਜਾਣ ਦੀ ਨੌਬਤ ਆ ਗਈ ਹੈ।

## ਅੰਕੜੇ ਜੋ ਡਰਾਉਂਦੇ ਨੇ

3.6 ਲੱਖ ਵੱਡੇ ਕਿਸਾਨ ਪਰਿਵਾਰ ਔਸਤਨ 20 ਲੱਖ ਰੁਪਏ ਤੋਂ ਜ਼ਿਆਦਾ ਦੇ ਕਰਜ਼ਦਾਰ

**ਸੀਮਾਂਤ ਕਿਸਾਨ**
ਗਿਣਤੀ 16,4431
ਔਸਤਨ ਕਰਜ਼ਾ 3,59,892 ਰੁਪਏ

**ਛੋਟੇ ਕਿਸਾਨ**
ਗਿਣਤੀ 1,95,439
ਔਸਤਨ ਕਰਜ਼ਾ 7,24,540 ਰੁਪਏ

**ਮੱਧ ਸ਼੍ਰੇਣੀ ਵਾਲੇ ਕਿਸਾਨ**
ਗਿਣਤੀ 8,72,684
ਔਸਤਨ ਕਰਜ਼ਾ 10,53,168 ਰੁਪਏ

**ਵੱਡੇ ਕਿਸਾਨ**
ਗਿਣਤੀ 3,68,169
ਔਸਤਨ ਕਰਜ਼ਾ 21,77,162

## ਕਰਜ਼ ਦੇ ਤਿੰਨ ਵੱਡੇ ਕਾਰਨ :

ਪੰਜਾਬ ਦੇ ਕਿਸਾਨਾਂ ਉੱਪਰ ਕਰਜ਼ਾ ਵਧਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜ਼ਿਆਦਾਤਰ ਨੌਜਵਾਨ ਵਰਗ ਖੇਤੀ ਕਰਨਾ ਨਹੀਂ ਚਾਹੁੰਦਾ, ਉਹ ਵਿਦੇਸ਼ ਜਾ ਕੇ ਕੰਮ ਕਰਨਾ ਚਾਹੁੰਦਾ ਹੈ। ਇਸ ਦੇ ਲਈ ਜੱਦੀ ਪੁਸ਼ਤੀ ਜ਼ਮੀਨ ਵੀ ਗਿਰਵੀ ਰੱਖ ਦਿੰਦਾ ਹੈ। ਇਸ ਕਾਰਨ ਕਰਜ਼ਾ ਵਧ ਜਾਂਦਾ ਹੈ। ਕਈ ਕਿਸਾਨ ਵਿਲਾਸਤਾ ਭਰਪੂਰ ਜ਼ਿੰਦਗੀ ਦੇ ਲਈ ਮੋਟਾ ਕਰਜ਼ਾ ਲੈਂਦੇ ਹਨ, ਜਿਸ ਨਾਲ ਗੱਡੀ ਕੋਠੀ ਆਦਿ ਬਣਾਈ ਜਾਂਦੀ ਹੈ। ਕਰਜ਼ ਦਾ ਇਹ ਰੋਸ਼ੋ ਲਗਾਤਾਰ ਵਧ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਕਈ ਕਿਸਾਨ ਇਸ ਲਈ ਕਰਜ਼ਾ ਲੈਂਦੇ ਹਨ ਤੇ ਜ਼ਮੀਨ ਗਿਰਵੀ ਰੱਖ ਦਿੰਦੇ ਹਨ ਕਿ ਇਹ ਚੋਣਾਂ ਦੌਰਾਨ ਮਾਫ ਕਰ ਦਿੱਤਾ ਜਾਵੇਗਾ।

## ਬੈਂਕਾਂ 'ਤੇ ਪਾਲਿਸੀ ਦਾ ਪ੍ਰੈਸ਼ਰ

ਕੇਂਦਰ ਸਰਕਾਰ ਦੇ ਹੁਕਮ ਅਨੁਸਾਰ ਹਰ ਬੈਂਕ ਨੂੰ ਆਪਣੇ ਕੁਲ ਲੋਨ ਦਾ 40% ਖੇਤੀਬਾੜੀ ਦੇ ਨਾਮ 'ਤੇ ਲੈਣਾ ਹੁੰਦਾ ਹੈ, ਇਸ ਲਈ ਅਸਾਨੀ ਤੇ ਰਿਣ ਦੇ ਦਿੰਦੇ ਹਨ।

## ਪੰਜਾਬ 'ਚ ਡਿੱਗ ਰਹੀ ਏ ਸ਼ਾਖ

ਪੰਜਾਬ ਸਰਕਾਰ 'ਤੇ 31 ਮਾਰਚ 2018 ਤੱਕ 195978 ਕਰੋੜ ਰੁਪਏ ਦੀ ਦੇਣਦਾਰੀ ਹੈ, ਜੋ ਮਾਰਚ 2019 ਤੱਕ ਵਧ ਕੇ 2,11,523 ਕਰੋੜ ਰੁਪਏ ਹੋ ਜਾਵੇਗੀ। ਇਸ ਦੇ ਕਾਰਨ ਵਰਲਡ ਬੈਂਕ ਨੇ ਪੰਜਾਬ ਨੂੰ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਪ੍ਰਸਿੱਧ ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਭਾਰਤ ਵਿਚ ਜ਼ਮੀਨ 'ਤੇ ਅਸਾਨੀ ਨਾਲ ਕਰਜ਼ਾ ਮਿਲਦਾ ਹੈ। ਇਸ ਲਈ ਕਿਸਾਨ ਹੱਦ ਤੋਂ ਜ਼ਿਆਦਾ ਕਰਜ਼ਾਈ ਹੋ ਗਏ ਹਨ। ਭੁਗਤਾਨ ਦੀ ਯੋਜਨਾ ਨਹੀਂ ਬਣਾਉਂਦੇ।ਕਿਸਾਨ ਕ੍ਰੈਡਿਟ ਕਾਰਡ ਵੀ ਇਸ ਵਿਚ ਇਕ ਮਾਧਿਅਮ ਹੈ, ਜਿਸ ਦੇ ਰਾਹੀਂ ਫਸਲ ਕਾਰੋਬਾਰ 'ਤੇ ਮੁਨਾਫਾ ਕਮਾਇਆ ਜਾ ਸਕਦਾ ਹੈ। ਪਰ ਵਾਪਰ ਇਸ ਤੋਂ ਉਲਟ ਰਿਹਾ ਹੈ। ਕਿਸਾਨ ਦਾ ਕਰਜ਼ਾ ਉਨ੍ਹਾਂ ਦੀ ਜ਼ਮੀਨ ਤੋਂ ਪੈਦਾ ਹੋਣ ਵਾਲੇ ਫਸਲਾਂ ਦੀ ਕੀਮਤ ਤੋਂ ਜ਼ਿਆਦਾ ਹੋ ਗਿਆ ਹੈ। ਪੰਜਾਬ ਦੇ ਕਿਸਾਨ ਬੈਂਕ ਦੇ ਕਰਜ਼ੇ ਨੂੰ ਸਾਮਾਜਿਕ ਫੰਕਸ਼ਨਾਂ ਤੇ ਆਪਣੇ ਬੱਚਿਆਂ ਦੀ ਵਿਦੇਸ਼ਾਂ ਵਿਚ ਪੜ੍ਹਾਈ ਆਦਿ 'ਤੇ ਖਰਚ ਕਰ ਦਿੰਦੇ ਹਨ। ਜਦ ਕਿ ਇਸ ਵਿਚ ਮੁਨਾਫਾ ਕਮਾਉਣ ਦੀ ਪਲੇਨਿੰਗ ਕਰਨੀ

ਬਾਕੀ ਸਫ਼ਾ 32 'ਤੇ






## ਕ੍ਰਿਸ਼ਨਾ ਮੁਰਾਰੀ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਲਾਹਾਬਾਦ ਹਾਈ ਕੋਰਟ ਦੇ ਸੀਨੀਅਰ ਜੱਜ ਰਹੇ ਜਸਟਿਸ ਕ੍ਰਿਸ਼ਨਾ ਮੁਰਾਰੀ ਨੂੰ ਹਰਿਆਣਾ ਰਾਜ ਭਵਨ ਵਿਚ ਹਰਿਆਣਾ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਵੱਜੋਂ ਸਹੁੰ ਚੁਕਾਈ। ਇਸ ਮੌਕੇ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਹਾਈ ਕੋਰਟ ਦੇ ਸਿਟਿੰਗ ਤੇ ਸੇਵਾਮੁਕਤ ਜੱਜ ਤੇ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ। ਜਸਟਿਸ ਮੁਰਾਰੀ ਦਾ ਜਨਮ 9 ਜੁਲਾਈ 1958 ਨੂੰ ਹੋਇਆ ਸੀ ਤੇ ਜੱਜ ਬਣਨ ਤੋਂ ਪਹਿਲਾਂ ਉਹ ਦੀਵਾਨੀ ਮਾਮਲਿਆਂ ਦੀ ਵਕਾਲਤ ਵੀ ਕਰਦੇ ਰਹੇ ਸਨ।

ਜਸਟਿਸ ਕ੍ਰਿਸ਼ਨਾ ਮੁਰਾਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕਣ ਤੋਂ ਬਾਅਦ ਆਖਿਆ ਕਿ ਵੱਡੀ ਗਿਣਤੀ ਵਿਚ ਬਕਾਇਆ ਪਏ ਕੇਸਾਂ ਦੀ ਸਮੱਸਿਆ ਨਿਆਂ ਪ੍ਰਣਾਲੀ ਦੀ 'ਸਭ ਤੋਂ ਵੱਡੀ ਦੁਸ਼ਮਣ' ਹੈ ਪਰ ਉਨ੍ਹਾਂ ਇਹ ਵੀ ਆਖਿਆ ਕਿ ਇਸ ਨਾਲ ਸਿੱਝਣ ਲਈ ਕੋਈ ਸਿੱਧ-ਪੱਧਰਾ ਫਾਰਮੂਲਾ ਕਾਰਗਰ ਨਹੀਂ ਹੋ ਸਕਦਾ। ਇਸ ਸਬੰਧੀ ਸਾਵੀਂ ਪਹੁੰਚ ਅਪਣਾਉਣ 'ਤੇ ਜ਼ੋਰ ਦਿੰਦਿਆਂ ਚੀਫ ਜਸਟਿਸ ਮੁਰਾਰੀ ਨੇ ਕਿਹਾ ਕਿ ਕੇਸਾਂ ਦੀ ਵੰਨਗੀ ਤੇ ਮੌਜੂਦਾ ਸਥਿਤੀਆਂ ਨੂੰ ਵੀ ਧਿਆਨ 'ਚ ਰੱਖਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਉਹ ਬਕਾਇਆ ਕੇਸਾਂ ਦੇ ਮਸਲੇ ਦਾ ਅਧਿਐਨ ਕਰਨ ਤੋਂ ਬਾਅਦ ਇਸ ਸਮੱਸਿਆ ਨਾਲ ਸਿੱਝਣ ਦੇ ਤੌਰ ਤਰੀਕੇ ਤਿਆਰ ਕਰਨਗੇ। ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇਸ ਸਮੇਂ 3.40 ਲੱਖ ਕੇਸ ਬਕਾਇਆ ਹਨ। ਕਈ ਕੇਸਾਂ ਵਿੱਚ ਤਾਂ ਪੈਰਵੀ ਕਰਨ ਵਾਲੇ ਪਟੀਸ਼ਨਰ ਵੀ ਫ਼ੌਤ ਹੋ ਚੁੱਕੇ ਹਨ। ਇਸ ਵੇਲੇ ਸਾਲ 2000 ਤੱਕ ਦਾਇਰ ਕੀਤੀਆਂ ਰੈਗੂਲਰ ਸੈਕਿੰਡ ਅਪੀਲਾਂ ਆਰਐਸਏਜ਼ ਤੇ ਸਿਵਿਲ ਰਿੱਟ ਪਟੀਸ਼ਨਾਂ 'ਤੇ ਨਿਯਮਤ ਸੁਣਵਾਈ ਕੀਤੀ ਜਾ ਰਹੀ ਹੈ। ਚਾਰ ਜੱਜਾਂ ਨੂੰ 2016 ਤੱਕ ਦਾਇਰ ਕੀਤੀਆਂ ਆਰਐਸਏਜ਼ ਉੱਤੇ ਤਰਜੀਹੀ ਤੌਰ 'ਤੇ ਸੁਣਵਾਈ ਦਾ ਜਿੰਮਾ ਸੌਂਪਿਆ ਗਿਆ ਹੈ। ਸਹੁੰ ਚੁਕਾਉਂਦੇ ਹੋਏ।

## ਅਕਾਲੀ ਦਲ ਲੰਗਰ ਤੋਂ ਜੀਐਸਟੀ ਹਟਵਾਉਣ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਤਰਲੋਮੱਛੀ




**ਚੰਡੀਗੜ੍ਹ/ਬਿਊਰੋ ਨਿਊਜ਼ :** ਕੇਂਦਰ ਸਰਕਾਰ ਨੇ ਲੰਗਰ ਤੋਂ ਜੀਐਸਟੀ ਨੂੰ ਹਟਾ ਦਿਤਾ ਹੈ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅਪਣੇ ਫੇਸਬੁੱਕ ਪੇਜ਼ 'ਤੇ ਇਸ ਗੱਲ ਦੀ ਜਾਣਕਾਰੀ ਸ਼ੇਅਰ ਕੀਤੀ ਸੀ। ਇਸ ਫ਼ੈਸਲੇ ਦੇ ਆਉਣ ਤੋਂ ਬਾਅਦ ਤੁਰੰਤ ਸ਼੍ਰੋਮਣੀ ਅਕਾਲੀ ਦਲ ਨੇ ਪ੍ਰੈੱਸ ਕਾਨਫਰੰਸ ਕਰ ਕੇ ਇਸ ਦਾ ਸਿਹਰਾ ਅਪਣੇ ਸਿਰ ਲੈਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਦੀਆਂ ਕੋਸ਼ਿਸ਼ਾਂ ਸਦਕਾ ਹੀ ਇਹ ਮੰਗ ਪੂਰੀ ਹੋ ਸਕੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਵਾਕਈ ਅਕਾਲੀ ਦਲ ਦਾ ਇਸ ਵਿਚ ਵੱਡਾ ਯੋਗਦਾਨ ਰਿਹਾ ਹੈ ਜਾਂ ਫਿਰ ਇਹ ਪਹਿਲਾਂ ਤੋਂ ਤੈਅ ਕੋਈ ਯੋਜਨਾ ਸੀ। ਕੁਝ ਦਿਨ ਪਹਿਲਾਂ ਹਰਸਿਮਰਤ ਬਾਦਲ ਨੇ ਇਕ ਗੱਲਬਾਤ ਦੌਰਾਨ ਸਖ਼ਤ ਸ਼ਬਦਾਂ ਵਿਚ ਕਿਹਾ ਸੀ ਕਿ ਜੇਕਰ ਲੰਗਰ ਤੋਂ ਜੀਐਸਟੀ ਨਾ ਹਟਾਇਆ ਗਿਆ ਤਾਂ ਉਹ ਅਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਹਰਸਿਮਰਤ ਬਾਦਲ ਵਲੋਂ ਦਿਤੀ ਗਈ ਇਸ ਚੁਣੌਤੀ ਤੋਂ ਇੰਝ ਜਾਪਦਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਇਸ ਫ਼ੈਸਲੇ ਬਾਰੇ ਪਤਾ ਸੀ ਨਹੀਂ ਤਾਂ ਬਾਦਲਾਂ ਦੇ ਕੁਰਸੀ ਨੂੰ ਚਿੰਬੜੇ ਰਹਿਣ ਦੇ ਮੋਹ ਤੋਂ ਕੌਣ ਵਾਕਿਫ ਨਹੀਂ ਹੈ। ਇਸੇ ਲਈ ਉਨ੍ਹਾਂ ਨੇ ਬੜੀ ਸ਼ਿੱਦਤ ਨਾਲ ਅਸਤੀਫ਼ਾ ਦੇਣ ਦੀ ਗੱਲ ਆਖ ਦਿਤੀ ਸੀ। ਇਸੇ ਲਈ ਇਸ ਫ਼ੈਸਲੇ ਦਾ ਪਤਾ ਵੀ ਸਭ ਤੋਂ ਪਹਿਲਾਂ ਹਰਸਿਮਰਤ ਬਾਦਲ ਨੂੰ ਲੱਗਿਆ।

ਦੇਖਿਆ ਜਾਵੇ ਤਾਂ ਲੰਗਰ 'ਤੇ ਜੀਐਸਟੀ ਦਾ ਇਕੱਲੇ ਅਕਾਲੀ ਦਲ ਵਲੋਂ ਨਹੀਂ ਬਲਕਿ ਹੋਰ ਵੀ ਕਈ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਸੀ। ਵੱਖ-ਵੱਖ ਜਥੇਬੰਦੀਆਂ ਵਲੋਂ ਲੰਗਰ 'ਤੇ ਜੀਐਸਟੀ ਲਗਾਏ ਜਾਣ ਦੇ ਵਿਰੋਧ ਵਿਚ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਗਏ ਸਨ ਜਦਕਿ ਅਕਾਲੀ ਦਲ ਵਲੋਂ ਇਸ ਦਾ ਸਿਹਰਾ ਅਪਣੇ ਸਿਰ ਲੈ ਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦੋਂ ਇਹ ਮਾਮਲਾ ਸਾਹਮਣੇ ਆਇਆ ਸੀ ਤਾਂ ਐਸਜੀਪੀਸੀ ਦੇ ਪ੍ਰਧਾਨ ਨੇ ਚਿੱਠੀ ਲਿਖੀ ਸੀ, ਜਿਸ ਵਿਚ ਇਹ ਜ਼ਿਕਰ ਕੀਤਾ ਗਿਆ ਸੀ ਕਿ "ਇਹ ਸਿਰਫ਼ 'ਫ੍ਰੀ ਫੂਡ' ਨਹੀਂ ਬਲਕਿ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਦਾ ਹਿੱਸਾ ਹੈ। ਇਸ ਨੂੰ 'ਫ੍ਰੀ ਫੂਡ' ਨਾਲ ਨਾ ਜੋੜਿਆ ਜਾਵੇ। ਲੰਗਰ ਦੀ ਪਿਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਈ ਸੀ। ਮੈਂ ਇਸ ਫ਼ੈਸਲੇ ਦਾ ਸਵਾਗਤ ਕਰਦਾ ਹਾਂ ਪਰ ਲੰਗਰ ਨੂੰ ਬਾਕੀ ਧਾਰਮਿਕ ਸਥਾਨਾਂ ਦੇ 'ਫ੍ਰੀ ਫੂਡ' ਨਾਲ ਜੋੜ ਕੇ ਦੇਖਣ 'ਤੇ ਮੈਨੂੰ ਇਤਰਾਜ਼ ਹੈ।"

ਸਾਬਕਾ ਐਸਜੀਪੀਸੀ ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਨੇ ਲੰਗਰ 'ਤੇ ਜੀਐਸਟੀ ਲਗਾਏ ਜਾਣ ਨੂੰ ਜਜ਼ੀਆ ਕਰਾਰ ਦਿਤਾ ਸੀ। ਬਡੂੰਗਰ ਦੇ ਬਿਆਨ 'ਤੇ ਭਾਜਪਾ ਵਿਚ ਕਾਫ਼ੀ ਰੋਸ ਦੇਖਣ ਨੂੰ ਮਿਲਿਆ ਸੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਕਿਰਪਾਲ ਸਿੰਘ ਬਡੂੰਗਰ ਨੂੰ ਅਗਲੀ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਲੜਨ ਤੋਂ ਵਾਂਝੇ ਕਰ ਦਿਤਾ ਗਿਆ। ਉਸ ਸਮੇਂ ਦੌਰਾਨ ਐਸਜੀਪੀਸੀ ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਨੇ ਕਿਹਾ ਸੀ ਕਿ ਮੋਦੀ ਸਰਕਾਰ ਨੇ ਸਿੱਖਾਂ 'ਤੇ ਜਜ਼ੀਆ ਲਾਇਆ ਹੈ ਜੋ ਕਦੇ ਔਰਗਜ਼ੇਬ ਨੇ ਹਿੰਦੂਆਂ 'ਤੇ ਧਾਰਮਿਕ ਸਥਾਨਾਂ 'ਤੇ ਜਾਣ ਲਈ ਲਾਇਆ ਸੀ। ਦੇਖਿਆ ਜਾਵੇ ਤਾਂ ਅਕਾਲੀ ਦਲ ਨੇ ਕਦੇ ਵੀ ਜ਼ੋਰ ਨਾਲ ਅਪਣੀ ਭਾਈਵਾਲੀ ਪਾਰਟੀ ਭਾਜਪਾ ਦੀ ਸਰਕਾਰ ਤੋਂ ਕੋਈ ਮੰਗ ਨਹੀਂ ਮੰਨਵਾਈ। ਜੀਐਸਟੀ ਨੂੰ ਲੈ ਕੇ ਅਕਾਲੀ ਦਲ ਨੇ ਇਕ ਵਾਰ ਵੀ ਕੇਂਦਰ ਸਰਕਾਰ ਇਹ ਨਹੀਂ ਕਿਹਾ ਕਿ ਜੇਕਰ ਲੰਗਰ ਤੋਂ ਜੀਐਸਟੀ ਨਾ ਹਟਾਇਆ ਗਿਆ ਤਾਂ ਉਹ ਗੱਠਜੋੜ ਤੋੜ ਦੇਣਗੇ। ਜੇਕਰ ਅਕਾਲੀ ਦਲ ਪਹਿਲੇ ਦਿਨ ਹੀ ਇਹ ਕਹਿ ਦਿੰਦਾ ਕਿ ਜੀਐੱਸਟੀ ਸਿੱਖ ਧਰਮ 'ਤੇ ਹਮਲਾ ਹੈ ਤਾਂ ਹੋ ਸਕਦਾ ਇਹ ਮਸਲਾ ਪਹਿਲਾਂ ਹੀ ਹੱਲ ਹੋ ਜਾਂਦਾ।

ਜੇਕਰ ਗੱਲ ਜੀਐੱਸਟੀ ਹਟਾਉਣ ਦੀ ਕਰੀਏ ਤਾਂ ਕੇਂਦਰ ਸਰਕਾਰ ਨੇ ਇਹ ਸਿਰਫ਼ ਸਿੱਖਾਂ ਲਈ ਨਹੀਂ ਬਲਕਿ ਸਾਰੇ ਧਰਮਾਂ ਲਈ ਕੀਤੀ ਹੈ। ਇਸ ਵਿਚ ਹਿੰਦੂ ਧਾਰਮਿਕ ਅਸਥਾਨ ਵੀ ਸ਼ਾਮਲ ਹਨ। ਇਸ ਤੋਂ ਸਾਫ਼ ਹੈ ਕਿ ਭਾਜਪਾ 'ਤੇ ਹਿੰਦੂ ਜਥੇਬੰਦੀਆਂ ਦਾ ਵੀ ਭਾਰੀ ਦਬਾਅ ਸੀ, ਜਿਸ ਦੇ ਸਿਰ 'ਤੇ ਉਹ ਸਿਆਸੀ ਖੇਡਾਂ ਖੇਡਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਜਪਾ ਸਰਕਾਰ ਨੇ ਇਹ ਮੰਗ ਸਿੱਖਾਂ ਕਰਕੇ ਨਹੀਂ ਬਲਕਿ ਅਪਣੇ ਵੋਟ ਬੈਂਕ ਕਰਕੇ ਪੂਰੀ ਕੀਤੀ ਹੈ, ਉਹ ਵੀ ਲੰਗਰ ਨੂੰ 'ਫਰੀ ਫੂਡ' ਨਾਲ ਸੰਬੋਧਨ ਕਰਦੇ ਹੋਏ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਦੇ ਨੇਤਾਵਾਂ ਦੀ ਜਾਇਦਾਦ 5 ਸਾਲਾਂ ’ਚ 252 ਪ੍ਰਤੀਸ਼ਤ ਤੱਕ ਵਧੀ

## • ਰਾਜ ਪੰਜਾਬ ਦੇ ਕਿਸਾਨ 90 ਹਜ਼ਾਰ ਕਰੋੜ ਦੇ ਕਰਜ਼ਦਾਰ • ਪੰਜ ਸਾਲ ’ਚ ਤੀਹਰੇ ਕਰਜ਼ ’ਚ ਫਸੇ, 44 ਸੌ ਨੇ ਦਿੱਤੀ ਜਾਨ

**ਜਲੰਧਰ/ਬਿਊਰੋ ਨਿਊਜ਼:**
ਪੰਜਾਬ ਵਿਚ ਖਜ਼ਾਨਾ ਖਾਲੀ ਹੋਣ ਦੀਆਂ ਗੱਲਾਂ ਚਰਚਾ ਵਿਚ ਹਨ, ਪਰ ਪਿਛਲੇ ਪੰਜ ਸਾਲਾ (ਸਾਲ 2012-2017) ਵਿਚ ਨੇਤਾਵਾਂ ਦੀ ਸੰਪਤੀ ਖੂਬ ਵਧੀ ਹੈ। ਕਾਂਗਰਸ, ਅਕਾਲੀ, ਭਾਜਪਾ ਸਮੇਤ ਹਰ ਦਲ ਦੇ ਨੇਤਾ ਵਿਕਾਸ ਕਰ ਰਹੇ ਹਨ। ਵਿਧਾਨ ਸਭਾ ਚੋਣ ਦੇ ਸਹੁੰ ਪੱਤਰਾਂ ਦੇ ਅਨੁਸਾਰ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਦੀ ਸੰਪਤੀ 100 ਕਰੋੜ ਤੋਂ ਜ਼ਿਆਦਾ ਵਧੀ ਹੈ। 2012 ਵਿਚ 68 ਕਰੋੜ 48 ਲੱਖ 36 ਹਜ਼ਾਰ ਰੁਪਏ ਸਨ। ਪਰ 2017 ਵਿਚ 148 ਪ੍ਰਤੀਸ਼ਤ ਵਾਧਾ ਹੋਇਆ। 169 ਕਰੋੜ 89 ਲੱਖ 60 ਹਜ਼ਾਰ ਰੁਪਏ ਸੰਪਤੀ ਹੋਈ। ਸੁੰਦਰ ਰਾਮ ਅਰੋੜਾ 2012 ਵਿਚ 21 ਕਰੋੜ 76 ਲੱਖ 84 ਹਜ਼ਾਰ ਰੁਪਏ 2017 ਵਿਚ 105 ਪ੍ਰਤੀਸ਼ਤ ਵਾਧਾ 44 ਕਰੋੜ 60 ਲੱਖ 75 ਹਜ਼ਾਰ ਰੁਪਏ ਸੰਪਤੀ ਹੋਈ। ਸੁਨੀਲ ਜਾਖੜ 2012 ਦੇ ਵਿਧਾਨ ਸਭਾ ਚੋਣ ਵਿਚ 6 ਕਰੋੜ 84 ਲੱਖ 6 ਹਜ਼ਾਰ 753 ਰੁਪਏ ਸਨ। 2017 ਵਿਚ 252 ਪ੍ਰਤੀਸ਼ਤ ਸੰਪਤੀ ਵਧੀ 24,5,36788 ਲੱਖ ਰੁਪਏ ਦੀ ਹੋਈ। ਲੋਕ ਸਭਾ ਲੋਕ ਸਭਾ ਦੇ ਉਪ ਚੋਣ ਵਿਚ ਪੰਜ ਲੱਖ ਰੁਪਏ ਹੋਰ ਵਧ ਗਏ। ਬਿਕਰਮ ਸਿੰਘ ਮਜੀਠੀਆ 2012 ਵਿਚ 11 ਕਰੋੜ 21 ਲੱਖ 18 ਹਜ਼ਾਰ 806 ਰੁਪਏ ਸੰਪਤੀ ਸੀ। 2017 ਵਿਚ 125 ਪ੍ਰਤੀਸ਼ਤ ਇਜਾਫਾ ਹੋਇਆ। ਅਰਥਾਤ 25 ਕਰੋੜ 22 ਲੱਖ 80 ਹਜ਼ਾਰ 202 ਰੁਪਏ ਦੀ ਸੰਪਤੀ ਹੋਈ।

ਸੰਪਤੀ ਵਾਧੇ ਵਿਚ ਪ੍ਰਕਾਸ਼ ਸਿੰਘ ਬਾਦਲ ਕੈਪਟਨ ਅਮਰਿੰਦਰ ਸਿੰਘ ਤੋਂ ਅੱਗੇ ਨਿਕਲ ਗਏ। 2012 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸੰਪਤੀ 6 ਕਰੋੜ 75 ਲੱਖ 27 ਹਜ਼ਾਰ ਰੁਪਏ ਸੀ। 2017 ਵਿਚ 115 ਪ੍ਰਤੀਸ਼ਤ ਇਜਾਫਾ 14 ਕਰੋੜ 48 ਲੱਖ 82 ਹਜ਼ਾਰ ਰੁਪਏ ਹੋਈ। ਕੈਪਟਨ ਅਮਰਿੰਦਰ ਸਿੰਘ ਦੀ 2012 ਵਿਚ 45 ਕਰੋੜ 74 ਲੱਖ 78 ਹਜ਼ਾਰ ਸੰਪਤੀ ਸੀ। 2017 ਵਿਚ 0.6 ਪ੍ਰਤੀਸ਼ਤ ਇਜਾਫਾ ਹੋਇਆ। 48 ਕਰੋੜ 31 ਲੱਖ 71 ਹਜ਼ਾਰ ਰੁਪਏ ਦੀ ਸੰਪਤੀ ਹੋਈ।



ਸ਼੍ਰੋਮਣੀ ਅਕਾਲੀ ਦਲ ਦੇ ਹਰਪ੍ਰੀਤ ਸਿੰਘ 2012 ਵਿਚ 29,61,872 ਰੁਪਏ ਦੀ ਸੰਪਤੀ ਸੀ ਤੇ 2017 ਵਿਚ 78,67,698 ਹੋ ਗਈ ਵਾਧਾ 49 ਲੱਖ ਰੁਪਏ ਔਸਤ 166 ਪ੍ਰਤੀਸ਼ਤ। ਸ਼੍ਰੋਮਣੀ ਅਕਾਲੀ ਦਲ ਦਲ ਨਰਿੰਦਰ ਸ਼ਰਮਾ ਕੋਲ 2012 ਵਿਚ 5,80,16,215 ਸੰਪਤੀ ਸੀ, ਜੋ ਕਿ 2017 ਵਿਚ 11,2412,304 ਰੁਪਏ ਹੋ ਗਈ। ਵਾਧਾ 5.4 ਕਰੋੜ ਔਸਤ 94 ਪ੍ਰਤੀਸ਼ਤ। ਸ਼੍ਰੋਮਣੀ ਅਕਾਲੀ ਦਲ ਦੇ ਅਮਰਪਾਲ ਦੀ 2012 ਵਿਚ 2,16,47,461 ਸੰਪਤੀ ਸੀ ਤੇ 2017 ਵਿਚ 7,23,23,589 ਹੋ ਗਈ। 5 ਕਰੋੜ ਵਾਧਾ ਹੋਇਆ ਔਸਤ 234 ਪ੍ਰਤੀਸਤ। ਸ਼੍ਰੋਮਣੀ ਅਕਾਲੀ ਦਲ ਦੇ ਵਿਰਸਾ ਸਿੰਘ ਦੀ 2012 ਵਿਚ 1,57,88,835 ਸੰਪਤੀ ਸੀ ਤੇ 2017 ਵਿਚ 4,04,01,377 ਹੋ ਗਈ। ਦੋ ਕਰੋੜ ਦਾ ਵਾਧਾ ਹੋਇਆ ਤੇ ਔਸਤ 156 ਪ੍ਰਤੀਸ਼ਤ। ਸ਼੍ਰੋਮਣੀ ਅਕਾਲੀ ਦਲ ਦੇ ਨਿਰਮਲ ਸਿੰਘ ਦੀ ਸੰਪਤੀ 2012 ਵਿਚ 2,47,48,199 ਸੀ ਜੋ ਕਿ 2017 ਵਿਚ ਵਧ ਕੇ 4,80,00,000 ਹੋ ਗਈ। ਵਾਧਾ ਦੋ ਕਰੋੜ ਰੁਪਏ ਤੇ ਔਸਤ 94 ਪ੍ਰਤੀਸ਼ਤ ਹੋ ਗਈ। ਰਾਕੇਸ਼ ਪਾਂਡੇ ਜੋ ਕਾਂਗਰਸ ਦੇ ਉਮੀਦਵਾਰ ਸਨ ਦੀ 2012 ਵਿਚ 1,40,48,567 ਸੰਪਤੀ ਸੀ ਜੋ ਕਿ 2017 ਵਿਚ 3,26,09,825 ਹੋ ਗਈ। ਵਾਧਾ 18 ਕਰੋੜ ਰੁਪਏ ਔਸਤ 132 ਪ੍ਰਤੀਸ਼ਤ। ਕਾਂਗਰਸ ਮੁਹੰਮਦ ਸਦੀਕ 2012 ਦੀ 50,51,803 ਸੰਪਤੀ ਸੀ, ਜੋ ਕਿ 2017 ਵਿਚ 176,24,873 ਹੋ ਗਈ। ਵਾਧਾ 1 ਕਰੋੜ ਔਸਤ 249 ਪ੍ਰਤੀਸ਼ਤ। ਕਾਂਗਰਸ ਦੀ ਰਜਿੰਦਰ ਕੌਰ 2012 ਵਿਚ ਸੰਪਤੀ 45,33,706 ਸੀ ਜੋ ਕਿ 2017 ਵਿਚ 1,60,01,256 ਹੋ ਗਈ। ਵਾਧਾ 1 ਕਰੋੜ ਔਸਤ 253 ਪ੍ਰਤੀਸ਼ਤ। ਕਾਂਗਰਸ ਦੇ ਅਸ਼ਵਨੀ ਸ਼ਰਮਾ ਦੀ 2012 ਵਿਚ 27,80,708 ਸੀ ਜੋ ਕਿ 2017 ਵਿਚ 63,75,996 ਹੋ ਗਈ। ਵਾਧਾ 35 ਲੱਖ ਔਸਤ 129 ਪ੍ਰਤੀਸ਼ਤ। ਭਾਜਪਾ ਦੇ ਅਨਿਲ ਜੋਸ਼ੀ ਜਿਨ੍ਹਾਂ ਦੀ ਸੰਪਤੀ 2012 ਵਿਚ 1,32,28,421 ਸੀ ਜੋ ਕਿ 2017 ਵਿਚ 2,58,63,557 ਹੋ ਗਈ। ਵਾਧਾ 1 ਕਰੋੜ ਔਸਤ 96 ਪ੍ਰਤੀਸ਼ਤ।

ਦੂਸਰਾ ਇਕ ਦੁਖਾਂਤਕ ਪਹਿਲੂ ਇਹ ਹੈ ਕਿ ਹਰ ਤੀਸਰਾ ਕਿਸਾਨ ਗਰੀਬੀ ਰੇਖਾ ਤੋਂ ਹੇਠਾ ਹੈ। 35.55 ਲੱਖ ਕਿਸਾਨਾਂ ਵਿਚ ਤਕਰੀਬਨ 11 ਲੱਖ ਕਿਸਾਨ ਗਰੀਬੀ ਰੇਖਾ ਤੋਂ ਹੇਠਾ ਹਨ। ਅਰਥਾਤ ਹਰ ਤੀਜਾ ਕਿਸਾਨ ਪੰਜਾਬ ਵਿਚ ਇੰਡੀਅਨ ਕੌਂਸਲ ਫਾਰ ਸ਼ੋਸ਼ਲ ਸਾਇਸ ਰਿਸਰਚ ਦੇ ਇੰਨਡੇਟਨੈਸ ਅਮੰਗ ਫਾਰਮਜ਼ ਐਂਡ ਐਗਰੀਕਲਚਰ ਲੇਬਰਜ਼ ਇਨ ਪੰਜਾਬ ਦੀ ਸਰਵੇ ਟੀਮ ਦੀ ਅਗਵਾਈ ਵਿਚ ਪ੍ਰੋ. ਗਿਆਨ ਸਿੰਘ ਦੇ ਅਨੁਸਾਰ ਛੋਟੇ ਕਿਸਾਨਾਂ ਦੇ ਕੋਲ ਗਿਰਵੀ ਰੱਖਣ ਨੂੰ ਬਹੁਤ ਥੋੜੀ ਜ਼ਮੀਨ ਹੈ, ਇਸ ਲਈ ਉਹ ਆੜਤੀ, ਸ਼ਾਹੂਕਾਰ ਵਰਗੇ ਗ਼ੈਰ ਸਰਕਾਰੀ ਸੰਸਥਾਵਾਂ ਤੋਂ ਕਰਜ਼ਾ ਲੈਂਦੇ ਹਨ, ਫਿਰ ਅਦਾ ਨਹੀਂ ਕਰ ਸਕਦੇ। ਇਸ ਮਾਮਲੇ ਵਿਚ ਸੂਬੇ ਵਿਚ ਮਾਲਵਾ ਬੇਲਟ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੈ। ਹਰ ਕਿਸਾਨ ਪਰਿਵਾਰ ’ਤੇ 7 ਲੱਖ ਤੋਂ ਜ਼ਿਆਦਾ ਕਰਜ਼ਾ ਹੈ। 16,736 ਕਰੋੜ ਰੁਪਏ ਦਾ ਕਰਜ਼ਾ ਬੈਕਿੰਗ ਸੰਸਥਾਵਾਂ ਅਰਥਾਤ ਸ਼ਾਹੂਕਾਰਾਂ, ਆੜਤੀਆਂ ਤੇ ਨਿੱਜੀ ਸੰਸਥਾਵਾਂ ਤੋਂ ਲਿਆ ਗਿਆ ਹੈ। 3.6 ਲੱਖ ਰੁਪਏ ਔਸਤਨ ਕਰਜ਼ਾ ਸੀਮਾਂਤ ਕਿਸਾਨਾਂ ’ਤੇ ਹੈ, ਜਿਨ੍ਹਾਂ ਦੇ ਕੋਲ 1 ਏਕੜ ਜਾਂ ਉਨ੍ਹਾਂ ਤੋਂ ਹੀ ਘੱਟ ਜ਼ਮੀਨ ਹੁੰਦੀ ਹੈ। 7.25 ਲੱਖ ਰੁਪਏ ਔਸਤਨ ਕਰਜ਼ ਛੋਟੇ ਕਿਸਾਨਾਂ ’ਤੇ ਜਿਨ੍ਹਾਂ ਦੇ ਕੋਲ 1 ਤੋਂ 5 ਏਕੜ ਤੱਕ ਜ਼ਮੀਨ ਹੈ।

ਪੰਜਾਬ ਦਾ ਕਿਸਾਨ ਇਸ ਸਮੇਂ ਪੰਜਾਬ ਵਿਚੋਂ 34.63 ਲੱਖ ਹੈਕਟੇਅਰ ਖੇਤੀ ਭੂਮੀ ਗਿਰਵੀ ਰੱਖ ਕੇ 90 ਹਜ਼ਾਰ ਕਰੋੜ ਦਾ ਕਰਜ਼ਦਾਰ ਹੈ। ਕਈ ਛੋਟੇ ਕਿਸਾਨਾਂ ਦਾ ਹਾਲ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਚਾਰ ਚਾਰ ਪੀੜ੍ਹੀਆਂ ਤੱਕ ਕਰਜ਼ ਨਹੀਂ ਉਤਾਰ ਰਹੀਆਂ। ਫਸਲ ਤੋਂ ਏਨੀ ਆਮਦਨ ਹੀ ਨਹੀਂ ਹੋ ਰਹੀ ਕਿ ਪੂਰਾ ਕਰਜ਼ਾ ਉਤਾਰ ਸਕੇ। 73,425 ਕਰੋੜ ਰੁਪਿਆ ਸਰਕਾਰੀ ਬੈਂਕਾਂ ਤੇ ਸੁਸਾਇਟੀ ਤੋਂ ਲਿਆ। 16,736 ਕਰੋੜ ਰੁਪਿਆ ਕਰਜ਼ਾ ਗ਼ੈਰ ਸੰਸਥਾਗਤ ਅਰਥਾਤ ਆੜਤੀਆ ਤੇ ਸ਼ਾਹੂਕਾਰਾਂ ਤੋਂ ਲਿਆ। ਕਰਜ਼ ਦੇ ਬੋਝ ਤੋਂ 2010 ਤੋਂ ਲੈ ਕੇ 2017 ਤੱਕ 5591 ਕਿਸਾਨਾਂ ਨੇ ਆਪਣੀ ਜਾਨ ਦਿੱਤੀ। ਪਿਛਲੇ ਪੰਜ ਸਾਲਾਂ ਵਿਚ 4400 ਕਿਸਾਨ ਕਰਜ਼ੇ ਨਾ ਉਤਾਰਨ ਕਾਰਨ ਜ਼ਿੰਦਗੀ ਦੀ ਜੰਗ ਹਾਰ ਚੁੱਕੇ ਹਨ। ਇਹ ਡਰਾਉਣੇ ਅੰਕੜੇ ਆਈਸੀਐਸਐਸਆਰ ਵਲੋਂ ਪੰਜਾਬ ਵਿਚ ਕਰਵਾਏ ਗਏ ਸਰਵੇ ਵਿਚ ਸਾਹਮਣੇ ਆਏ ਹਨ। ਜਦ ਕਿ ਨੇਤਾਵਾਂ ਦੀ ਸੰਪਤੀ ਏਡੀਆਰ ਰਿਪੋਰਟ ਦੇ ਅਨੁਸਾਰ ਹੈ। ਏਡੀਆਰ ਰਿਪੋਰਟ ਦੇ ਅਨੁਸਾਰ 41 ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸੰਪਤੀ ਵਿਚ ਔਸਤਨ 1.38 ਕਰੋੜ ਦਾ ਵਾਧਾ ਅਰਥਾਤ ਔਸਤਨ 17.26 ਪ੍ਰਤੀਸ਼ਤ। ਕਾਂਗਰਸ ਦੇ 41 ਵਿਧਾਇਕਾਂ ਦੀ ਸੱਤਾ ਵਿਚ ਬਾਹਰ ਰਹਿਣ ਦੇ ਬਾਵਜੂਦ ਔਸਤਨ 4.9 ਕਰੋੜ ਦੀ ਸੰਪਤੀ ਦਾ ਵਾਧਾ ਹੋਇਆ। ਅਰਥਾਤ 35.6 ਪ੍ਰਤੀਸ਼ਤ ਵਾਧਾ। ਭਾਜਪਾ ਉਮੀਦਵਾਰਾਂ ਦੀ ਪ੍ਰਾਪਰਟੀ 44 ਫੀਸਦੀ ਤੱਕ ਵਧੀ ਹੈ।







ਅੰਮ੍ਰਿਤਸਰ ਟਾਈਮਜ਼
AMRITSAR TIMES
06 ਜੂਨ 2018 ਤੋਂ 12 ਜੂਨ 2018

# ਸਿੱਖਾਂ ਨਾਲ ਸਾੜਾ ਤੇ ਸਮਾਜਿਕ ਵਿਤਕਰਾ

## *ਮਾੜੇ ਦਿਨਾਂ ਦਾ ਸਪੱਸ਼ਟ ਸੰਕੇਤ ਹੈ ਸ਼ਿਲਾਂਗ ਵਿਚਲੀਆਂ ਵਾਰਦਾਤਾਂ*

ਭਾਰਤ ਦੇ ਉੱਤਰ ਪੂਰਬੀ ਰਾਜ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਚ ਸਿੱਖਾਂ ਵਿਰੁੱਧ ਭੜਕੀ ਹਿੰਸਾ ਨੇ ਭਾਰਤ ਵਿੱਚ ਸਿੱਖਾਂ ਖ਼ਾਸ ਕਰ ਘੱਟ ਗਿਣਤੀਆਂ ਦੇ ਭਵਿੱਖ ਸਬੰਧੀ ਗਹਿਰੀ ਚਿੰਤਾ ਅਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਬੇਸ਼ੱਕ ਸਿੱਖਾਂ ਨਾਲ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਸਥਾਨਕ ਲੋਕਾਂ ਵਲੋਂ ਵਧੀਕੀਆਂ ਕੀਤੇ ਜਾਣ ਦੀਆਂ ਖ਼ਬਰਾਂ ਅਕਸਰ ਵੇਖਣ/ਸੁਨਣ ਨੂੰ ਮਿਲਦੀਆਂ ਹਨ ਪਰ ਸ਼ਿਲਾਂਗ ਵਿਚਲੀ ਹਿੰਸਾ ਦੌਰਾਨ ਜੋ ਕੁਝ ਸਾਹਮਣੇ ਆਇਆ ਉਹ ਨਵੰਬਰ 1984 ਦੌਰਾਨ ਸਿੱਖਾਂ ਉੱਤੇ ਢਾਹੇ ਜ਼ੁਲਮਾਂ ਦੀ ਯਾਦ ਤਾਜ਼ਾ ਕਰਾਉਂਦਾ ਹੈ।

ਸਾਰੇ ਪੁਆੜੇ ਦੀ ਜੜ੍ਹ ਸਿੱਖ ਭਾਈਚਾਰੇ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਣ ਪਿੱਛੇ ਕੰਮ ਕਰਦਾ ਆਰਥਿਕ ਤੇ ਸਮਾਜਿਕ ਸਾੜਾ ਹੈ। ਇਹ ਗੱਲ ਕਿਸੇ ਨੂੰ ਵੀ ਭੁੱਲੀ ਨਹੀਂ ਕਿ ਅਪਣੇ ਮਿਹਨਤੀ ਸੁਭਾਅ ਤੇ ਹਿੰਮਤ ਸਦਕਾ ਸਿੱਖ ਜਿੱਥੇ ਵੀ ਜਾ ਕੇ ਵਸਦੇ ਹਨ, ਆਰਥਿਕ ਤੇ ਸਮਾਜਕ ਪੱਖੋਂ ਕਾਫ਼ੀ ਸਫ਼ਲ ਹੋ ਜਾਂਦੇ ਹਨ। ਸੁਭਾਵਕ ਹੈ ਕਿ ਸਥਾਨਕ ਲੋਕ ਖ਼ਾਸ ਕਰ ਵਿਹਲੜ ਤੇ ਨਿਕੰਮੇ ਅਨਸਰ ਇਸਤੋਂ ਖ਼ਾਰ ਖਾ ਕੇ ਸਿੱਖਾਂ ਪ੍ਰਤੀ ਨਫ਼ਰਤ ਵਾਲਾ ਰਵੱਈਆ ਧਾਰਨ ਕਰਨ ਲਗਦੇ ਹਨ ਜੋ ਆਖ਼ਰ ਦੁਸ਼ਮਣੀ ਵਿੱਚ ਬਦਲਣ ਲਗਦਾ ਹੈ। ਸਿਲੌਂਗ ਵਿਚਲੀ ਸਿੱਖਾਂ ਵਿਰੁਧ ਹਿੰਸਾ ਇਸੇ ਭਾਵਨਾ ਦਾ ਨਤੀਜਾ ਹੈ।

ਸਿੱਖ ਭਾਈਚਾਰੇ ਉੱਤੇ ਹਿੰਸਕ ਹਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਵਲੋਂ ਭੇਜੇ ਗਏ ਵੱਖ-ਵੱਖ ਵਫਦਾਂ ਵਲੋਂ ਪੰਜਾਬੀ ਲੇਨ ਇਲਾਕੇ ਦੇ ਵਸਨੀਕਾਂ ਨਾਲ ਕੀਤੀ ਗੱਲਬਾਤ ਦੌਰਾਨ ਸਥਿੱਤੀ ਦੇ ਕਈ ਪਹਿਲੂ ਸਾਹਮਣੇ ਆਏ ਹਨ। ਵੱਖ ਵੱਖ ਵਫ਼ਦਾਂ ਦੇ ਦੱਸਣ ਅਨੁਸਾਰ ਇਹਨਾਂ ਵਾਰਦਾਤਾਂ ਦੌਰਾਨ ਇਸ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਸ਼ਿਲਾਂਗ ਵਿਚਲੀ ਵਰ੍ਹਿਆਂ ਤੋਂ ਵਸਦੀ ਆ ਰਹੀ ਪੰਜਾਬੀ ਕਲੋਨੀ ਨਾਲ ਲੰਮੇ ਸਮੇਂ ਤੋਂ ਮਤਰੇਆ ਸਲੂਕ ਹੋ ਰਿਹਾ ਹੈ ਅਤੇ ਉਹਨਾਂ ਦਾ ਉਜਾੜਾ ਕਰ ਕੇ ਯਾਤਰਾ ਸਥਾਨ ਸਥਾਪਤ ਕਰਨ ਲਈ ਯੋਜਨਾਵਾਂ ਉਲੀਕੀਆਂ ਜਾ ਰਹੀਆਂ ਹਨ। ਤਾਜ਼ਾ ਹਿੰਸਾ ਪਿੱਛੇ ਇਕ ਮਾਮੂਲੀ ਝਗੜੇ ਅਤੇ ਸ਼ੋਸ਼ਲ ਮੀਡੀਆ'ਤੇ ਫੈਲੀ ਖ਼ਬਰ ਨੂੰ ਕਾਰਨ ਦੱਸਿਆ ਜਾ ਰਿਹਾ ਹੈ। ਜਦ ਕਿ ਇਹ ਅੱਗ ਹਮੇਸ਼ਾਂ ਸੁਲਗਦੀ ਰਹਿੰਦੀ ਹੈ ਜਿਸ ਦਾ ਕਾਰਨ ਹੈ ਕਿ ਜਿਹੜੇ ਲੋਕ ਬ੍ਰਿਟਿਸ਼ ਰਾਜ ਵੇਲੇ ਏਥੇ ਲਿਆ ਕੇ ਵਸਾਏ ਗਏ ਅਤੇ ਉਹਨਾਂ ਤੋਂ ਗੰਦਗੀ ਸਾਫ ਕਰਵਾਉਣ ਦਾ ਅਤੇ ਮੈਲ਼ਾ ਢੋਣ ਦਾ ਕੰਮ ਲਿਆ ਗਿਆ, ਅੱਜ ਉਹੀ ਲੋਕ ਗੰਦੇ ਲੱਗਣ ਲੱਗ ਪਏ ਹਨ।

ਇਨ੍ਹਾਂ ਵਫ਼ਦਾਂ ਦਾ ਕਹਿਣਾ ਹੈ ਕਿ ਸ਼ਿਲਾਂਗ 'ਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਉਥੇ ਵਸਦੇ ਸਿੱਖਾਂ ਦੀ ਕਾਲੋਨੀ ਨੂੰ ਉਜਾੜਨ ਲਈ ਕੁਝ ਸਵਾਰਥੀ ਤੱਤ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਮੁਖ ਉਦੇਸ਼ ਸਿੱਖਾਂ ਨੂੰ ਸੂਬੇ ਤੋਂ ਬਾਹਰ ਕੱਢਣਾ ਹੈ। ਇਸ ਲਈ ਇੱਕ ਨਿੱਕੀ ਜਿਹੀ ਘਟਨਾਂ ਨੂੰ ਜਿਸ ਤਰ੍ਹਾਂ ਸਾਜਿਸ਼ ਦੇ ਤਹਿਤ ਤੂਲ ਦੇ ਕੇ ਹਿੰਸਾ ਭੜਕਾਉਂਣ ਅਤੇ ਸਿੱਖਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ, ਉਹ ਸਿੱਧੇ ਤੌਰ 'ਤੇ ਕਾਨੂੰਨ ਵਿਵਸਥਾ ਨੂੰ ਚੁਨੌਤੀ ਦੇਣ ਦੇ ਵਰਗਾ ਸੀ।

ਇਸ ਰੌਲੇ ਰੱਪੇ ਦੌਰਾਨ ਇਹ ਗੱਲ ਵੀ ਉੱਭਰੀ ਹੈ ਕਿ ਸੰਨ 2011 'ਚ ਫਿਰਕੂ ਹਿੰਸਾ ਵਿਰੋਧੀ ਬਿਲ ਲਿਆਉਣ ਦੀ ਸਾਬਕਾ ਕਾਂਗਰਸ ਸਰਕਾਰ ਨੇ ਕੋਸ਼ਿਸ਼ ਕੀਤੀ ਸੀ। ਪਰ ਬਿਲ ਦੇ ਕੁਝ ਨੁਕਤਿਆਂ ਉੱਤੇ ਆਮ ਸਹਿਮਤੀ ਨਾ ਬਨਣ ਕਾਰਨ ਮਸਲਾ ਵਿਚੇ ਲਟਕ ਗਿਆ। ਇਹ ਬਿਲ ਘੱਟਗਿਣਤੀਆਂ ਨੂੰ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਨ ਵਾਲਾ ਸੀ। ਹੁਣ ਘੱਟਗਿਣਤੀਆਂ 'ਤੇ ਭੀੜ ਦੇ ਵੱਧਦੇ ਹਮਲੇ ਦੇ ਰੁਝਾਨ ਨੂੰ ਰੋਕਣ ਲਈ ਇਸ ਪ੍ਰਕਾਰ ਦਾ ਬਿਲ ਬੇਹਦ ਜਰੂਰੀ ਹੈ।

ਇਸੇ ਸੰਦਰਭ ਵਿੱਚ ਪੰਥਕ ਜਥੇਬੰਦੀਆਂ ਦੇ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਕੋਰ ਕਮੇਟੀ ਦਾ ਇਹ ਕਹਿਣਾ ਉਚੇਚਾ ਧਿਆਨ ਮੰਗਦਾ ਹੈ ਕਿ ਸਰਕਾਰ ਅਤੇ ਸਥਾਨਕ ਲੋਕਾਂ ਦਾ ਫਰਜ਼ ਬਣਦਾ ਸੀ ਕਿ ਇਹਨਾਂ ਲੋਕਾਂ ਵਲੋਂ ਪਾਏ ਯੋਗਦਾਨ ਦਾ ਸਤਿਕਾਰ ਕਰਦੇ ਅਤੇ ਉਹਨਾਂ ਦੇ ਵੀ ਵਿਕਾਸ ਦਾ ਸਹਾਰਾ ਬਣਦੇ। ਪਰ ਦਲਿਤ ਸਿੱਖਾਂ ਨੂੰ ਮਾਨਸਿਕ ਤੌਰ 'ਤੇ ਇਸ ਕਦਰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਜਿਸ ਨਾਲ ਉਹ ਇਹ ਥਾਂ ਤੇ ਅਪਣੇ ਘਰ-ਬਾਰ ਛੱਡ ਕੇ ਜਾਣ ਲਈ ਮਜ਼ਬੂਰ ਹੋ ਜਾਣ। ਸਿੱਖ ਵਸੋਂ ਵਾਲੀ ਇਸ ਪੰਜਾਬੀ ਕਲੋਨੀ ਨੂੰ ਸਹੂਲਤਾਂ ਤੋਂ ਸੱਖਣਾ ਰੱਖਣਾ ਇਸ ਵਿਤਕਰੇ ਤੇ ਮਤਰੇਏ ਸਲੂਕ ਦਾ ਸਾਰਥਕ ਸਬੂਤ ਹੈ। ਹਿੰਸਕ ਭੀੜ ਵਲੋਂ ਗੁਰਦੁਆਰਾ ਸਾਹਿਬ ਅਤੇ ਸਿੱਖ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੇ ਕੀਤੇ ਕੋਝੇ ਯਤਨ ਅਸਹਿਣਸ਼ੀਲਤਾ ਦਾ ਖੁੱਲ੍ਹਾ ਪ੍ਰਗਟਾਵਾ ਹਨ । ਪੰਥਕ ਤਾਲਮੇਲ ਸੰਗਠਨ ਵਲੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਅਤੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੂੰ ਕੀਤੀ ਖੁੱਲ੍ਹੀ ਅਪੀਲ ਵਿੱਚ ਇਸ ਗੱਲ ਉੱਤੇ ਉਚੇਚਾ ਜੋਰ ਦਿੱਤਾ ਗਿਆ ਹੈ ਕਿ ਅਮਨ-ਅਮਾਨ ਕਾਇਮ ਕਰਨ ਲਈ ਵਿਤਕਰੇ ਵਾਲੇ ਵਤੀਰੇ ਦੀ ਜੜ੍ਹ ਨੂੰ ਫੜਿਆ ਜਾਵੇ। ਇਸ ਦੇਸ਼ ਲਈ ਸਿੱਖਾਂ ਵਲੋਂ ਕੀਤੀਆਂ ਕੁਰਬਾਨੀਆਂ ਨੂੰ ਭੁੱਲ ਕੇ ਵਾਰ-ਵਾਰ ਬੇਗਾਨਗੀ ਦਾ ਅਹਿਸਾਸ ਨਾ ਕਰਵਾਇਆ ਜਾਵੇ। ਦੂਸਰਾ ਇਸ ਹਿੰਸਾ ਪਿੱਛੇ ਕੰਮ ਕਰਦੇ ਸਿਆਸੀ ਤੇ ਸ਼ਰਾਰਤੀ ਲੋਕਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।

ਸਿੱਖ ਬਹੁਗਿਣਤੀ ਵਾਲੇ ਪੰਜਾਬੀ ਲੇਨ ਇਲਾਕੇ 'ਚ ਬੀਤੇ ਵੀਰਵਾਰ ਖਾਸੀ ਕਬੀਲੇ ਦੇ ਵਿਅਕਤੀ ਵਲੋਂ ਸਿੱਖ ਭਾਈਚਾਰੇ ਦੀ ਔਰਤ ਨਾਲ ਬਦਸਲੂਕੀ ਕਰਨ ਤੋਂ ਬਾਅਦ ਹਾਲਾਤ ਹਿੰਸਕ ਹੋਣ ਨੂੰ ਧਿਆਨ ਵਿੱਚ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿਚਲੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਲੋਂ ਮੇਘਾਲਿਆ ਵਿੱਚ ਵਫ਼ਦ ਭੇਜੇ ਜਾਣ ਨਾਲ ਜਿੱਥੇ ਮਸਲਾ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਉਭਰਿਆ ਹੈ ਉੱਥੇ ਪੀੜਤ ਸਿੱਖਾਂ ਵਿੱਚ ਵੀ ਸੁਰੱਖਿਆ ਦਾ ਭਰੋਸਾ ਪੈਦਾ ਹੋਣਾ ਲਾਜ਼ਮੀ ਹੈ।

ਮੇਘਾਲਿਆ ਦੇ ਮੁੱਖ ਮੰਤਰੀ ਵਲੋਂ ਸਥਾਨਕ ਖਾਸੀ ਭਾਈਚਾਰੇ ਅਤੇ ਸਿੱਖਾਂ ਵਿੱਚਕਾਰ ਜਮੀਨ ਵਿਵਾਦ ਨੂੰ ਹਲ ਕਰਨ ਦਾ ਭਰੋਸਾ ਦਿੱਤੇ ਜਾਣ ਅਤੇ ਸੱਤ ਮੈਂਬਰੀ ਉੱਚ ਪੱਧਰੀ ਕਮੇਟੀ ਬਣਾਉਣ ਦਾ ਐਲਾਨ ਆਸ ਬਝਾਉਂਦਾ ਹੈ ਕਿ ਰਾਜ ਸਰਕਾਰ ਪੰਜਾਬੀ ਲੇਨ ਇਲਾਕੇ ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਵਿਵਾਦ ਦਾ ਪੱਕੇ ਤੌਰ ਤੇ ਹੱਲ ਕਰਨ ਲਈ ਕੋਸ਼ਿਸ਼ ਕਰੇਗੀ।

ਇਹ ਅਤੇ ਘੱਟ ਗਿਣਤੀਆਂ ਵਿਰੁਧ ਅਜਿਹੀਆਂ ਹੋਰ ਘਿਣਾਉਣੀਆਂ ਵਾਰਦਾਤਾਂ ਭਾਰਤ ਦੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਐਨਡੀਏ ਸਰਕਾਰ ਦੇ 'ਸਭ ਕਾ ਸਾਥ, ਸਭ ਕਾ ਵਿਕਾਸ' ਵਾਲੇ ਇਸ ਦਾਅਵੇ/ਨਾਅਰੇ ਦਾ ਸ਼ਰੇਆਮ ਮੌਜੂ ਉਡਾਉਂਦੀਆਂ ਹਨ ਜੋ ਅਸਲ ਵਿੱਚ ਸਭ ਦੇਸ਼ ਦੇ ਮੱਥੇ ਉੱਤੇ ਕਲੰਕ ਕਹੀਆਂ ਜਾ ਸਕਦੀਆਂ ਹਨ।

## ਵਕਤ ਕੀ ਤਰਹਿ ਆਜ ਦਬੇ ਪਾਂਵ ਯੇ ਕੌਨ ਆਏ ਹੈਂ..... ?

# ਉਪਰੇਸ਼ਨ ਬਲਿਊ ਸਟਾਰ ਦੀਆਂ ਯਾਦਾਂ 'ਚੋਂ ਕੁਝ ਅਭੁੱਲ ਯਾਦਾਂ



**ਕਰਮਜੀਤ ਸਿੰਘ, ਚੰਡੀਗੜ੍ਹ**

ਫੌਜੀ ਬੂਟਾਂ ਨੇ 3 ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ ਵੱਲ ਆਪਣਾ ਮਾਰਚ ਸ਼ੁਰੂ ਕਰ ਦਿੱਤਾ ਸੀ। ਵੈਸੇ ਮਈ ਦੇ ਆਖਰੀ ਪੰਦਰਵਾੜੇ ਵਿੱਚ



ਹੀ ਫੌਜ ਦੇ ਕਈ ਦਸਤੇ ਸ੍ਰੀ ਅੰਮ੍ਰਿਤਸਰ ਪਹਿਲਾਂ ਹੀ ਪਹੁੰਚ ਚੁੱਕੇ ਸਨ ਅਤੇ ਫੌਜੀ ਅਫਸਰ ਇਸ ਗੱਲ ਦਾ ਜਾਇਜ਼ਾ ਲੈ ਰਹੇ ਸਨ ਕਿ ਉਨ੍ਹਾਂ ਨੇ ਕਿਸ ਥਾਂ 'ਤੇ ਪੁਜੀਸ਼ਨਾਂ ਲੈਣੀਆਂ ਹਨ। ਪੰਜ ਦਰਿਆਵਾਂ ਦੀ ਸਾਰੀ ਧਰਤੀ ਕਰਫਿਊ ਦੀ ਲਪੇਟ ਵਿੱਚ ਸੀ। ਨਾ ਕੋਈ ਪਿੰਡ ਤੇ ਨਾ ਕੋਈ ਸ਼ਹਿਰ ਕਰਫਿਊ ਦੇ ਘੇਰੇ ਵਿੱਚੋਂ ਬਾਹਰ ਸੀ। ਅਜਿਹਾ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਸੀ ਅਤੇ ਸ਼ਾਇਦ ਦੁਨੀਆਂ ਵਿੱਚ ਇਹੋ ਜਿਹੀ ਮਿਸਾਲ ਪਹਿਲੀ ਵਾਰ ਸੀ ਜਦੋਂ ਇਕ ਇਤਿਹਾਸਕ ਸੂਬੇ ਵਿੱਚ ਦੋ ਕਰੋੜ ਦੀ ਵੱਸੋਂ ਉੱਤੇ ਘਰਾਂ ਵਿੱਚੋਂ ਬਾਹਰ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਅਖ਼ਬਾਰਾਂ ਆਪਣੇ ਦਫ਼ਤਰ ਬੰਦ ਕਰ ਰਹੀਆਂ ਸਨ ਅਤੇ ਅਸੀਂ ਪੱਤਰਕਾਰ ਆਪਣੇ ਘਰਾਂ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ। ਅੰਮ੍ਰਿਤਸਰ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਪੀ.ਪੀ.ਐੱਸ ਗਿੱਲ ਦੀ ਇਕ ਨਿਊਜ਼ ਸਟੋਰੀ ਟੈਲੀਪ੍ਰਿੰਟਰ ਉੱਤੇ ਟਿਕ ਟਿਕ ਕਰ ਰਹੀ ਸੀ ਪਰ ਛੇਤੀ ਹੀ ਸਾਰਾ ਕੁਝ ਇਕਦਮ ਬੰਦ ਸੀ। ਜਿਵੇਂ ਹਰ ਜਿਊਂਦੀ ਤੇ ਨਿਰਜੀਵ ਚੀਜ਼ ਤੇ ਪਹਿਰਾ ਲੱਗ ਗਿਆ ਹੋਵੇ। ਸ੍ਰੀ ਦਰਬਾਰ ਸਾਹਿਬ ਵਿੱਚ ਆਉਣ ਵਾਲੇ ਭਿਆਨਕ ਕੱਲ ਦੇ ਸਾਰੇ ਦਰਦਨਾਕ ਦ੍ਰਿਸ਼ ਧੁੰਦਲੇ ਰੂਪ ਵਿੱਚ ਫਿਲਮ ਦੀ ਕਿਸੇ ਰੀਲ ਵਾਂਗ ਨਜ਼ਰਾਂ ਤੋਂ ਅੱਗੜ-ਪਿੱਛੜ ਲੰਘਦੇ ਜਾ ਰਹੇ ਸਨ। ਚੰਡੀਗੜ੍ਹ ਦੀਆਂ ਸ਼ੜਕਾਂ ਉੱਤੇ ਸਕੂਟਰ ਸ਼ਾਮਿਲ ਸੀ, ਸਕੂਟਰ ਉੱਤੇ ਜਾਂਦਿਆਂ ਹੋਇਆਂ ਵੇਖਿਆ ਕਿ 22 ਸੈਕਟਰ ਦੇ ਗੁਰਦੁਆਰੇ ਵਿੱਚ ਗਿਣਤੀ ਦੇ ਕੁਝ ਸਿੰਘ ਹੌਲੀ-ਹੌਲੀ ਗੱਲ ਕਰ ਰਹੇ ਸਨ। ਉਨ੍ਹਾਂ ਦੇ ਚਿਹਰਿਆਂ ਤੇ ਡੂੰਘੀ ਉਦਾਸੀ ਤੇ ਬੇਵਸੀ ਦੀ ਝਲਕ ਸਾਫ ਦੇਖੀ ਜਾ ਸਕਦੀ ਸੀ। ਉਨ੍ਹਾਂ ਸਮਿਆਂ ਵਿੱਚ ਹਿੰਦੂਆਂ ਤੇ ਸਿੱਖਾਂ ਵਿਚਕਾਰ ਬਾਹਰੋਂ-ਬਾਹਰੋਂ ਵੇਖਿਆ ਕੁਝ ਵੀ ਵੱਖਰਾ-ਵੱਖਰਾ ਨਹੀਂ ਦਿਸਦਾ ਸੀ। ਪਰ ਅੰਦਰੋਂ-ਅੰਦਰੀ ਦੋਹਾਂ ਦਰਮਿਆਨ ਵੰਡ ਦੀ ਇੱਕ ਡੂੰਘੀ ਲਕੀਰ ਖਿੱਚੀ ਗਈ ਸੀ। ਟੀ.ਵੀ ਉੱਤੇ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਭਾਸ਼ਣ ਮਗਰੋਂ ਦੋਹਾਂ ਨੇ ਮਿੰਟਾਂ-ਸਕਿੰਟਾਂ ਵਿੱਚ ਆਪਣੇ-ਆਪਣੇ ਮਨਾਂ ਵਿੱਚ ਇਕ ਵੱਡੀ ਕੰਧ ਉਸਾਰ ਲਈ ਸੀ। ਜੇ ਦੋਵੇਂ ਕੌਮਾਂ ਦੀ ਉਨ੍ਹਾਂ ਘੜੀਆਂ-ਪਲਾਂ ਵਿੱਚ ਅੰਦਰੂਨੀ ਮਾਨਸਿਕ ਸਥਿਤੀ ਦਾ ਨਿਰਪੱਖ ਅਨੁਮਾਨ ਲਗਾਇਆ ਜਾਵੇ ਤਾਂ ਇਹ ਅਣਦਿਸਦੀ ਕੰਧ ਕੰਕਰੀ ਤੋਂ ਵੀ ਪੱਕੀ ਤੇ ਮਜ਼ਬੂਤ ਲਗਦੀ ਸੀ। ਹਲਾਤ ਨੂੰ ਵੇਖਣ ਦਾ ਨਜ਼ਰੀਆ ਦੋਹਾਂ ਕੌਮਾਂ ਵਿੱਚ ਇਕ ਦੂਜੇ ਤੋਂ ਉਲਟ ਸੀ। ਸਿੱਖਾਂ ਵਾਸਤੇ ਪੱਕੀਆਂ ਤੇ ਭਰੋਸੇਯੋਗ ਖਬਰਾਂ ਦੇ ਬੀ.ਬੀ.ਸੀ ਹੀ ਇੱਕੋ ਇਕ ਸਾਧਨ ਰਹਿ ਗਿਆ ਸੀ। ਪਰ ਕਿਉਂ ਕਿ ਵਿਦੇਸ਼ੀ ਪੱਤਰਕਾਰਾਂ ਨੂੰ ਵੀ ਪੰਜਾਬ ਛੱਡ ਦੇਣ ਲਈ ਕਹਿ ਦਿਤਾ ਗਿਆ ਸੀ। ਇਸ ਲਈ ਰੇਡੀਓ ਤੇ ਦੂਰਦਰਸ਼ਨ ਦੀਆਂ ਮਨਘੜਤ ਤੇ ਕੱਚੀਆਂ-ਪੱਕੀਆਂ ਖਬਰਾਂ ਨੂੰ ਹਰ ਕੋਈ ਪੁਣਛਾਣ ਕੇ ਆਪਣੇ-ਆਪਣੇ ਹਿਸਾਬ ਨਾਲ ਕੱਚੇ-ਪਿੱਲੇ ਨਤੀਜੇ ਕੱਢ ਕੇ ਤਸੱਲੀਆਂ ਹਾਸਲ ਕਰ ਰਿਹਾ ਸੀ। ਨਿੰਮੋਝੂਣ ਹੋਈ ਉਦਾਸ ਨਿਗਾਹਾਂ ਮਨ ਦੀ ਸਵਾਰੀ ਕਰਕੇ ਉਸ ਥਾਂ ਵੱਲ ਟਿਕੀਆਂ ਹੋਈਆਂ ਸਨ, ਜਿਥੇ ਰੱਬ ਦੀ ਸਿਫਤ ਸਲਾਹ ਵਾਲੇ ਕੀਰਤਨ ਦੀ ਥਾਂ ਗੋਲੀਆਂ ਦੀ ਮੀਂਹ ਵਰ ਰਿਹਾ ਸੀ। ਹਰ ਸਿੱਖ ਇਹ ਜਾਨਣ ਲਈ ਹੱਦੋਂ ਵੱਧ ਉਤਾਵਲਾ ਸੀ ਕਿ ਉਥੇ ਕੀ ਹੋ ਰਿਹਾ ਹੈ ? ਸਿੰਘ ਸੂਰਮੇ ਮੁਕਾਬਲਾ ਕਰ ਰਹੇ ਹਨ ? ਉਨ੍ਹਾਂ ਮਰਦਾਂ-ਇਸਤਰੀਆਂ, ਬਜ਼ੁਰਗਾਂ ਤੇ ਬੱਚਿਆਂ ਨਾਲ ਕੀ ਭਾਣਾ ਵਾਪਰਿਆ ਹੋਵੇਗਾ, ਜੋ ਪੰਜਵੇਂ ਗੁਰੂ ਦਾ ਸ਼ਹੀਦੀ ਦਿਵਸ ਮਨਾਉਣ ਲਈ ਇਕੱਠੇ ਹੋਏ ਸਨ ? ਅਜਿਹੀ ਹਾਲਤ ਵਿੱਚ ਕਿੰਨੇ ਕੁ ਘਰਾਂ ਨੂੰ ਸੁੱਖੀ ਸਾਂਦੀ ਪਰਤ ਸਕਣਗੇ ? ਨਵੇਂ ਅਬਦਾਲੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਦਾ ਕੀ ਹਾਲ ਕਰ ਦਿੱਤਾ ਹੋਵੇਗਾ ? ਗੱਲ ਕੀ ਉਸ ਸਮੇਂ ਸਾਰੀ ਕੌਮ ਦੀਆਂ ਯਾਦਾਂ ਵਿੱਚ ਪਿਛਲਾ ਸਿੱਖ ਇਤਿਹਾਸ ਸਾਕਾਰ ਹੋ ਰਿਹਾ ਸੀ। ਸਾਰੀ ਕੌਮ ਦੇ ਦਿਲ ਸੁਚੇਰੇ ਰੂਪ ਵਿੱਚ ਉਨ੍ਹਾਂ ਸਿੰਘਾਂ ਨਾਲ ਅਰਦਾਸ ਵਿੱਚ ਜੁੜੇ ਹੋਏ ਸਨ, ਜਿੰਨ੍ਹਾਂ ਨੇ ਦੁਨੀਆਂ ਦੀ ਇਸ ਅਸਾਵੀਂ ਜੰਗ ਵਿੱਚ ਭਾਰਤੀ ਫੌਜਾਂ ਦੇ ਭਾਰੀ ਲਸ਼ਕਰਾਂ ਨੂੰ 60 ਘੰਟਿਆਂ ਤੱਕ ਰੋਕ ਕੇ ਰੱਖਿਆ ਸੀ..... ਤੇ ਫਿਰ ਜੰਗ ਖਤਮ ਹੋਈ। ਸੈਂਸਰ ਦੇ ਭਾਰ ਹੇਠ ਦੱਬੀਆਂ ਖਬਰਾਂ ਵਿੱਚੋਂ ਵੀ ਲੋਕਾਂ ਨੇ ਸੱਚ ਪੜ੍ਹਿਆ ਤੇ ਅੱਖੀਂ ਦੇਖਿਆ, ਉਸ ਨਾਲ ਸਾਰੀ ਕੌਮ ਇਕ ਵਾਰ ਤਾਂ ਸੁੰਨ-ਮਸੁੰਨ ਹੋ ਕੇ ਰਹਿ ਗਈ ਸੀ। ਹਜ਼ਾਰਾਂ ਨੌਜਵਾਨ ਆਪਣੀਆਂ ਪੜ੍ਹਾਈਆਂ ਛੱਡ ਕੇ ਉਨ੍ਹਾਂ ਰਸਤਿਆਂ ਤੇ ਪੈ ਗਏ ਸਨ, ਜਿਨ੍ਹਾਂ ਰਸਤਿਆਂ ਤੇ ਤੁਰਨ ਦੇ ਦਰਦ ਦੀ ਸਾਚੀ ਸਾਖੀ ਹੁਣ ਇਤਿਹਾਸ ਦਾ ਹਿੱਸਾ ਹੈ। ਪਰ ਇਹ ਸਾਡੀਆਂ ਯਾਦਾਂ ਵਿੱਚ ਸਾਡੇ ਸਾਹਾਂ ਦੇ ਨਾਲ ਹੀ ਮੁੱਕੇਗੀ। ਅਮਰੀਕਾ ਦੇ ਇਕ ਮਹਾਨ ਕਲਾਕਾਰ ਗ੍ਰੈਂਡਮਾ ਮੌਜ਼ਿਜ਼ (1860-1961) ਯਾਦ ਦੀ ਬਰਕਤ ਤੇ ਮਹਾਨਤਾ ਬਾਰੇ ਬੜੀ ਖ਼ੂਬਸੂਰਤ ਪ੍ਰੀਭਾਸ਼ਾ ਕਰਦੀ ਹੋਈ ਸਾਨੂੰ ਦਸਦੀ ਹੈ ਕਿ ਯਾਦ ਅਤੇ ਉਮੀਦ ਇਕੋ ਹੀ ਤਸਵੀਰ ਦੇ ਪਾਸੇ ਦਾ ਮੂੰਹ ਅਗਾਂਹ ਵੱਲ ਨੂੰ ਇਕ ਅੱਜ ਦੀ ਗੱਲ ਕਰਦਾ ਹੈ ਅਤੇ ਦੂਜੇ ਵਿੱਚ ਆਉਣ ਵਾਲਾ ਕੱਲ ਛੁਪਿਆ ਹੁੰਦਾ ਹੈ। ਯਾਦ ਇਕ ਤਰ੍ਹਾਂ ਦਾ ਇਤਿਹਾਸ ਹੈ, ਜਿਹੜਾ ਸਾਡੇ ਦਿਮਾਗਾਂ ਵਿੱਚ ਸਾਂਭਿਆ ਜਾਂਦਾ ਹੈ। ਯਾਦ ਇਕ ਚਿੱਤਰਕਾਰ ਦੀ ਤਰ੍ਹਾਂ ਦੀ ਹੁੰਦੀ ਹੈ, ਜੋ ਬੀਤੇ ਦਾ ਵੀ ਅਤੇ ਅੱਜ ਦਾ ਵੀ ਨਕਸ਼ਾ ਖਿੱਚਦੀ ਹੈ। ਆਪਣੇ ਦੇਸ਼ ਦੀਆਂ ਬਹੁਤੀਆਂ ਅਖ਼ਬਾਰਾਂ ਵਿੱਚ ਮੌਤ ਦੇ ਇਸ ਤਾਂਡਵ ਨਾਲ ਹੀ 'ਸਫਲਤਾ' ਤੇ ਇਕ-ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਧਾਵਾ ਬੋਲਣ ਵਾਲੇ ਇਕ ਜਰਨੈਲ ਕੇ.ਐੱਸ. ਬਰਾੜ ਨੇ ਤਾਂ ਖੁਦ ਮੰਨਿਆਂ ਹੈ ਕਿ ਇਕ ਕੌਮ ਦੇ ਕੁਝ ਲੋਕ ਖੁਸ਼ੀ ਵਿੱਚ ਫੌਜੀਆਂ ਨੂੰ ਮਠਿਆਈਆਂ ਵੰਡਣ ਵੀ ਆਏ। ਇੰਝ ਹਾਲਾਤ ਦਾ ਸੱਚ ਸੱਚਮੁੱਚ ਹੀ ਕਿਨਾਰੇ ਤੇ ਚਲਾ ਗਿਆ ਸੀ। ਪਰ ਦੂਜੇ ਪਾਸੇ ਵਿਦੇਸ਼ੀ ਅਖ਼ਬਾਰਾਂ ਸੱਚ ਨੂੰ ਜੱਗ ਜਾਹਿਰ ਕਰਨ ਲਈ ਇਕ ਦੂਜੇ ਤੋਂ ਅੱਗੇ ਆ ਰਹੀਆਂ ਸਨ। ਉਨ੍ਹਾਂ ਵਿੱਚ ਹੀ ਇੱਕ ਪ੍ਰਸਿੱਧ ਅਖ਼ਬਾਰ 'ਡੇਲੀ ਐਕਸਪ੍ਰੈਸ ਲੰਡਨ' ਵੱਲੋਂ 19 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਬਾਰੇ ਤੇ ਸਿੱਖ ਕੌਮ ਦੇ ਭਵਿੱਖ ਬਾਰੇ ਕੁਝ ਇਸ ਤਰ੍ਹਾਂ ਦੀ ਖ਼ਬਰ ਦਿੱਤੀ ਗਈ ਕਿ ਉਹਰਿਮੰਦਰ ਦੇ ਅਸ਼ਾਂਤ ਵਾਤਾਵਰਨ ਨੂੰ ਸ਼ਾਂਤ ਕਰਨ ਲਈ ਵੀ ਕੋਈ ਵੀ ਅਰਦਾਸ ਨਹੀਂ ਹੋ ਰਹੀ..... ਸੰਗੀਤ ਦੇ ਸਾਜ ਜੋ ਕਿ ਸਦੀਆਂ ਤੋਂ ਆਪਣੀਆਂ ਅਨਹਦ ਧੁਨਾਂ ਨਾਲ ਅੰਮ੍ਰਿਤ ਦੀ ਵਰਖਾ ਕਰਦੇ ਆ ਰਹੇ ਸਨ, ਪੂਰੀ ਤਰ੍ਹਾਂ ਖਾਮੋਸ਼ ਸਨ। ਇਥੇ ਕੋਈ ਵੀ ਸ਼ਰਧਾਲੂ ਨਹੀਂ ਸਿਰਫ ਫੌਜ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਾ ਕੋਈ ਨਹੀਂ ਰਹਿ ਗਿਆ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਉਵੈਟੀਕਨ (ਇਸਾਈਆਂ ਦਾ ਸਰਵਉੱਚ ਧਾਰਮਿਕ ਅਸਥਾਨ)" ਪੋਪ ਤੋਂ ਬਿਨਾਂ ਹੋਵੇ। ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਖਾਮੌਸ਼ ਹੈ। ਇੰਦਰਾ ਗਾਂਧੀ ਨੇ ਇਹ ਕੁਕਰਮ ਕਰਕੇ ਆਉਣ ਵਾਲੀ ਨਸਲ ਲਈ ਇਕ ਕੌੜੀ ਫਸਲ ਤਿਆਰ ਕਰ ਲਈ ਹੈ।" ਲੰਡਨ ਦੇ ਛਪਦੇ 'ਟਾਈਮਜ਼' ਨੇ 21 ਜੂਨ 1984 ਵਾਲੇ ਦਿਨ ਸੰਤ ਜਰਨੈਲ ਸਿੰਘ ਨੂੰ ਕੁਝ ਇਸ ਤਰ੍ਹਾਂ ਸ਼ਰਧਾਜ਼ਲੀ ਦਿੱਤੀ: ਉਸਿੱਖ ਸ਼ਹੀਦਾਂ ਦੀ ਲੰਮੀ ਕਤਾਰ ਵਿੱਚ ਸੰਤ ਜਰਨੈਲ ਸਿੰਘ ਨੇ ਆਪਣਾ ਨਾਅ ਜੋੜ ਕੇ ਪਿਛਲੇ ਹਫਤੇ ਗੋਲੀਆਂ ਦੀ ਬੁਛਾੜ ਵਿੱਚ ਜੋ ਸ਼ਹੀਦੀ ਪਾਈ ਹੈ ਉਹ ਹਿੰਦੁਸਤਾਨ ਦੀ ਤਾਨਾਸ਼ਾਹੀ ਹਕੂਮਤ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਖਤਰਾ ਸਾਬਿਤ ਹੋ ਸਕਦੀ ਹੈ ਜਦ ਸੰਤ ਜਰਨੈਲ ਸਿੰਘ ਜਿਊਂਦੇ ਸਨ।"

# ਜੂਨ '84 ਦਾ ਖ਼ੂਨੀ ਘੱਲੂਘਾਰਾ ਬਨਾਮ ਸਿੱਖ ਨਸਲਕੁਸ਼ੀ

**ਡਾ. ਗੁਰਦਰਸ਼ਨ ਸਿੰਘ ਢਿੱਲੋਂ**
(ਮੋਬਾਈਲ : 98151-43911)



ਸਿੱਖਾਂ ਦੇ ਇਤਿਹਾਸ ਵਿਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ-84 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦਰਦਨਾਕ ਸੀ। ਇਹ ਖ਼ੂਨੀ ਹਮਲਾ ਸਿੱਖਾਂ ਦੀ ਦਾਸਤਾਂ ਵਿਚ ਨਾ-ਭੁੱਲਣ ਵਾਲਾ ਘਟਨਾਕ੍ਰਮ ਹੈ। ਬੀਜੇਪੀ ਦੇ ਵੱਡੇ ਨੇਤਾ ਐਲ.ਕੇ. ਅਡਵਾਨੀ ਨੇ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇਦਰਾ ਗਾਂਧੀ ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ ਜਾਵੇ। ਇਥੇ ਖ਼ਾਸ ਤੌਰ 'ਤੇ ਵਰਣਨਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਵੀ ਇਸ ਘਟਨਾਕ੍ਰਮ ਵਿਚ ਦਿੱਲੀ ਵਾਲਿਆਂ ਨਾਲ ਅੰਦਰੂਨੀ ਤੌਰ ਤੇ ਇਕਮਿਕ ਹੋਣ ਦੀ ਚਰਚਾ ਆਮ ਹੈ। ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਹਾਲੇ ਇਸ ਖ਼ੂਨੀ ਘਟਨਾਕ੍ਰਮ ਬਾਰੇ ਕਾਫ਼ੀ ਕੁਝ ਲਿਖਣਾ ਹੈ, ਜੋ ਬਾਕੀ ਹੈ। ਮੈਂ ਇਥੇ ਖ਼ਾਸ ਤੌਰ 'ਤੇ ਪਾਕਿਸਤਾਨ ਦੇ ਪੰਜਾਬੀ ਕਵੀ ਅਫ਼ਜ਼ਲ ਅਹਿਸਨ ਰੰਧਾਵਾ ਦੀ ਇਸ ਘਟਨਾ 'ਤੇ ਲਿਖੀ ਹੋਈ ਇਕ ਕਵਿਤਾ ਵਿਚੋਂ ਇਕ ਲਾਈਨ ਪਾਠਕਾਂ ਅੱਗੇ ਪੇਸ਼ ਕਰ ਰਿਹਾ ਹਾਂ :

"ਅੱਜ ਤਪਦੀ ਭੱਠੀ ਬਣ ਗਿਆ,
ਮੇਰਾ ਸਗਲੇ ਵਾਲਾ ਪੈਰ,
ਅੱਜ ਵੈਰੀਆਂ ਕੱਢ ਵਿਖਾਲਿਆ,
ਹਾਇ! ਪੰਜ ਸਦੀਆਂ ਦਾ ਵੈਰ।"

ਸਾਕਾ ਨੀਲਾ ਤਾਰਾ ਨਾਂ ਨਾਲ ਜਾਣੇ ਜਾਂਦੇ, ਦਰਬਾਰ ਸਾਹਿਬ ਤੇ ਕੀਤੇ ਗਏ ਫ਼ੌਜੀ ਹਮਲੇ ਨੇ ਆਜ਼ਾਦ ਭਾਰਤ ਦੇ ਹੁਕਮਰਾਨਾਂ ਦੀ ਨਾਕਾਰਾਤਮਕ ਸਿਆਸਤ, ਫ਼ਿਰਕੂ ਵਿਚਾਰਧਾਰਾ, ਦੋਗਲੀ ਨੀਤੀ ਅਤੇ ਦੇਸ਼ ਦੀਆਂ ਘੱਟ-ਗਿਣਤੀਆਂ ਪ੍ਰਤੀ ਦੁਰਭਾਵਨਾਵਾਂ ਅਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਜ਼ੁਲਮ ਦੀ ਤਸਵੀਰ ਨੂੰ ਪ੍ਰਤੱਖ ਰੂਪ ਵਿਚ ਸੰਸਾਰ ਸਾਹਮਣੇ ਲੈ ਆਂਦਾ। ਪ੍ਰੰਤੂ ਭਾਰਤੀ ਮੀਡੀਏ ਅਤੇ ਇਤਿਹਾਸਕਾਰਾਂ ਨੇ ਇਸ ਦੁਖਦਾਈ ਘਟਨਾ ਦੇ ਵੱਖ ਵੱਖ ਪਹਿਲੂਆਂ ਦਾ ਸਹੀ ਵਿਸ਼ਲੇਸ਼ਣ ਨਹੀਂ ਕੀਤਾ। ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਇਕ ਗਹਿਰੀ ਸਾਜ਼ਿਸ਼ ਅਧੀਨ ਦੇਸ਼ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਪੂਰੀ ਤਰ੍ਹਾਂ ਸਰਗਰਮ ਕਰ ਦਿਤਾ ਗਿਆ ਸੀ। ਪਹਾੜੀ ਇਲਾਕੇ ਵਿਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਨੂੰ ਤਬਾਹ ਕਰਨ ਦੀ ਵਿਉਂਤ ਬਣਾਈ ਜਾ ਰਹੀ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ, ਜਿਨ੍ਹਾਂ ਨੇ ਖ਼ੁਫ਼ੀਆ ਤੌਰ 'ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਆਪਣੀ ਸਲਾਹ ਪੇਸ਼ ਕੀਤੀ ਸੀ। ਕਵੀ ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿਚ 'ਹਿੰਦ-ਪੰਜਾਬ ਜੰਗ' ਦੀਆਂ ਪੂਰੀਆਂ ਤਿਆਰੀਆਂ ਕਸੀਆਂ ਗਈਆਂ ਸਨ। ਸਭ ਤੋਂ ਅਫ਼ਸੋਸਜਨਕ ਗੱਲ ਤਾਂ ਇਹ ਹੈ ਕਿ ਇਕ ਪਾਸੇ ਤਾਂ ਫ਼ੌਜੀ ਹਮਲੇ ਦੀ ਪੂਰੀ ਤਿਆਰੀ ਸੀ ਤੇ ਦੂਜੇ ਪਾਸੇ ਇਕ ਬਹੁਤ ਹੀ ਕੋਝੀ ਦੋਗਲੀ ਨੀਤੀ ਦੇ ਅਧੀਨ ਪ੍ਰਧਾਨ ਮੰਤਰੀ ਇਦਰਾ ਗਾਂਧੀ, ਸਿੱਖ ਨੇਤਾਵਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ, ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਦਾ ਸੱਦਾ ਦੇ ਰਹੀ ਸੀ। ਵਿਖਾਵੇ ਮਾਤਰ ਗੱਲਬਾਤ ਦੇ ਕੋਈ ਦੋ ਦਰਜਨ ਤੋਂ ਵੀ ਵੱਧ ਦੌਰ ਚੱਲਦੇ ਰਹੇ। ਸਮਝੌਤਾ ਕਰਵਾਉਣ ਵਾਲਿਆਂ ਵਿਚ ਦੇਸ਼ ਦੇ ਮੰਨੇ ਪ੍ਰਮੰਨੇ ਪਤਵੰਤੇ ਵਿਅਕਤੀ ਸ਼ਾਮਲ ਸਨ ਜਿਵੇਂ ਕਿ ਸਰਵਣ ਸਿੰਘ, ਇੰਦਰ ਕੁਮਾਰ ਗੁਜਰਾਲ, ਕੁਲਦੀਪ ਨਈਅਰ, ਕੈਪਟਨ ਅਮਰਿੰਦਰ ਸਿੰਘ, ਹਰਕਿਸ਼ਨ ਸਿੰਘ ਸੁਰਜੀਤ, ਫ਼ਾਰੂਕ ਅਬਦੁੱਲਾ ਅਤੇ ਕਈ ਹੋਰ। ਇਨ੍ਹਾਂ ਸਭਨਾਂ ਨੇ ਇਦਰਾ ਗਾਂਧੀ ਦੀ ਦੋਗਲੀ ਨੀਤੀ ਦਾ ਪ੍ਰਗਟਾਵਾ ਕੀਤਾ। ਗੁਜਰਾਲ ਨੇ ਏ.ਜੀ. ਨੂਰਾਨੀ ਨੂੰ ਇਕ ਇੰਟਰਵਿਊ ਵਿਚ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਈ ਮਨਸ਼ਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਨੇ ਇਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ। ਪ੍ਰੰਤੂ ਇਹ ਦੁਨੀਆਂ ਨੂੰ ਗੁਮਰਾਹ ਕਰਨ ਦੀ ਇਕ ਲੂੰਬੜ ਚਾਲ ਸੀ। ਸਿੱਖਾਂ ਨਾਲ ਟਕਰਾਉ ਦਾ ਮਨ ਤਾਂ ਇਦਰਾ ਗਾਂਧੀ ਨੇ ਬਹੁਤ ਪਹਿਲਾਂ ਹੀ ਬਣਾ ਰੱਖਿਆ ਸੀ। ਸੰਨ 1975 ਵਿਚ ਲਗਾਈ ਗਈ ਐਮਰਜੈਂਸੀ ਦੀ ਦੇਸ਼ ਵਿਚ ਸਭ ਤੋਂ ਵੱਧ ਵਿਰੋਧਤਾ ਅਕਾਲੀ ਦਲ ਦੀ ਅਗਵਾਈ ਵਿਚ ਹੀ ਹੋਈ ਸੀ। ਇਦਰਾ ਗਾਂਧੀ ਲਈ ਹੁਣ ਸਿੱਖਾਂ ਨੂੰ ਸਬਕ ਸਿਖਾਉਣ ਦਾ ਬਹੁਤ ਵਧੀਆ ਅਵਸਰ ਮਿਲਿਆ ਸੀ। ਦੂਜਾ ਕਾਰਨ ਇਹ ਸੀ ਕਿ ਫ਼ਿਰਕੂ ਵਿਚਾਰਧਾਰਾ ਅਧੀਨ ਇਦਰਾ ਗਾਂਧੀ ਹਿੰਦੂ ਰਾਸ਼ਟਰ ਦੀ ਸਰਪ੍ਰਸਤ ਬਣ ਕੇ ਭਾਜਪਾ ਨੂੰ ਮਾਤ ਪਾਉਣਾ ਚਾਹੁੰਦੀ ਸੀ ਅਤੇ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰਨਾ ਚਾਹੁੰਦੀ ਸੀ। ਪੰਜਾਬ ਦੀਆਂ ਰਾਜਨੀਤਕ ਸਮੱਸਿਆਵਾਂ ਨੂੰ ਫ਼ਿਰਕੂ ਰੰਗ ਦੇ ਕੇ ਅਮਨ-ਕਾਨੂੰਨ ਦੀ ਸਮੱਸਿਆ ਵਿਚ ਬਦਲ ਦੇਣ ਦੀ ਕੋਝੀ ਚਾਲ ਚੱਲ ਰਹੀ ਸੀ।

ਸੰਨ 1982 ਵਿਚ ਲੱਗਿਆ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲ੍ਹਾਂ ਵਿਚ ਗਏ ਸਨ। ਮੋਰਚੇ ਦੀਆਂ ਸਮਾਜਕ, ਆਰਥਕ ਅਤੇ ਰਾਜਨੀਤਕ ਮੰਗਾਂ ਬਹੁਤ ਹੀ ਜਾਇਜ਼ ਸਨ ਅਤੇ ਭਾਰਤੀ ਸੰਵਿਧਾਨ ਦੇ ਖੇਤਰ ਵਿਚ ਰਹਿ ਕੇ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ। ਪ੍ਰੰਤੂ ਜਦੋਂ ਦੇਸ਼ ਦੇ ਹੁਕਮਰਾਨ ਇਨਸਾਫ਼ ਦੇਣ ਦਾ ਰਸਤਾ ਛੱਡ ਕੇ, ਟਕਰਾਅ ਦਾ ਰਸਤਾ ਅਪਣਾ ਲੈਣ ਅਤੇ ਅਪਣੇ ਹੀ ਦੇਸ਼ ਵਾਸੀਆਂ ਦੇ ਖ਼ੂਨ ਖ਼ਰਾਬੇ ਦੀ ਪ੍ਰਵਾਹ ਨਾ ਕਰਨ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ?

ਇਕ ਗਿਣੀ ਮਿਥੀ ਚਾਲ ਅਧੀਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ 6 ਜੂਨ ਦਾ ਦਿਨ ਜਾਣਬੁਝ ਕੇ ਚੁਣਿਆ ਗਿਆ। ਇਹ ਦਿਨ ਦਰਬਾਰ ਸਾਹਿਬ ਦੇ ਨਿਰਮਾਤਾ ਪੰਜਵੇਂ ਸਿੱਖ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਸੀ ਜਦੋਂ ਕਿ ਹਜ਼ਾਰਾਂ ਦੀ ਤਾਦਾਦ ਵਿਚ ਸ਼ਰਧਾਲੂ ਪੰਜਾਬ ਦੇ ਕੋਨੇ-ਕੋਨੇ ਤੋਂ ਇਥੇ ਇਕੱਤਰ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਵਿਦੇਸ਼ੀ ਹਮਲਾਵਰ ਵੀ ਦਰਬਾਰ ਸਾਹਿਬ ਤੇ ਹਮਲਾ ਕਰਨ ਵੇਲੇ ਕਿਸੇ ਤਿਉਹਾਰ ਜਾਂ ਗੁਰਪੁਰਬ ਦਾ ਦਿਹਾੜਾ ਹੀ ਚੁਣਦੇ ਸਨ। ਅੰਗਰੇਜ਼ੀ ਰਾਜ ਸਮੇਂ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵੀ ਵਿਸਾਖੀ ਦੇ ਦਿਨ ਹੀ ਵਾਪਰਿਆ ਸੀ। ਭਾਰਤ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਹਮਲਾ ਕਰਨ ਤੋਂ ਪਹਿਲਾਂ ਅੰਦਰ ਗਏ ਵਿਅਕਤੀਆਂ ਨੂੰ ਕੋਈ ਨੋਟਿਸ ਦਿੰਦੇ ਜਾਂ ਉਨ੍ਹਾਂ ਦੇ ਵਾਰੰਟ ਜਾਰੀ ਕਰਦੇ ਜਾਂ ਉਨ੍ਹਾਂ ਵਿਰੁੱਧ ਕੇਸ ਰਜਿਸਟਰ ਕਰਦੇ। ਸਾਰੇ ਘਟਨਾਕ੍ਰਮ ਵਿਚ ਨਾ ਤਾਂ ਖਾੜਕੂਆਂ ਦੀ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚਿਤਾਵਨੀ ਦਿਤੀ ਗਈ। ਸਾਰੇ ਪੰਜਾਬ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਮੀਡੀਆ ਤੇ ਪਾਬੰਦੀ ਲਗਾ ਦਿਤੀ ਗਈ। ਤਿੰਨ ਦਿਨਾਂ ਲਈ ਅਖ਼ਬਾਰ ਵੀ ਬੰਦ ਕਰ ਦਿਤੇ ਗਏ। ਦਰਬਾਰ ਸਾਹਿਬ ਤੋਂ ਬਾਹਰ ਨਿਕਲਣ ਦੇ ਸਾਰੇ ਰਸਤੇ ਬੰਦ ਕਰ ਦਿਤੇ ਗਏ। ਟੈਲੀਫ਼ੋਨ, ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਵੀ ਕੱਟ ਦਿਤੇ ਗਏ। ਗੁਰਪੁਰਬ ਮੌਕੇ ਹੁਮ-ਹੁਮਾ ਕੇ ਆਏ ਸ਼ਰਧਾਲੂ, ਜਿਨ੍ਹਾਂ ਵਿਚ ਇਸਤਰੀਆਂ, ਮਰਦ, ਬਜ਼ੁਰਗ ਅਤੇ ਬੱਚੇ ਸਭ ਸ਼ਾਮਲ ਸਨ, ਕਹਿਰ ਦੀ ਗਰਮੀ ਵਿਚ ਪਾਣੀ ਪੀਣ ਤੋਂ ਵੀ ਤਰਸ ਗਏ।

ਦਰਬਾਰ ਸਾਹਿਬ 'ਤੇ ਹਮਲੇ ਲਈ 15000 ਫ਼ੌਜੀ ਅੱਗੇ ਲਿਆਂਦੇ ਗਏ ਅਤੇ 35000 ਫ਼ੌਜੀਆਂ ਨੂੰ ਤਿਆਰ ਬਰ ਤਿਆਰ ਰਹਿਣ ਦੇ ਆਦੇਸ਼ ਦਿਤੇ ਗਏ। ਹਮਲੇ ਦੇ ਸ਼ੁਰੂ ਵਿਚ ਮਸ਼ੀਨ ਗੰਨਾਂ ਅਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅੰਦਾਜ਼ਾ ਲਗਾਇਆ ਗਿਆ ਸੀ ਕਿ 48 ਘੰਟਿਆਂ ਵਿਚ ਹੀ ਆਰਮੀ ਸਥਿਤੀ 'ਤੇ ਕਾਬੂ ਪਾ ਲਵੇਗੀ ਪਰ ਇਹ ਅਨੁਮਾਨ ਗ਼ਲਤ ਨਿਕਲਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਮੌਤ ਤੋਂ ਨਾ ਡਰਨ ਵਾਲੇ ਸਾਥੀਆਂ ਨੇ ਚਾਰ ਦਿਨ ਡਟ ਕੇ ਮੁਕਾਬਲਾ ਕੀਤਾ। ਚੌਥੇ ਦਿਨ ਆਰਮੀ ਨੇ ਟੈਂਕਾਂ ਨਾਲ ਵਾਰ ਕੀਤਾ ਅਤੇ ਕੰਪਲੈਕਸ ਅੰਦਰ ਘੁਸ ਗਏ। ਅਕਾਲ ਤਖ਼ਤ ਢਹਿ ਢੇਰੀ ਹੋ ਗਿਆ। ਪੰਜ-ਛੇ ਹਜ਼ਾਰ ਦੇ ਕਰੀਬ ਸਿੱਖ, ਫ਼ੌਜੀ ਤਸ਼ੱਦਦ ਦਾ ਸ਼ਿਕਾਰ ਬਣਾਏ ਗਏ। ਇਨ੍ਹਾਂ ਵਿਚ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦੱਸੀ ਜਾਂਦੀ ਹੈ। ਬਾਕੀ ਸਾਰੇ ਤਾਂ ਨਿਹੱਥੇ ਸਿੱਖ ਸ਼ਰਧਾਲੂ ਅਤੇ ਦਰਬਾਰ ਸਾਹਿਬ ਦੇ ਕਰਮਚਾਰੀ ਅਤੇ ਸੇਵਾਦਾਰ ਹੀ ਸਨ। ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਪੱਗੜੀਆਂ ਉਤਾਰ ਕੇ, ਇਨ੍ਹਾਂ ਪੱਗੜੀਆਂ ਨਾਲ ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ, ਇਕ ਲਾਈਨ ਵਿਚ ਬਿਠਾ ਕੇ, ਪੂਰੀ ਬੇਰਹਿਮੀ ਨਾਲ ਸ਼ੂਟ ਕਰ ਦਿੱਤਾ ਗਿਆ। ਸਿੱਖ ਰੈਂਫਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿਚ 72 ਹੋਰ ਗੁਰਦਵਾਰਿਆਂ ਉਪਰ ਵੀ ਭਾਰਤੀ ਫ਼ੌਜ ਨੇ ਸਰਕਾਰ ਦੇ ਆਦੇਸ਼ ਅਨੁਸਾਰ ਹਮਲਾ ਕੀਤਾ, ਭਾਵੇਂ ਇਨ੍ਹਾਂ ਗੁਰਦਵਾਰਿਆਂ ਅੰਦਰ ਮੁਕਾਬਲਾ ਕਰਨ ਵਾਲਾ ਕੋਈ ਵੀ ਮੌਜੂਦ ਨਹੀਂ ਸੀ। ਫ਼ਿਰਕੂ ਭਾਵਨਾਵਾਂ ਨਾਲ ਪ੍ਰੇਰਿਤ ਫ਼ੌਜੀਆਂ ਨੇ ਸਿੱਖ ਨੌਜਵਾਨਾਂ ਦਾ ਜੋ ਕਤਲੇਆਮ ਕੀਤਾ, ਉਹ ਬਿਆਨ ਤੋਂ ਬਾਹਰ ਹੈ। ਇਥੇ ਵਰਣਨਯੋਗ ਹੈ ਕਿ ਇਨ੍ਹਾਂ ਦਿਲ-ਕੰਬਾਊ ਘਟਨਾਵਾਂ ਤੋਂ ਬਾਅਦ ਪੰਜਾਬ ਵਿਚ ਕੋਈ ਫ਼ਿਰਕੂ ਦੰਗੇ ਵੇਖਣ ਵਿਚ ਨਹੀਂ ਆਏ ਜਿਵੇਂ ਕਿ ਇਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖ-ਵਿਰੋਧੀ ਕਤਲੇਆਮ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਕੀਤੇ ਗਏ।

ਦਰਬਾਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਤੇ ਕੀਤੇ ਗਏ ਵਹਿਸ਼ੀ ਹਮਲਿਆਂ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿਤਾ। ਉਨ੍ਹਾਂ ਦੇ ਸਵੈ-ਮਾਣ ਤੇ ਬਹੁਤ ਹੀ ਗਹਿਰੀ ਸੱਟ ਵੱਜੀ। ਇਸ ਦੀ ਪ੍ਰਵਾਹ ਨਾ ਕਰਦਿਆਂ ਸਰਕਾਰ ਨੇ ਪੰਜਾਬ ਵਿਚ ਜਬਰ ਜ਼ੁਲਮ ਦਾ ਦੌਰ ਜਾਰੀ ਰੱਖਿਆ। ਮਨੁੱਖੀ ਅਧਿਕਾਰਾਂ ਦਾ ਜੋ ਘਾਣ ਪੰਜਾਬ ਵਿਚ ਹੋਇਆ, ਉਸ ਦੀ ਮਿਸਾਲ ਸਾਰੇ ਦੇਸ਼ ਵਿਚ ਨਹੀਂ ਮਿਲਦੀ। ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਆਪਣੀ ਗ਼ੁਲਾਮੀ ਅਤੇ ਬੇਵਸੀ ਦਾ ਅਹਿਸਾਸ ਹੋਣ ਲੱਗਾ। ਇਸ ਸਾਕੇ ਨੇ ਦੇਸ਼ ਦੀ ਧਰਮ ਨਿਰਪੱਖਤਾ 'ਤੇ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿਤਾ। ਹੁਕਮਰਾਨਾਂ ਦੀ ਨਾਕਾਰਾਤਮਕ ਸਿਆਸਤ ਦਾ ਬਹੁਤ ਹੀ ਕੋਝਾ ਰੂਪ ਵੇਖਣ ਵਿਚ ਆਇਆ ਜਦੋਂ ਸਾਕੇ ਨਾਲ ਸਬੰਧਿਤ ਫ਼ੌਜੀ ਅਫ਼ਸਰਾਂ ਨੂੰ ਤਰੱਕੀ ਅਤੇ ਪੁਰਸਕਾਰ ਦਿਤੇ ਗਏ। ਇਦਰਾ ਗਾਂਧੀ ਦੀ ਫ਼ਿਰਕੂ ਵਿਚਾਰਧਾਰਾ ਬਹੁਤ ਹੀ ਚੰਡਾਲ ਰੂਪ ਧਾਰਨ ਕਰ ਗਈ ਸੀ। ਇਸ ਸਾਕੇ ਨਾਲ ਤਾਂ ਉਸ ਨੇ ਭਾਜਪਾ ਨੂੰ ਵੀ ਮਾਤ ਪਾ ਦਿੱਤੀ ਸੀ ਅਤੇ ਆਪਣਾ ਵੋਟ ਬੈਂਕ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਮਜ਼ਬੂਤ ਕਰ ਲਿਆ ਸੀ। ਹਿੰਦੂ ਉਸ ਨੂੰ ਮਾਂ ਦੁਰਗਾ ਦਾ ਅਵਤਾਰ ਸਮਝਣ ਲੱਗ ਪਏ ਸਨ ਅਤੇ ਸਾਰੇ ਦੇਸ਼ ਵਿਚ ਜੈ ਜੈਕਾਰ ਹੋਣ ਲੱਗ ਪਈ ਸੀ।

ਸਰਕਾਰ ਨੇ ਆਪਣੀ ਸਫ਼ਾਈ ਪੇਸ਼ ਕਰਨ ਲਈ ਇਕ ਵਾਈਟ ਪੇਪਰ ਜਾਰੀ ਕੀਤਾ ਜੋ ਕਿ ਨਿਰਾ ਝੂਠ ਦਾ ਪੁਲੰਦਾ ਸੀ। ਇਸ ਵਿਚ ਸਿੱਖਾਂ ਨੂੰ ਖ਼ਲਨਾਇਕ ਵਜੋਂ ਪੇਸ਼ ਕੀਤਾ ਗਿਆ, ਜਿਨ੍ਹਾਂ ਤੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਦੱਸਿਆ ਗਿਆ। ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਮੈਨੂੰ ਇਸ ਵਾਈਟ ਪੇਪਰ ਦਾ ਢੁਕਵਾਂ ਜਵਾਬ ਦੇਣ ਦੀ ਜ਼ਿੰਮੇਵਾਰੀ ਸੌਂਪੀ। ਮੈਂ ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਢਾਈ ਸਾਲ ਦੀ ਮਿਹਨਤ ਨਾਲ ਵਾਈਟ ਪੇਪਰ ਤਿਆਰ ਕੀਤਾ। ਇਹ ਰਲੀਜ਼ ਤਾਂ ਹੋ ਗਿਆ ਪਰ ਸਾਡੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਬਿਨਾਂ ਸ਼ਰਤ ਭਾਜਪਾ ਨੂੰ ਹਰ ਹਾਲਤ ਵਿਚ ਸਮਰਥਨ ਦੇਣ ਦੀ ਕਸਮ ਖਾਧੀ ਹੋਈ ਹੈ, ਨੇ ਭਾਜਪਾ ਦੇ ਦਬਾਅ ਹੇਠ ਆ ਕੇ ਇਸ ਨੂੰ ਕਿਸੇ ਕਾਲ ਕੋਠੜੀ ਵਿਚ ਬੰਦ ਕਰ ਦਿਤਾ। ਇਹ ਤਾਂ ਹੈ ਸਾਡੇ ਲੀਡਰਾਂ ਦਾ ਹਾਲ! ਇਹ ਆਪ ਹੀ ਸਭ ਤੋਂ ਵੱਧ ਕਸੂਰਵਾਰ ਹਨ। ਇਸੇ ਸੰਦਰਭ ਵਿਚ ਮੈਂ ਪਾਠਕਾਂ ਦਾ ਧਿਆਨ ਸੰਨ 1985 ਵਿਚ ਕੀਤੇ ਰਾਜੀਵ-ਲੌਂਗੋਵਾਲ ਸਮਝੌਤੇ ਵਲ ਦੁਆਉਣਾ ਚਾਹੁੰਦਾ ਹਾਂ। ਇਹ ਸਮਝੌਤਾ ਸਿਰਫ਼ ਲੋਕ ਵਿਖਾਵੇ ਲਈ ਸੀ। ਇਕ ਬਹੁਤ ਹੀ ਗੁਪਤ ਤਰੀਕੇ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਨੂੰ ਗੱਲਬਾਤ ਦਾ ਸੱਦਾ ਦੇ ਕੇ ਅਤੇ ਰਾਜ ਸੱਤਾ ਦਾ ਲਾਲਚ ਦੇ ਕੇ ਇਸ ਸਮਝੌਤੇ 'ਤੇ ਦਸਤਖ਼ਤ ਕਰਵਾਏ ਗਏ। ਇਸ ਸਮਝੌਤੇ ਵਿਚ ਨਾ ਤਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਦਾ ਕੋਈ ਜ਼ਿਕਰ ਕੀਤਾ ਗਿਆ ਅਤੇ ਨਾ ਹੀ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਉਠਾਇਆ ਗਿਆ। ਲਾਲਚ-ਵਸ ਹੋ ਕੇ ਸਿੱਖ ਲੀਡਰਾਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਆਪ ਹੀ ਪੁਟਵਾ ਕੇ ਹਰਿਆਣਾ ਦੇ ਸਪੁਰਦ ਕਰਨ ਦਾ ਵਚਨ ਦੇ ਦਿਤਾ।

ਇਥੇ ਵਰਣਨਯੋਗ ਹੈ ਕਿ ਧਰਮ ਯੁੱਧ ਮੋਰਚੇ ਦਾ ਮੁੱਖ ਮੁੱਦਾ ਹੀ ਪੰਜਾਬ ਦੇ ਪਾਣੀਆਂ ਦਾ ਸੀ। ਸਮਝੌਤੇ ਅਨੁਸਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਵੀ ਪੰਜਾਬ ਨੂੰ ਨਾ ਮਿਲ ਸਕੇ। ਇਹ ਰਾਜਨੀਤਕ ਮੁੱਦੇ ਜਿਉਂ ਦੇ ਤਿਉਂ ਹੀ ਲਟਕਦੇ ਆ ਰਹੇ ਹਨ।

ਏਨੇ ਦਹਾਕੇ ਬੀਤ ਜਾਣ 'ਤੇ ਵੀ ਸਿੱਖਾਂ ਦੇ ਮਨਾਂ ਵਿਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਵਿਰੁੱਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ। ਅਫ਼ਸੋਸ ਇਸ ਗੱਲ ਦਾ ਹੈ ਕਿ ਲੀਡਰਾਂ ਨੇ ਉਨ੍ਹਾਂ ਲੋਕਾਂ ਨਾਲ ਭਾਈਵਾਲੀ ਕਾਇਮ ਕੀਤੀ ਹੋਈ ਹੈ ਜਿਨ੍ਹਾਂ ਨੇ ਫ਼ੌਜੀ ਹਮਲੇ ਦਾ ਖੁਲ੍ਹ ਕੇ ਸਮਰਥਨ ਕੀਤਾ ਸੀ। ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿਚ ਸਿੱਖਾਂ ਨੂੰ ਕੀ ਕਰਨਾ ਚਾਹੀਦਾ ਹੈ। ਮੇਰੇ ਵਿਚਾਰਾਂ ਵਿਚ ਤਾਂ ਸਿੱਖ ਜਗਤ ਨੂੰ ਪੂਰੀ ਤਰ੍ਹਾਂ ਸੁਚੇਤ ਹੋ ਕੇ ਪ੍ਰਮੁੱਖ ਤੌਰ 'ਤੇ ਹੇਠ ਲਿਖੇ ਮੁੱਦਿਆਂ ਤੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ:

(ੳ) ਜੂਨ 1984 ਦੇ ਖ਼ੂਨੀ ਸਾਕੇ ਨਾਲ ਸਬੰਧਤ ਸਾਰੇ ਖ਼ੁਫ਼ੀਆ ਦਸਤਾਵੇਜ਼ ਰਲੀਜ਼ ਕਰਵਾ ਕੇ, ਇਸ ਘਟਨਾ ਦੀ ਪੂਰੀ ਇਨਕੁਆਰੀ ਕੀਤੀ ਜਾਵੇ ਤਾਂ ਕਿ ਅਸਲੀਅਤ ਸਾਹਮਣੇ ਆ ਸਕੇ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕੀਤਾ ਜਾ ਸਕੇ। 1919 ਦੇ ਜਲ੍ਹਿਆਂ ਵਾਲੇ ਬਾਗ਼ ਦੇ ਦਰਦਨਾਕ ਸਾਕੇ ਉਪ੍ਰੰਤ ਲੋਕਾਂ ਵਿਚ ਹਾਹਾਕਾਰ ਮਚਦੀ ਵੇਖ ਕੇ, ਅੰਗਰੇਜ਼ੀ ਸਰਕਾਰ ਨੇ ਵੀ ਹੰਟਰ ਕਮਿਸ਼ਨ ਨਾਮ ਦਾ ਇਨਕੁਆਰੀ ਕਮਿਸ਼ਨ ਸਥਾਪਤ ਕਰ ਦਿਤਾ ਸੀ।

ਦਰਬਾਰ ਸਾਹਿਬ ਉਤੇ ਫ਼ੌਜੀ ਹਮਲੇ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸਿੱਖ ਮਾਰੇ ਗਏ। ਇਨ੍ਹਾਂ ਮ੍ਰਿਤਕਾਂ ਦੀ ਨਾ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਦੇ ਨਾਮ ਦੱਸੇ ਗਏ। ਏਨੇ ਵੱਡੇ ਸਾਕੇ ਦੀ ਨਿਰਪੱਖ ਇਨਕੁਆਰੀ ਜ਼ਰੂਰ ਹੋਣੀ ਚਾਹੀਦੀ ਹੈ।

(ਅ) ਬ੍ਰਿਟਿਸ਼ ਸਰਕਾਰ ਨੂੰ ਵੀ ਅਪੀਲ ਕਰ ਕੇ ਪਤਾ ਲਗਾਇਆ ਜਾਵੇ ਕਿ ਉਨ੍ਹਾਂ ਦਾ ਇਸ ਸਾਕੇ ਵਿਚ ਕੀ ਰੋਲ ਸੀ। ਉਹ ਇਸ ਘਟਨਾ ਨਾਲ ਸਬੰਧ ਰੱਖਦੇ ਸਾਰੇ ਦਸਤਾਵੇਜ਼ ਜਲਦੀ ਤੋਂ ਜਲਦੀ ਮੁਹਈਆ ਕਰਵਾਉਣ ਤਾਂ ਕਿ ਜਾਂਚ ਮੁਕੰਮਲ ਹੋ ਸਕੇ।

(ੲ) ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਅਕਾਲੀ ਦਲ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਤੇ ਦਬਾਅ ਪਾ ਕੇ ਵਾਈਟ ਪੇਪਰ ਕੱਢਿਆ ਜਾਵੇ। ਇਸ ਨੂੰ ਦਬਾਅ ਕੇ ਰੱਖਣ ਨਾਲ ਸਿੱਖਾਂ ਦਾ ਪੱਖ ਕਮਜ਼ੋਰ ਹੋ ਜਾਂਦਾ ਹੈ।

(ਸ) ਪੰਜਾਬ ਸਰਕਾਰ ਇਸ ਸਾਕੇ ਸਬੰਧੀ ਅਸੈਂਬਲੀ ਵਿਚ ਮਤਾ ਪਾਸ ਕਰਵਾ ਕੇ ਪਾਰਲੀਮੈਂਟ ਅੱਗੇ ਮਾਫ਼ੀ ਮੰਗਣ ਦਾ ਪ੍ਰਸਤਾਵ ਪੇਸ਼ ਕਰੇ। ਕੈਨੇਡਾ ਦੀ ਮਿਸਾਲ ਸਾਹਮਣੇ ਹੈ। ਗ਼ਦਰ ਲਹਿਰ ਨਾਲ ਸਬੰਧਿਤ ਕਾਮਾਗਾਟਾ ਮਾਰੂ ਜਹਾਜ਼ ਦਾ ਕੈਨੇਡਾ ਤੋਂ ਵਾਪਸ ਮੋੜਿਆ ਜਾਣਾ ਅਤੇ ਬਜਬਜ ਘਾਟ ਤੇ ਹੋਈ ਗੋਲੀਬਾਰੀ ਦੀਆਂ ਦਰਦਨਾਕ ਘਟਨਾਵਾਂ ਨੇ ਕੈਨੇਡਾ ਸਰਕਾਰ ਵਿਰੁਧ ਜਿਹੜਾ ਰੋਸ ਪ੍ਰਗਟ ਕੀਤਾ ਸੀ, ਉਹ ਲੰਮੇ ਸਮੇਂ ਤਕ ਕਾਇਮ ਰਿਹਾ। ਮੌਜੂਦਾ ਸਮੇਂ ਵਿਚ ਜਦੋਂ ਕਿ ਪੰਜਾਬੀ, ਕੈਨੇਡਾ ਸਰਕਾਰ ਵਿਚ ਭਾਈਵਾਲ ਵਜੋਂ ਕੰਮ ਕਰ ਰਹੇ ਹਨ, ਇਨ੍ਹਾਂ ਨੇ ਸਰਕਾਰ ਨੂੰ ਗ਼ਲਤੀ ਦਾ ਅਹਿਸਾਸ ਕਰਵਾਇਆ। ਕੈਨੇਡਾ ਸਰਕਾਰ ਵਲੋਂ ਇਨ੍ਹਾਂ ਘਟਨਾਵਾਂ ਲਈ ਮਾਫ਼ੀ ਮੰਗ ਲਈ ਗਈ ਹੈ। ਜੇ ਵਿਦੇਸ਼ੀ ਸਰਕਾਰ ਐਨੇ ਲੰਮੇ ਸਮੇਂ ਬਾਅਦ ਮਾਫ਼ੀ ਮੰਗ ਸਕਦੀ ਹੈ ਤਾਂ ਅਪਣੇ ਹੀ ਦੇਸ਼ ਦੀ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕਦੀ? ਸਮੂਹ ਸਿੱਖ ਜਥੇਬੰਦੀਆਂ ਨੂੰ ਇਹ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। 3 ਜੂਨ, 1984 ਦਾ ਸੋਗ ਭਰਿਆ ਦਿਨ ਇਹੀ ਸੰਦੇਸ਼ ਦਿੰਦਾ ਹੈ।

# ਗੁਰੂ ਕਾ ਲੰਗਰ ਬਨਾਮ ਮੋਦੀ ਸਰਕਾਰ ਦੀ ਖ਼ੈਰਾਤ

**ਜਗਤਾਰ ਸਿੰਘ**
(ਸੰਪਰਕ: 97797-11201)

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਧਾਮਾਂ ਵਿਚ ਚੱਲਦੇ ਗੁਰੂ ਕੇ ਲੰਗਰ ਦੀ ਰਸਦ ਖਰੀਦਣ



ਉੱਤੇ ਮੋਦੀ ਸਰਕਾਰ ਵਲੋਂ ਲਾਏ ਟੈਕਸ ਤੋਂ ਛੋਟ ਬਾਰੇ ਚਤੁਰਾਈ ਨਾਲ ਸਿੱਖ ਜਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਲੰਗਰ ਦੇ ਵਿਲੱਖਣ ਸੰਕਲਪ ਨੂੰ ਮੁਫ਼ਤ ਰਸੋਈ ਤੱਕ ਮਹਿਦੂਦ ਕਰ ਕੇ ਦੇਖ ਰਹੀ ਹੈ। ਅਕਾਲੀ ਦਲ ਦੇ ਕੰਟਰੋਲ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਆਗੂ ਵੀ ਮੋਦੀ ਸਰਕਾਰ ਵਲੋਂ ਲੰਗਰ ਦੀ ਰਸਦ ਉੱਤੇ ਲਾਏ ਜਾ ਰਹੇ ਟੈਕਸ ਦੀ ਪੂਰਤੀ ਲਈ ਗਰਾਂਟ ਦੇਣ ਦੇ ਫ਼ੈਸਲੇ ਨੂੰ ਵਡਿਆਉਣ ਵਿਚ ਅਕਾਲੀ ਦਲ ਦਾ ਹੀ ਰਾਗ ਅਲਾਪ ਰਹੇ ਹਨ। ਸੱਚ ਇਹ ਹੈ ਕਿ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉੱਤੇ ਜੀਐੱਸਟੀ ਲੱਗੇਗਾ ਅਤੇ ਇਸ ਨਾਲ ਸ਼੍ਰੋਮਣੀ ਕਮੇਟੀ ਉੱਤੇ ਪੈਣ ਵਾਲੇ ਦੋ ਕਰੋੜ ਰੁਪਏ ਦੇ ਸਾਲਾਨਾ ਬੋਝ ਦੀ ਪੂਰਤੀ ਲਈ ਸਰਕਾਰ ਵਲੋਂ ਇਸ ਦੇ ਬਰਾਬਰ ਦੀ ਰਕਮ ਖ਼ੈਰਾਤ ਵਜੋਂ ਦਿੱਤੀ ਜਾਇਆ ਕਰੇਗੀ। ਮੇਰੀ ਸੋਚ ਹੈ ਕਿ ਅਕਾਲੀ ਆਗੂਆਂ ਨੇ ਲੰਗਰ ਲਈ ਸਰਕਾਰੀ ਖ਼ੈਰਾਤ ਪ੍ਰਵਾਨ ਕਰ ਕੇ ਲੰਗਰ ਦੀ ਸੰਸਥਾ ਨੂੰ ਛੁਟਿਆ ਦਿੱਤਾ ਹੈ।

ਮੋਦੀ ਸਰਕਾਰ ਦੇ ਫ਼ੈਸਲੇ ਅਨੁਸਾਰ ਲੋਕਾਂ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਸਾਰੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਸਰਕਾਰੀ ਵਲੋਂ ਮਾਲੀ ਇਮਦਾਦ ਦਿੱਤੀ ਜਾਵੇਗੀ। ਕੇਂਦਰ ਦੇ ਸੱਭਿਆਚਾਰਕ ਮੰਤਰਾਲੇ ਵਲੋਂ ਸ਼ੁਰੂ ਕੀਤੀ ਨਵੀਂ ਸਕੀਮ "ਸੇਵਾ ਭੋਜ ਯੋਜਨਾ" ਬਾਰੇ ਜਾਰੀ ਨੋਟੀਫੀਕੇਸ਼ਨ ਵਿਚ ਲਿਖਿਆ ਹੈ : "ਸਾਲ 2018-19 ਅਤੇ 2019-20 ਲਈ 325 ਕਰੋੜ ਰੁਪਏ ਨਾਲ ਸ਼ੁਰੂ ਕੀਤੀ ਜਾਣ ਵਾਲੀ 'ਸੇਵਾ ਭੋਜ ਯੋਜਨਾ' ਲਈ ਰਾਸ਼ਟਰਪਤੀ ਵਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਕੀਮ ਤਹਿਤ ਲੋਕਾਂ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਭਲਾਈ ਸੰਸਥਾਵਾਂ ਵੱਲੋਂ ਇਸ ਮਕਸਦ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉੱਤੇ ਦਿੱਤੇ ਜਾਂਦੇ ਸੀਜੀਐੱਸਟੀ ਅਤੇ ਆਈਜੀਐੱਸਟੀ ਵਿਚ ਕੇਂਦਰ ਸਰਕਾਰ ਦੇ ਹਿੱਸੇ ਦੀ ਪੂਰਤੀ ਕਰਨ ਹਿੱਤ ਭਾਰਤ ਸਰਕਾਰ ਵਲੋਂ ਵਿਸ਼ੇਸ਼ ਮਾਲੀ ਮਦਦ ਦਿੱਤੀ ਜਾਵੇਗੀ। ਇਹ ਫ਼ੈਸਲਾ ਲੰਗਰ ਦੀ ਰਸਦ ਨੂੰ ਜੀਐੱਸਟੀ ਤੋਂ ਛੋਟ ਨਹੀਂ ਹੈ ਅਤੇ ਇਸ ਟੈਕਸ ਦੀ ਪੂਰਤੀ ਵਜੋਂ ਸਰਕਾਰੀ ਸਹਾਇਤਾ ਦੇਣ ਦਾ ਹੈ ਅਤੇ ਉਹ ਵੀ ਸੱਭਿਆਚਾਰਕ ਮੰਤਰਾਲੇ ਵੱਲੋਂ। "

ਇੱਥੇ ਲੰਗਰ ਨਾਲ ਜੁੜੇ ਸਿਧਾਂਤ ਤੇ ਪ੍ਰੰਪਰਾ ਉੱਤੇ ਵਿਚਾਰ ਕਰਨੀ ਬਣਦੀ ਹੈ। ਗੁਰੂ ਕਾ ਲੰਗਰ ਮਹਿਜ਼ ਮੁਫ਼ਤ ਭੋਜਨ ਖੁਆਉਣ ਵਾਲੀ ਰਸੋਈ ਨਹੀਂ ਹੈ। ਇਹ ਸਿੱਖ ਧਰਮ ਦੀ ਵਿਲੱਖਣ ਵਿਚਾਰਧਾਰਾ ਹੈ ਜਿਸ ਅਨੁਸਾਰ ਲੰਗਰ ਸਰਕਾਰ ਦੀ ਮਾਲੀ ਮਦਦ ਦੀ ਥਾਂ ਸ਼ਰਧਾਲੂਆਂ ਵਲੋਂ ਦਿੱਤੇ ਦਾਨ ਨਾਲ ਚਲਾਇਆ ਜਾਣਾ ਚਾਹੀਦਾ ਹੈ। ਮੋਦੀ ਸਰਕਾਰ ਨੇ ਇਸ ਵਿਲੱਖਣ ਸੰਸਥਾ ਨੂੰ ਮੁਫ਼ਤ ਭੋਜਨ ਖੁਆਉਣ ਵਾਲੀਆਂ ਦੂਜੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਬਰਾਬਰ ਲਿਆ ਕੇ ਛੁਟਿਆ ਦਿੱਤਾ ਹੈ। ਲੰਗਰ, ਦਰਅਸਲ, ਵਰਗ ਤੇ ਜਾਤ-ਪਾਤ ਰਹਿਤ ਸਮਾਜਿਕ-ਆਰਥਿਕ ਸਿੱਖ ਸਿਧਾਂਤ ਦਾ ਪ੍ਰਤੀਕ ਹੈ। ਸਿੱਖ ਗੁਰੂ ਸਾਹਿਬਾਨ ਵਲੋਂ ਸ਼ੁਰੂ ਕੀਤੀ ਇਹ ਪ੍ਰਥਾ ਉਸ ਵੇਲੇ ਜਾਤ-ਪਾਤ ਅਤੇ ਊਚ-ਨੀਚ ਵਿਚ ਵੰਡੇ ਹੋਏ ਹਿੰਦੂ ਸਮਾਜ ਦਾ ਤੋੜ ਸੀ। ਗੁਰੂ ਨਾਨਕ ਨੇ ਇਹ ਪ੍ਰਥਾ ਬੰਦੇ ਦੀ ਮਾਨਵੀ ਸ਼ਾਨ ਤੇ ਗੌਰਵ ਨੂੰ ਵਡਿਆਉਣ ਲਈ ਸ਼ੁਰੂ ਕੀਤੀ ਸੀ।

ਜੀਐੱਸਟੀ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਿਆਂ ਵੱਲੋਂ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਵੈਟ ਅਤੇ ਸੇਲਜ਼ ਟੈਕਸ ਤੋਂ ਛੋਟ ਸੀ। ਸ਼੍ਰੋਮਣੀ ਕਮੇਟੀ ਦੇ ਲੰਗਰ ਬਜਟ ਦਾ ਵੱਡਾ ਹਿੱਸਾ ਦਰਬਾਰ ਸਾਹਿਬ ਦੇ ਲੰਗਰ ਉੱਤੇ ਖ਼ਰਚ ਹੁੰਦਾ ਹੈ ਅਤੇ ਸਿੱਖ ਜਗਤ ਦੀ ਮੰਗ ਵੀ ਇਹੀ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਜੀਐੱਸਟੀ ਤੋਂ ਛੋਟ ਦਿੱਤੀ ਜਾਵੇ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਵਲੋਂ ਕਈ ਮਹੀਨਿਆਂ ਤੋਂ ਲਗਾਤਾਰ ਕੀਤੀ ਜਾ ਰਹੀ ਮੰਗ ਤੋਂ ਬਾਅਦ ਮੋਦੀ ਸਰਕਾਰ ਨੇ 'ਸੇਵਾ ਭੋਜ ਯੋਜਨਾ' ਤਹਿਤ ਮਾਲੀ ਇਮਦਾਦ ਸ਼ੁਰੂ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਹੈ। ਓਪਰੀ ਨਜ਼ਰੇ ਇਸ ਵਿਚ ਕੋਈ ਨੁਕਸ ਨਹੀਂ ਲਗਦਾ ਕਿ ਸਮਾਜ ਭਲਾਈ ਜਾਂ ਧਾਰਮਿਕ ਸੰਸਥਾਵਾਂ ਵਲੋਂ ਦਿੱਤੇ ਜਾਂਦੇ ਜੀਐੱਸਟੀ ਦੀ ਪੂਰਤੀ ਕਿਸੇ ਹੋਰ ਖਾਤੇ ਵਿਚੋਂ ਮਾਲੀ ਇਮਦਾਦ ਵਜੋਂ ਕੀਤੀ ਜਾਵੇ ਪਰ ਮਾਮਲਾ ਇੰਨਾ ਸਾਧਾਰਨ ਨਹੀਂ ਹੈ।

ਗੁਰੂ ਕੇ ਲੰਗਰ ਦਾ ਇਤਿਹਾਸ ਕੁਝ ਹੋਰ ਹੈ। ਅਕਬਰ ਬਾਦਸ਼ਾਹ ਸ੍ਰੀ ਗੋਇੰਦਵਾਲ ਸਾਹਿਬ



ਵਿਖੇ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਉਸ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣ ਦੀ ਤਾਕੀਦ ਕੀਤੀ। ਇਸ ਪਿੱਛੇ ਮਾਮਲਾ ਸੰਗਤ ਤੇ ਪੰਗਤ ਰਾਹੀਂ ਮਨੁੱਖੀ ਬਰਾਬਰੀ ਦਾ ਸਿਧਾਂਤ ਪ੍ਰਗਟ ਕਰਨਾ ਸੀ। ਅਕਬਰ ਲੰਗਰ ਦੀ ਪ੍ਰਥਾ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਲੰਗਰ ਚਲਾਉਣ ਲਈ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ ਪਰ ਗੁਰੂ ਅਮਰ ਦਾਸ ਜੀ ਨੇ ਇਹ ਪੇਸ਼ਕਸ਼ ਨਾਮਨਜ਼ੂਰ ਕਰਦਿਆਂ ਕਿਹਾ ਸੀ ਕਿ ਲੰਗਰ ਸਰਕਾਰੀ ਖ਼ੈਰਾਤ ਨਾਲ ਨਹੀਂ ਸਗੋਂ ਸ਼ਰਧਾਲੂਆਂ ਦੀਆਂ ਭੇਟਾਵਾਂ ਨਾਲ ਹੀ ਚੱਲੇਗਾ। ਲੰਗਰ ਚਲਾਉਣ ਲਈ ਬਾਅਦ ਵਿਚ ਜਾਗੀਰਾਂ ਵੀ ਖਰੀਦੀਆਂ ਗਈਆਂ ਪਰ ਇਹ ਵੀ ਸੰਗਤ ਦੁਆਰਾ ਭੇਟ ਕੀਤੀ ਮਾਇਆ ਵਿਚੋਂ ਹੀ ਖਰੀਦੀਆਂ ਗਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗੁਰਦੁਆਰਿਆਂ ਦੇ ਨਾਂ ਜ਼ਮੀਨਾਂ ਦਾ ਵੱਡਾ ਰਕਬਾ ਲਾਇਆ ਗਿਆ। ਸਿੱਖ ਸਿਧਾਂਤਕਾਰ ਇਸ ਨੂੰ ਪ੍ਰਵਾਨਗੀ ਦਿੰਦੇ ਹੋਏ ਆਖਦੇ ਹਨ ਕਿ ਰਣਜੀਤ ਸਿੰਘ ਦਾ ਰਾਜ ਸਰਕਾਰ-ਇ-ਖ਼ਾਲਸਾ ਸੀ ਜੋ ਸ੍ਰੀ ਅਕਾਲ਼ ਤਖ਼ਤ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦੀ ਸੀ; ਇਸ ਨੂੰ ਪ੍ਰਵਾਨ ਕਰ ਕੇ ਹੀ ਮਹਾਰਾਜਾ ਰਣਜੀਤ ਸਿੰਘ, ਜਥੇਦਾਰ ਅਕਾਲੀ ਫੂਲਾ ਸਿੰਘ ਵਲੋਂ ਧਾਰਮਿਕ ਅਵੱਗਿਆ ਦੇ ਦੋਸ਼ ਵਿਚ ਤਲਬ ਕੀਤੇ ਜਾਣ ਉੱਤੇ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਪੇਸ਼ ਹੋਇਆ ਸੀ। ਉਸ ਵੇਲੇ ਦਰਬਾਰ ਸਾਹਿਬ ਦੇ ਲੰਗਰ ਨਾਲ ਜੁੜਿਆ ਇੱਕ ਹੋਰ ਫੈਸਲਾ ਕਰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਐਲਾਨ ਕੀਤਾ ਸੀ ਕਿ ਲੰਗਰ ਲਈ ਮਹਾਰਾਜਾ ਰਣਜੀਤ ਸਿੰਘ ਦੇ ਘਰੋਂ ਆਉਂਦੀ ਰਸਦ ਬੰਦ ਕੀਤੀ ਜਾਵੇ ਅਤੇ ਇਹ ਲੰਗਰ ਸੰਗਤਾਂ ਸ਼ਰਧਾਲੂਆਂ ਦੀਆਂ ਭੇਟਾਵਾਂ ਨਾਲ ਚੱਲੇਗਾ।

ਬਰਾਬਰੀ ਦੇ ਨਾਲ ਨਾਲ ਨਿਸ਼ਕਾਮ ਸੇਵਾ ਲੰਗਰ ਦਾ ਅਟੁੱਟ ਅੰਗ ਹੈ, ਬਲਕਿ ਇਹ ਸਾਰੀਆਂ ਸਿੱਖ ਸੰਸਥਾਵਾਂ ਦਾ ਹੀ ਮੂਲ ਆਧਾਰ ਹੈ। ਰਵਾਇਤ ਇਹ ਹੈ ਕਿ ਲੰਗਰ ਛਕਣ ਵਾਲੇ ਸਿੱਖ ਸ਼ਰਧਾਲੂ ਜਾਂ ਤਾਂ ਗੋਲਕ ਵਿਚ ਕੁਝ ਮਾਇਆ ਭੇਟ ਕਰਦੇ ਹਨ, ਤੇ ਜਾਂ ਫਿਰ ਹੱਥੀਂ ਕੋਈ ਨਾ ਕੋਈ ਸੇਵਾ ਕਰਦੇ ਹਨ। ਲੰਗਰ ਲਈ ਸਰਕਾਰੀ ਇਮਦਾਦ ਪ੍ਰਵਾਨ ਕਰਨਾ ਸਿੱਖੀ ਦੀ ਧਾਰਮਿਕ-ਸੱਭਿਆਚਾਰਕ ਵਿਰਾਸਤ ਦਾ ਸਿੱਧਾ ਨਿਰਾਦਰ ਹੈ।

ਦਰਬਾਰ ਸਾਹਿਬ ਅੰਦਰਲੀ ਕਿਸੇ ਵੀ ਇਮਾਰਤ ਦੀ ਮੁਰੰਮਤ ਤੇ ਮੁੜ ਉਸਾਰੀ ਲਈ ਸਰਕਾਰੀ ਸਹਾਇਤਾ ਕਦੇ ਵੀ ਪ੍ਰਵਾਨ ਨਹੀਂ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ ਸੀ। ਉਨ੍ਹਾਂ ਨੇ ਇਸ ਦੀ ਉਸਾਰੀ ਦੋ ਮਹਾਂਪੁਰਖਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਖ਼ੁਦ ਕੀਤੀ ਸੀ। ਇਸ ਸੰਸਥਾ ਦੀ ਸਿਰਜਣਾ ਖ਼ੁਦਮੁਖ਼ਤਾਰ ਸਟੇਟ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ। ਇਹੀ ਕਾਰਨ ਸੀ ਕਿ ਦਰਬਾਰ ਸਾਹਿਬ ਉਪਰ ਹੋਏ ਫ਼ੌਜੀ ਹਮਲੇ ਤੋਂ ਬਾਅਦ ਸਰਕਾਰ ਵਲੋਂ ਸ੍ਰੀ ਅਕਾਲ਼ ਤਖ਼ਤ ਸਾਹਿਬ ਦੀ ਇਮਾਰਤ ਦੀ ਕੀਤੀ ਗਈ ਮੁੜ ਉਸਾਰੀ ਨੂੰ ਢਾਹ ਕੇ ਇਸ ਨੂੰ ਸ਼ਰਧਾਲੂਆਂ ਦੀਆਂ ਭੇਟਾਵਾਂ ਨਾਲ ਕਾਰ ਸੇਵਾ ਰਾਹੀਂ ਮੁੜ ਉਸਾਰਿਆ ਗਿਆ ਸੀ।

ਮਾਮਲਾ ਮਹਿਜ਼ ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਸਿੱਖ ਸੰਸਥਾ ਵਲੋਂ ਜੀਐੱਸਟੀ ਵਜੋਂ ਸਰਕਾਰ ਨੂੰ ਦਿੱਤੀ ਜਾ ਰਹੀ ਰਾਸ਼ੀ ਦੀ ਪੂਰਤੀ ਦਾ ਨਹੀਂ ਹੈ, ਬਲਕਿ ਸਿੱਖ ਧਰਮ ਦੇ ਮੁਢਲੇ ਸਿਧਾਂਤ ਉੱਤੇ ਟੈਕਸ ਲਾਉਣ ਦਾ ਹੈ। ਦੱਸਣਾ ਵਾਜਬ ਹੈ ਕਿ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਜੀਐੱਸਟੀ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਵਲੋਂ ਹਿੰਦੂਆਂ ਉੱਤੇ ਲਾਏ ਜਾਣ ਵਾਲੇ ਟੈਕਸ 'ਜਜ਼ੀਆ' ਕਹਿ ਕੇ ਇਸ ਦੀ ਕਰੜੀ ਆਲੋਚਨਾ ਕੀਤੀ ਸੀ। ਉਸ ਨੂੰ ਇਸ ਬਿਆਨ ਦੀ ਭਾਰੀ ਕੀਮਤ ਚੁਕਾਉਣੀ ਪਈ, ਉਸ ਨੂੰ ਅਗਲੀ ਚੋਣ ਵਿਚ ਪ੍ਰਧਾਨਗੀ ਪਦ ਤੋਂ ਲਾਹ ਦਿੱਤਾ ਗਿਆ ਸੀ। ਇਸ ਬਿਆਨ ਉੱਤੇ ਆਰਐੱਸਐੱਸ ਨੇ ਇਤਰਾਜ਼ ਕੀਤਾ ਸੀ ਅਤੇ ਇਸ ਦੇ ਇਕ ਆਗੂ ਨੇ ਪਟਿਆਲੇ ਵਿਚ ਮਿਲ ਕੇ ਇਸ ਬਾਰੇ ਉਸ ਨੂੰ ਜਾਣੂ ਵੀ ਕਰਵਾਇਆ ਸੀ। ਪ੍ਰੋ. ਬਡੂੰਗਰ ਨੇ ਇਹ ਜਾਣਕਾਰੀ ਬਾਅਦ ਵਿਚ ਕਈਆਂ ਨਾਲ ਸਾਂਝੀ ਕੀਤੀ ਸੀ।

ਅਸਲ ਵਿਚ, ਅੱਜ ਦੀ ਅਕਾਲੀ ਲੀਡਰਸ਼ਿਪ ਦੀ ਤ੍ਰਾਸਦੀ ਇਹ ਹੈ ਕਿ ਇਹ ਸਿੱਖ ਇਤਿਹਾਸ ਅਤੇ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਤੋਂ ਉੱਕਾ ਹੀ ਕੋਰੀ ਹੈ। ਹੁਣ ਇਹ ਤੱਥ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਕਿ ਅਕਾਲੀ ਦਲ ਦੂਜੀਆਂ ਸਿਆਸੀ ਪਾਰਟੀਆਂ ਵਾਂਗ ਸਿਆਸੀ ਪਾਰਟੀ ਨਹੀਂ ਹੈ ਬਲਕਿ ਧਾਰਮਿਕ ਘੱਟ ਗਿਣਤੀ ਦੀ ਨੁਮਾਇੰਦਗੀ ਕਰਦਾ ਹੈ। ਸਿੱਖ ਜਗਤ ਦੀਆਂ ਭਾਵਨਾਵਾਂ ਤੇ ਮਸਲਿਆਂ ਲਈ ਜਵਾਬਦੇਹ ਸ਼੍ਰੋਮਣੀ ਕਮੇਟੀ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਮੁਕੰਮਲ ਕੰਟਰੋਲ ਹੇਠ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬਿਨਾਂ ਕੋਈ ਦੇਰੀ ਕੀਤਿਆਂ ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਪਤਨੀ ਹਰਸਿਮਰਤ ਕੌਰ ਬਾਦਲ ਵਲੋਂ ਦਿੱਲੀ ਵਿਚ ਪ੍ਰੈਸ ਕਾਨਫਰੰਸ ਕਰ ਕੇ ਮੋਦੀ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਨ ਤੋਂ ਤੁਰੰਤ ਬਾਅਦ ਇਸ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਕਮੇਟੀ ਦੇ ਉਹ ਮੈਂਬਰ ਅਤੇ ਅਧਿਕਾਰੀ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ ਦੀਆਂ ਬਰੀਕੀਆਂ ਦੀ ਸਮਝ ਹੈ, ਇਹ ਮੰਨਦੇ ਹਨ ਕਿ ਮਾਮਲਾ ਲੰਗਰ ਉੱਤੇ ਲਾਏ ਗਏ ਟੈਕਸ ਦਾ ਹੈ, ਲੰਗਰ ਲਈ ਕਿਸੇ ਕਿਸਮ ਦੀ ਮਾਲੀ ਇਮਦਾਦ ਦਾ ਨਹੀਂ।

ਕੀ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਲੰਗਰ ਦੀ ਇਹ ਵਿਲੱਖਣ ਸੰਸਥਾ ਚਲਾਉਣ ਲਈ ਕੁਝ ਕੁ ਕਰੋੜ ਰੁਪਏ ਦੀ ਖ਼ੈਰਾਤ ਦੀਆਂ ਮੁਥਾਜ ਬਣ ਗਈਆਂ ਹਨ? ਸ਼੍ਰੋਮਣੀ ਕਮੇਟੀ ਨੂੰ ਇਸ ਸਕੀਮ ਤਹਿਤ ਇੱਕ ਸਾਲ ਵਿਚ ਦਰਬਾਰ ਸਾਹਿਬ ਦੇ ਲੰਗਰ ਲਈ ਤਕਰੀਬਨ ਤਿੰਨ ਕਰੋੜ ਰੁਪਏ ਮਿਲਣਗੇ ਜੋ ਇਹਦੇ ਲਈ ਮੱਕੀ ਦੀਆਂ ਇਕ ਲੱਪ ਖਿੱਲਾਂ ਦੇ ਬਰਾਬਰ ਹੈ। ਇਸ ਲਈ ਇਸ ਨੂੰ ਸਰਕਾਰ ਦੀ ਇਹ ਸਕੀਮ ਰੱਦ ਕਰਨੀ ਚਾਹੀਦੀ ਹੈ।

**(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)**

# ਜਾਰੀ ਹੈ ਇਤਿਹਾਸ ਬਦਲਣ ਦੀ ਯੋਜਨਾ

**ਡਾ. ਵਿਦਵਾਨ ਸਿੰਘ ਸੋਨੀ**
(ਸੰਪਰਕ: 98143-48697)

ਵੈੱਬ ਅਖ਼ਬਾਰ 'ਦਿ ਵਾਇਰ' ਵਿਚ ਇਕ ਰੀਵਿਊ ਵਿਚ ਲਿਖਿਆ ਗਿਆ ਹੈ ਕਿ ਮੋਦੀ ਸਰਕਾਰ ਨੇ ਭਾਰਤ ਦਾ ਇਤਿਹਾਸ ਮੁੜ ਲਿਖਣ ਲਈ



ਕਾਹਲੀ ਵਿਚ ਇਕ ਕਮੇਟੀ ਨਿਯੁਕਤ ਕੀਤੀ ਹੈ। ਜਨਵਰੀ 2017 ਦੇ ਪਹਿਲੇ ਹਫ਼ਤੇ ਨਵੀਂ ਦਿੱਲੀ ਵਿਚ ਸਥਿਤ ਇੱਕ ਇਮਾਰਤ ਵਿਚ ਜੁੜੇ 'ਰਾਸ਼ਟਰਵਾਦੀ' ਵਿਚਾਰਧਾਰਾ ਦੇ 14 ਵਿਦਵਾਨਾਂ ਨਾਲ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਮਹੇਸ਼ ਸ਼ਰਮਾ ਨੇ ਹਰ ਪੁਰਾਤਨ ਮਹਾਂਕਾਵਿ ਨੂੰ ਇਤਿਹਾਸਕ ਲਿਖਤ ਦੱਸ ਕੇ ਦਾਅਵਾ ਕੀਤਾ ਕਿ ਜੋ ਲੋਕ ਇਨ੍ਹਾਂ ਨੂੰ ਕੇਵਲ ਕਥਾਵਾਂ ਸਮਝਦੇ ਹਨ, ਉਹ ਬਿਲਕੁਲ ਗ਼ਲਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਕਮੇਟੀ ਦਾ ਗਠਨ ਕੀਤਾ ਸੀ। ਉਸ ਕਮੇਟੀ ਦਾ ਸੰਖੇਪ ਕਾਰਜ-ਵੇਰਵਾ ਤੇ ਕੁਝ ਮੈਂਬਰਾਂ ਦੇ ਵਿਚਾਰ ਖ਼ਬਰ ਏਜੰਸੀ ਨੇ ਛਾਣ-ਬੀਣ ਕਰਕੇ ਪ੍ਰਕਾਸ਼ਿਤ ਕੀਤੇ ਹਨ। ਕਮੇਟੀ ਮੈਂਬਰਾਂ ਦੀ ਡਿਊਟੀ ਲਗਾਈ ਗਈ ਹੈ ਕਿ ਉਹ ਪੁਰਾਤੱਤਵੀ ਖੋਜ 'ਚੋਂ ਅਜਿਹਾ ਸੁਰਾਗ਼ ਕੱਢਣ ਜੋ ਇਹ ਸਿੱਧ ਕਰੇ ਕਿ ਹਿੰਦੂ ਇਸ ਧਰਤੀ ਦੇ ਹਜ਼ਾਰਾਂ ਸਾਲ ਪਹਿਲਾਂ ਦੇ ਬਾਸ਼ਿੰਦਿਆਂ ਦੀ ਹੀ ਸੰਤਾਨ ਹਨ। ਇਹ ਵੀ ਸਿੱਧ ਕੀਤਾ ਜਾਵੇ ਕਿ ਪੁਰਾਣੇ ਗ੍ਰੰਥ ਮਿਥਿਹਾਸ ਨਹੀਂ ਹਨ। ਇਸ ਤੱਥ ਨੂੰ ਚੁਣੌਤੀ ਦਿੱਤੀ ਜਾਵੇ ਕਿ ਭਾਰਤ ਕਈ ਸੱਭਿਅਤਾਵਾਂ ਦਾ ਸੁਮੇਲ ਹੈ। ਇਹ ਸਾਰੀ ਬਹਿਸ ਸ਼ੁਰੂ ਕਰਨ ਪਿੱਛੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦਾ ਹੱਥ ਹੈ।

ਸੱਜੇ ਪੱਖੀ ਹਿੰਦੂ ਸਿਆਸਤਦਾਨ ਹਿੰਦੂਆਂ ਦੀ ਸੱਭਿਅਕ ਉੱਤਮਤਾ ਦੀ ਕਾਢ ਕੱਢਣਾ ਚਾਹੁੰਦੇ ਹਨ। ਸੱਭਿਆਚਾਰ ਬਾਰੇ ਮੰਤਰੀ 14 ਮੈਂਬਰੀ ਕਮੇਟੀ ਦੀ ਅੰਤਿਮ ਰਿਪੋਰਟ ਪਾਰਲੀਮੈਂਟ ਵਿੱਚ ਪੇਸ਼ ਕਰਕੇ ਮਾਨਵ ਸਰੋਤ ਵਿਕਾਸ ਮੰਤਰਾਲੇ ਰਾਹੀਂ ਸਕੂਲੀ ਪਾਠ ਪੁਸਤਕਾਂ ਵਿੱਚ ਸੋਧ ਕਰਵਾਏਗਾ। ਕਮੇਟੀ ਦੇ ਚੇਅਰਮੈਨ ਕੇ.ਐੱਨ. ਦੀਕਸ਼ਿਤ ਮੁਤਾਬਿਕ ਹਿੰਦੂ ਗ੍ਰੰਥਾਂ ਵਿੱਚ ਵਰਣਿਤ ਕਥਾਵਾਂ ਦੀ ਅਸਲੀਅਤ ਨੂੰ ਮੰਨ ਕੇ ਇਹ ਸਥਾਪਿਤ ਕੀਤਾ ਜਾਵੇਗਾ ਕਿ ਭਾਰਤੀ ਸੱਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ। ਗ੍ਰੰਥਾਂ ਵਿੱਚ ਲਿਖੀਆਂ ਘਟਨਾਵਾਂ ਵਾਸਤਵਿਕ ਹਨ ਅਤੇ ਅਸੀਂ ਸਾਰੇ ਉਨ੍ਹਾਂ ਸਮਿਆਂ ਤੋਂ ਹੀ ਸਿੱਧੇ ਉਤਰੇ ਹਾਂ। ਮਿੱਥਿਕ ਦਰਿਆ ਸਰਸਵਤੀ ਦੀ ਵਾਸਤਵਿਕਤਾ ਨੂੰ ਖੋਜਣਾ ਸਾਡੇ ਲਈ ਬੜਾ ਮਹੱਤਵਪੂਰਨ ਹੈ। ਉਹ ਉਨ੍ਹਾਂ ਥਾਵਾਂ 'ਤੇ ਖ਼ੁਦਾਈ ਕਰਕੇ ਰਾਮਾਇਣ ਤੇ ਮਹਾਂਭਾਰਤ ਦੇ ਅਵਸ਼ੇਸ਼ ਖੋਜਣਗੇ (ਜੋ ਸ਼ਾਇਦ ਘੜ ਲਏ ਜਾਣਗੇ ?)।

ਮੰਤਰੀ ਮਹੇਸ਼ ਸ਼ਰਮਾ ਨੇ ਹੀ ਪ੍ਰਧਾਨ ਮੰਤਰੀ ਉੱਤੇ ਇਸ ਕਮੇਟੀ ਦੇ ਗਠਨ ਵਾਸਤੇ ਦਬਾਅ ਪਾਇਆ ਸੀ, ਪਰ ਅੰਦਰਖਾਤੇ ਇਸ ਦਾ ਉਦੇਸ਼



ਮੋਦੀ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨਾ ਹੀ ਹੈ। ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਦਾ ਸਾਲਾਨਾ ਬਜਟ 2500 ਕਰੋੜ ਰੁਪਏ ਹੈ। ਪਤਾ ਨਹੀਂ ਇਸ ਅਵਿਗਿਆਨਕ ਪੈਰਵੀ ਉੱਤੇ ਮੋਦੀ ਸਰਕਾਰ ਕਿੰਨਾ ਕੁ ਪੈਸਾ ਖਰਾਬ ਕਰੇਗੀ?

ਭਾਵੇਂ ਕਰੋੜਾਂ ਲੋਕਾਂ ਦੀ ਸ੍ਰੀ ਰਾਮ ਅਤੇ ਰਾਮਾਇਣ ਵਿੱਚ ਅਟੁੱਟ ਆਸਥਾ ਤੇ ਵਿਸ਼ਵਾਸ ਹੈ ਤੇ ਅਜਿਹੀ ਆਸਥਾ ਦਾ ਕੋਈ ਵਿਰੋਧ ਵੀ ਨਹੀਂ, ਫਿਰ ਵੀ ਇਤਿਹਾਸ ਤੇ ਮਿਥਿਹਾਸ ਅੱਡ ਅੱਡ ਖੇਤਰ ਹਨ। ਇਤਿਹਾਸ ਪ੍ਰਤੀ ਬਾਹਰਮੁਖੀ ਵਿਗਿਆਨਕ ਪਹੁੰਚ ਹੋਣੀ ਚਾਹੀਦੀ ਹੈ। ਭਗਵਾਨ ਰਾਮ ਦਾ ਜਨਮ ਸਾਢੇ ਸੱਤ ਹਜ਼ਾਰ ਸਾਲ ਪੂਰਵ ਕਿਹਾ ਜਾ ਰਿਹਾ ਹੈ ਤੇ ਕਈਆਂ ਵੱਲੋਂ ਸਾਢੇ ਨੌਂ ਹਜ਼ਾਰ ਸਾਲ ਪੂਰਵ ਵੀ। ਉਦੋਂ ਹੀ ਰਾਮਾਇਣ ਨਾਲ ਸਬੰਧਿਤ ਘਟਨਾਵਾਂ ਵਾਪਰੀਆਂ ਹੋਣੀਆਂ ਚਾਹੀਦੀਆਂ ਹਨ। ਰਾਮਾਇਣ ਕਾਲ ਵਿਚ ਲੋਹੇ ਦੇ ਹਥਿਆਰ, ਰਥ, ਘੋੜੇ ਵਗੈਰਾ ਦਿਖਾਏ ਜਾਂਦੇ ਹਨ। ਅਸਲੀਅਤ ਇਹ ਹੈ ਕਿ ਉਸ ਸਮੇਂ ਅਜਿਹਾ ਕੁਝ ਵੀ ਨਹੀਂ ਸੀ ਕਿਉਂਕਿ ਉਦੋਂ ਸਾਰੀ ਧਰਤੀ 'ਤੇ ਹੀ ਪੱਥਰ-ਯੁੱਗ ਸੀ। ਕਈ ਲੋਕ ਅਜਿਹੀਆਂ ਘਟਨਾਵਾਂ 500 ਸਾਲ ਤੋਂ 100 ਸਾਲ

**ਬਾਕੀ ਸਫ਼ਾ 32 'ਤੇ**


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
Nagar Kirtan
SAN FRANCISCO
FREEDOM MARCH & SOVEREIGNTY RALLY
ਐਤਵਾਰ 10 ਜੂਨ 2018 ਨੂੰ ਸੈਨ ਫ੍ਰਾਂਸਿਸਕੋ ਵਿਖੇ
ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 10 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।
Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।
FOR MORE INFO: 1-844-REM-1984
ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ






ਜਾਰੀ ਕਰਤਾ :
SINGH TRANSPORT INC
OAKLAND CALIFORNIA
ਸੰਪਰਕ : ਸਤਨਾਮ ਸਿੰਘ ਖਹਿਰਾ
(510) 543-3778, (510) 918-2439, (510) 943-9578

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ





## Nagar Kirtan
SAN FRANCISCO



Start
10 AM at 36 2nd Street
ਤੋਂ ਸਿਵਿਕ ਸੈਂਟਰ ਤੱਕ



## FREEDOM MARCH & SOVEREIGNTY RALLY

ਐਤਵਾਰ 10 ਜੂਨ 2018 ਨੂੰ ਸੈਨ ਫਰਾਂਸਿਸਕੋ ਵਿਖੇ

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾਂ ਦੀ ਯਾਦ ਵਿਚ 10 ਜੂਨ 2018 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ

## ਸਿੱਖ ਯੂਥ ਆਫ਼ ਅਮਰੀਕਾ

ਬੇਨਤੀ ਕਰਤਾ : ਜਸਵਿੰਦਰ ਸਿੰਘ ਜੰਡੀ (ਪ੍ਰਧਾਨ ਸਿੱਖ ਯੂਥ ਆਫ਼ ਅਮਰੀਕਾ, ਫਰੀਮਾਂਟ), ਗੁਰਿੰਦਰਜੀਤ ਸਿੰਘ ਮਾਨਾ
ਮਨਜੀਤ ਸਿੰਘ, ਗੁਲਵਿੰਦਰ ਸਿੰਘ ਭਿੰਦਾ, ਕੁਲਵੰਤ ਸਿੰਘ, ਜੋਹਨ ਸਿੰਘ ਗਿੱਲ, ਗੁਰਮੇਲ ਸਿੰਘ ਢੇਸੀ ਅਤੇ ਡਾ. ਰਣਜੀਤ ਸਿੰਘ

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ

## FREEDOM MARCH & SOVEREIGNTY RALLY

## NAGAR KIRTAN
SAN FRANCISCO

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀ ਪੀਤੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।

## SUNDAY • JUNE 10, 2018 • SAN FRANCISCO

Start 10am at 36 2nd Street ਤੋਂ ਸਿਵਿਕ ਸੈਂਟਰ ਤੱਕ
BART COMMUTER USE MONTGOMERY BART STATION



ਬੇਨਤੀ ਕਰਤਾ

## Sea Road Transportation Inc

**Phone (510) 344-8584**

Durlabh S. Hundal
Kamaljeet Singh
Bhaagdeep Singh Gill

SEA ROAD TRANSPORTATION INC



ੴ

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**

*Kabeer, nothing is mine within myself. Whatever there is, is Yours, Lord*

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥**

*If I surrender to You what is already Yours, what does it cost me? ||203||*

With heavy hearts, we announce the loss of
**Sardarni Kuljit Kaur Marwah**
wife of Dr. Amarjit Singh Marwah
Who left for her heavenly abode on
Sunday, June 3, 2018

The funeral service will be held on **Monday, June 11, 2018**.
The details are as follows:

**Forest Lawn Memorial Park**
1712 S Glendale Ave, Glendale, CA 91205
(323) 254-3131

10:30am – Funeral Service
1pm – Cremation
*Followed by*
**Hollywood Sikh Temple**
1966 N Vermont Ave, Los Angeles, CA 90027
(323) 665-7707

2pm – Bhog and Guru Ka Langar

For further information, please contact:
Meeta Singh – 714-222-3757
Raveena Ahuja – 443-834-5773

*Sehej Paath has begun in Dr. Marwah's home. The address is:*
29057 Pacific Coast Highway
Malibu, CA 90265




Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# BRIGHT BRAIN & JADOO TV
# MANDEEP & KIM DEOL
# DR.CHARANJIT UPPAL

BRIGHT BRAIN PRODUCTIONS | jadoo TV




# PUNJABI FOLK

# MITTI DA BAWA & PUNJABO LIVE

## JUNE 22, 2018

**8 PM | INDIA COMMUNITY CENTER | MILPITAS**

PNG | verka | Raja Sweets & Catering | Paradise Palace Ballroom | Frontier Spice Indian Cuisine | New York Life Khushwinder Singh | Young Explorers

Divine Vastu Rewa Kumar | Travelopod Best Airfares & Vacations Worldwide | New York Life Mandeep Bajwa 925-922-2043 CA Ins. Lic. # 0H91161 | Kim Deol The Deol Team 510-760-0970 | Uppal Dental | CIS California Immigration Services ROSY KAUR : 408-422-8585

**SUPPORTED BY :**

Kash Fabrics | Khosla - Thal | Shiddartha Int | Legent Travels | Rajeev Sharda - New India Bazar
Goldy - Mountain Mike | Abidi Rajbanti | Kulvant Nijjar | Amit Ghambir | Dass Sweets
Sammy Bhardawaj - Arya Benquet Hall | Dr Singla | Jaspreet Singh - Attorney | Amenda Ahuja
Bunty and Monika Shera | Raj Pabla | Cougar Truck Lines | Mr Paul Rangoli Sweets
Neeru and Harpreet Lamba | Guru Saini | Inder Dosanjh | Khoobsurat Saree Palace | Shidartha Grocery
Amritsar Times | Punjab Mail | Sade lok | Punjabi Radio USA | Radio Mirchi

## Tickets : $50, $75, $100, VIP

**TICKETS AVAILABLE AT:**

Ticketmaster.com | Sulekha.com | TicketHungama.com | Brightbrain.events

For more information Call :

**JAI SINGH 510-677-2777 • Kim Deol 510-760-0970**

**Dr. Uppal 510-432-2375 • Mandeep Bajwa 925-922-2043**



# ਭਾਈ ਹਰਜਾਪ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਰਵਿੰਦਰ ਸਿੰਘ ਰੰਧਾਵਾ, ਭਾਈ ਦਰਸ਼ਨ ਸਿੰਘ ਮਾਨ ਤੇ ਭਾਈ ਗੁਰਬਚਨ ਸਿੰਘ ਨੂੰ ਐਲਸਬਰਾਂਟੇ ਗੁਰੂ ਘਰ ਦੀ ਸਾਧ ਸੰਗਤ ਵਲੋਂ

# ਕੁਝ ਸਵਾਲ

## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਪਿਛਲੇ ਹਫ਼ਤੇ ਭਾਈ ਕੁਲਵੰਤ ਸਿੰਘ, ਭਾਈ ਰਵਿੰਦਰ ਸਿੰਘ ਰੰਧਾਵਾ ਤੇ ਭਾਈ ਹਰਜਾਪ ਸਿੰਘ ਵੱਲੋਂ ਪੰਜਾਬੀ ਦੀ ਇਕ ਅਖ਼ਬਾਰ ਵਿਚ ਗੁਰਦੁਆਰਾ ਸਾਹਿਬ ਐਲਸਬਰਾਂਟੇ ਦੀ ਪੰਜਾਹਵੀਂ ਵਰ੍ਹੇ ਗੰਢ ਦੇ ਸਬੰਧ ਵਿਚ ਇਕ ਇਸ਼ਤਿਹਾਰ ਦਿੱਤਾ ਗਿਆ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਐਲਸਬਰਾਂਟੇ ਗੁਰਦੁਆਰਾ ਸਾਹਿਬ ਦੇ 50 ਸਾਲ ਪੂਰੇ ਹੋ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਇਸ ਸਬੰਧ ਵਿਚ ਵੱਡੇ ਇਤਿਹਾਸਕ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਜਿਸ ਦੇ ਵੇਰਵੇ ਆਉਣ ਵਾਲੇ ਸਮੇਂ ਵਿਚ ਗੁਰੂ ਦੀਆਂ ਸੰਗਤਾਂ ਨਾਲ ਸਾਂਝੇ ਕੀਤੇ ਜਾਣਗੇ । ਇਨ੍ਹਾਂ ਤਿੰਨਾਂ ਨੇ ਹੋਰ ਜਾਣਕਾਰੀ ਲੈਣ ਲਈ ਆਪਣੇ ਫ਼ੋਨ ਨੰਬਰ ਵੀ ਇਸ਼ਤਿਹਾਰ ਵਿਚ ਦਿੱਤੇ ਸਨ।

ਗੁਰੂ ਘਰ ਐਲਸਬਰਾਂਟੇ ਦੀ ਸਾਧ ਸੰਗਤ ਭਾਈ ਕੁਲਵੰਤ ਸਿੰਘ, ਭਾਈ ਰਵਿੰਦਰ ਸਿੰਘ ਰੰਧਾਵਾ ਤੇ ਭਾਈ ਹਰਜਾਪ ਸਿੰਘ ਦੇ ਨਾਲ ਨਾਲ ਭਾਈ ਦਰਸ਼ਨ ਸਿੰਘ ਮਾਨ ਅਤੇ ਭਾਈ ਗੁਰਬਚਨ ਸਿੰਘ ਤੋਂ ਹੇਠ ਲਿਖੇ ਸਵਾਲਾਂ ਦੇ ਜਵਾਬ ਦੇਣ ਦੀ ਮੰਗ ਕਰਦੀ ਹੈ ਤਾਂ ਕਿ ਸਮੁੱਚੀ ਸਾਧ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਚ ਪੁਰਾਣੀਆਂ ਕਮੇਟੀਆਂ ਵੱਲੋਂ ਕੀਤੀਆਂ ਧਾਂਦਲੀਆਂ ਤੇ ਸੰਗਤਾਂ ਨੂੰ ਬੋਲੇ ਝੂਠ ਤੋਂ ਪਰਦਾ ਉੱਠ ਸਕੇ।

## ਸਵਾਲ ਨੰਬਰ-1

ਗੁਰਦੁਆਰਾ ਸਾਹਿਬ ਐਲਸਬਰਾਂਟੇ ਗਰਮੀਆਂ ਦੇ ਦਿਨਾਂ 'ਚ 1965 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਹਿਸਾਬ ਨਾਲ 50 ਸਾਲ ਅੱਜ ਤੋਂ 3 ਸਾਲ ਪਹਿਲਾਂ ਪੂਰੇ ਹੋ ਗਏ ਹਨ। ਅੱਜ 53 ਸਾਲਾਂ ਨੂੰ 50 ਸਾਲ ਦਸਕੇ ਸੰਗਤਾਂ ਨੂੰ ਗੁੰਮਰਾਹ ਕਿਉਂ ਕੀਤਾ ਜਾ ਰਿਹਾ ਹੈ। ਜਦ ਕਿ ਗੁਰਦੁਆਰਾ ਸਾਹਿਬ ਦੀ ਜ਼ਮੀਨ 1974 ਵਿਚ ਖ਼ਰੀਦੀ ਗਈ ਸੀ, ਉਸ ਦੇ ਹਿਸਾਬ ਨਾਲ 44 ਸਾਲ ਬਣਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦਾ ਨੀਂਹ ਪੱਥਰ 1979 ਵਿਚ ਰੱਖਿਆ ਗਿਆ ਸੀ ਉਸ ਹਿਸਾਬ ਨਾਲ 39 ਸਾਲ ਬਣਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ 1980 ਵਿਚ ਮੁਕੰਮਲ ਹੋਈ ਸੀ ਉਸ ਹਿਸਾਬ ਨਾਲ ਹੁਣ ਤੱਕ 38 ਸਾਲ ਬਣਦੇ ਹਨ। ਕੀ ਇਹ ਪੰਜ ਸਿੰਘ ਸੰਗਤ ਨੂੰ ਦੱਸਣਗੇ ਕਿ ਉਹ 50ਵੀਂ ਵਰ੍ਹੇਗੰਢ ਦਾ ਇਸ਼ਤਿਹਾਰ ਦੇ ਕੇ ਸੰਗਤ ਨੂੰ ਕਿਉਂ ਗੁੰਮਰਾਹ ਕਰ ਰਹੇ ਹਨ?

## ਸਵਾਲ ਨੰਬਰ-2

ਭਾਈ ਹਰਜਾਪ ਸਿੰਘ, ਭਾਈ ਕੁਲਵੰਤ ਸਿੰਘ , ਭਾਈ ਰਵਿੰਦਰ ਸਿੰਘ ਰੰਧਾਵਾ, ਭਾਈ ਦਰਸ਼ਨ ਸਿੰਘ ਮਾਨ ਤੇ ਭਾਈ ਗੁਰਬਚਨ ਸਿੰਘ ਅਲੱਗ ਅਲੱਗ ਸਮੇਂ 'ਤੇ ਗੁਰੂ ਘਰ ਦੀ ਕਮੇਟੀ, ਸੁਪਰੀਮ ਕੌਂਸਲ ਅਤੇ ਬਿਲਡਿੰਗ ਕਮੇਟੀ ਵਿਚ ਰਹਿ ਚੁੱਕੇ ਹਨ। ਭਾਈ ਹਰਜਾਪ ਸਿੰਘ ਅੱਜ ਵੀ ਗੁਰੂ ਘਰ ਦੀ ਬਿਲਡਿੰਗ ਕਮੇਟੀ ਦੇ ਇੰਚਾਰਜ ਹਨ। ਕੀ ਇਹ ਪੰਜੇ ਸਿੰਘ ਸਾਹਿਬ ਦੱਸਣਗੇ ਕਿ ਇਨ੍ਹਾਂ ਦੀਆਂ ਕਮੇਟੀਆਂ ਦੌਰਾਨ ਕਿੰਨੇ ਵਿਅਕਤੀਆਂ ਨੂੰ ਭਾਰਤ ਤੋਂ ਗੁਰਦੁਆਰਾ ਸਾਹਿਬ ਦੇ ਨਾਂ ਉਪਰ ਸਪਾਂਸਰ ਕੀਤਾ ਗਿਆ ਹੈ। ਉਨ੍ਹਾਂ ਵਿਚੋਂ ਕਿੰਨੇ ਵਿਅਕਤੀਆਂ ਨੂੰ ਵੀਜ਼ਾ ਮਿਲਿਆ ਹੈ ਤੇ ਕਿੰਨਿਆਂ ਨੇ ਆ ਕੇ ਅਸਲ ਰੂਪ ਵਿਚ ਗੁਰਦੁਆਰਾ ਸਾਹਿਬ ਸੇਵਾ ਕੀਤੀ ਹੈ?

## ਸਵਾਲ ਨੰਬਰ-3

ਕੀ ਇਹ ਪੰਜ ਸਿੰਘ ਦੱਸਣਗੇ ਕਿ ਹੁਣ ਤੱਕ ਇਨ੍ਹਾਂ ਦੀਆਂ ਕਮੇਟੀਆਂ ਦੌਰਾਨ ਕਿੰਨੇ ਗੁਰਦੁਆਰਾ ਸਾਹਿਬ ਉਪਰ ਕੇਸ ਹੋਏ ਹਨ ਤੇ ਉਨ੍ਹਾਂ ਦਾ ਸਿੱਟਾ ਕੀ ਨਿਕਲਿਆ ਹੈ ਅਤੇ ਨਾਲ ਹੀ ਹੁਣ ਕਿੰਨੇ ਕੇਸ ਚੱਲ ਰਹੇ ਹਨ ਤੇ ਉਨ੍ਹਾਂ ਵਿਚੋਂ ਇਨ੍ਹਾਂ ਪੰਜ ਸਿੰਘਾਂ 'ਤੇ ਕਿੰਨੇ ਕੇਸ ਚੱਲ ਰਹੇ ਹਨ?

ਇਸੇ ਤਰਾਂ ਹੀ ਹਰ ਹਫ਼ਤੇ ਇਨ੍ਹਾਂ ਸਿੰਘਾਂ ਨੂੰ ਗੁਰਦੁਆਰਾ ਸਾਹਿਬ ਦੇ ਸਬੰਧ ਵਿਚ ਸੰਗਤ ਵੱਲੋਂ ਸਵਾਲ ਕੀਤੇ ਜਾਣਗੇ। ਬਹੁਤ ਸਾਰੇ ਸਵਾਲਾਂ ਦੇ ਜਵਾਬ ਸੰਗਤ ਨੂੰ ਪਹਿਲਾਂ ਹੀ ਪਤਾ ਹੈ ਤੇ ਸੰਗਤ ਕੋਲ ਸਬੂਤ ਵੀ ਮੌਜੂਦ ਹਨ। ਜੇਕਰ ਇਨ੍ਹਾਂ ਨੇ ਕਿਸੇ ਵੀ ਤਰੀਕੇ ਨਾਲ ਆਪਣੇ ਜਵਾਬ ਵਿਚ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਤੇ ਨਾ ਜਵਾਬ ਦਿੱਤੇ ਤਾਂ ਆਉਣ ਵਾਲੇ ਸਮੇਂ ਵਿਚ ਸਾਰੇ ਸਬੂਤ ਅਖ਼ਬਾਰਾਂ ਵਿਚ ਛਾਪ ਦਿੱਤੇ ਜਾਣਗੇ। ਆਪਣੇ ਇਮੀਗਰੇਸ਼ਨ ਵਿਭਾਗ ਤੋਂ ਗੁਰਦੁਆਰਾ ਸਾਹਿਬ ਦੀ ਲੈਟਰਪੈਡ ਨੂੰ ਵਰਤਕੇ ਗਲਤ ਬੰਦਿਆਂ ਨੂੰ ਮਗਵਾਉਣ ਦੇ ਜੁਰਮ 'ਚ ਜਾਂਚ ਕਰਨ ਤੇ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ।

## ਜਾਰੀ ਕਰਤਾ : ਸਾਧ ਸੰਗਤ ਗੁਰਦੁਆਰਾ ਸਾਹਿਬ ਐਲਸਬਰਾਂਟੇ

(Advt.)

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ

## 4250-E. LINCOLN AVE FRESNO CA-93725

# ਸ਼ਹੀਦੀ ਦਿਹਾੜਾ ਸ੍ਰੀ ਗੁਰੂ ਅਰਜਨ ਦੇਵ ਜੀ

## 17 ਜੂਨ 2018 ਦਿਨ ਐਤਵਾਰ

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਥਾ, ਕੀਰਤਨ ਅਤੇ ਢਾਡੀ ਦਰਬਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ, ਕੀਰਤਨੀ ਜਥੇ ਅਤੇ ਢਾਡੀ ਜਥੇ ਹਾਜ਼ਰੀਆਂ ਭਰਨਗੇ।



ਗਿਆਨੀ ਜੀਵਾ ਸਿੰਘ
(ਦਮਦਮੀ ਟਕਸਾਲ)



ਢਾਡੀ ਭਾਈ ਸੁਖਵਿੰਦਰ ਸਿੰਘ
(ਅੰਮ੍ਰਿਤਸਰ ਵਾਲੇ)



ਭਾਈ ਕੁਲਵੰਤ ਸਿੰਘ
(ਲੁਧਿਆਣੇ ਵਾਲੇ)

ਵਿਸ਼ੇਸ਼ ਜਾਣਕਾਰੀ : ਬਾਬਾ ਜੀਵਾ ਸਿੰਘ ਜੀ ਗਿਆਨੀ (ਦਮਦਮੀ ਟਕਸਾਲ) ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹਿਲੀ ਵਾਰ ਸਮਾਗਮਾਂ ਵਿੱਚ ਸ਼ਾਮਲ ਹੋ ਰਹੇ ਹਨ ਆਓ ਉਨ੍ਹਾਂ ਦੀ ਵਿਦਵਤਾ ਤੋਂ ਲਾਹਾ ਪ੍ਰਾਪਤ ਕਰਨ ਲਈ ਗੁਰੂਘਰ ਪਹੁੰਚੀਏ

*10 ਜੂਨ 2018 ਸਵੇਰੇ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।*




ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ :**
15 ਜੂਨ 2018 ਦਿਨ ਸ਼ੁੱਕਰਵਾਰ ਸਵੇਰੇ 09:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ :**
17 ਜੂਨ 2018 ਦਿਨ ਐਤਵਾਰ ਸਵੇਰੇ 09:00 ਵਜੇ

**ਗਿਆਨੀ ਜੀਵਾ ਸਿੰਘ ਜੀ ਵਲੋਂ ਕਥਾ :**
15 ਜੂਨ ਤੋਂ 01 ਜੁਲਾਈ 2018 ਤੱਕ ਰੋਜ਼ਾਨਾ

**ਕਥਾ ਦੀ ਸੰਪੂਰਨਤਾ ਦੇ ਸ਼ੁਕਰਾਨੇ ਵਜੋਂ**
ਅਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਅਖੰਡ ਪਾਠ
22 ਜੂਨ 2018 ਦਿਨ ਸ਼ੁੱਕਰਵਾਰ ਸਵੇਰੇ 09:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
24 ਜੂਨ 2018 ਦਿਨ ਐਤਵਾਰ ਸਵੇਰੇ 09:00 ਵਜੇ

**ਢਾਡੀ ਜਥਾ ਭਾਈ ਸੁਖਵਿੰਦਰ ਸਿੰਘ ਜੀ**
15 ਜੂਨ 2018 ਤੋਂ 24 ਜੂਨ 2018 ਤੱਕ ਰੋਜ਼ਾਨਾ

**ਕਥਾਵਾਚਕ ਗਿਆਨੀ ਕੁਲਵੰਤ ਸਿੰਘ ਜੀ**
01 ਜੁਲਾਈ 2018 ਤੋਂ 03 ਜੁਲਾਈ ਤੱਕ ਰੋਜ਼ਾਨਾ

**ਗੁਰਦੁਆਰਾ ਸਾਹਿਬ 'ਚ ਰੋਜ਼ਾਨਾ ਦੀਵਾਨ ਦਾ ਸਮਾਂ**
ਐਤਵਾਰ ਸਵੇਰੇ 09:30 ਵਜੇ ਤੋਂ ਬਾਅਦ ਦੁਪਹਿਰ 01:30 ਵਜੇ ਤੱਕ
ਸੋਮਵਾਰ ਤੋਂ ਸ਼ਨਿੱਚਰਵਾਰ ਸ਼ਾਮ 7:00 ਵਜੇ ਤੋਂ 9:00 ਵਜੇ ਤੱਕ

## ਹੋਰ ਜਾਣਕਾਰੀ ਲਈ ਸੰਪਰਕ ਕਰੋ

# 559-575-1205, 209-678-0450

## ਬੇਨਤੀ ਕਰਤਾ: ਸਮੂਹ ਪ੍ਰਬੰਧਕ, ਸੇਵਾਦਾਰ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

**Listing Price: $929,900,**

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

**Listing Price $1,250,000,**

Area: 10.5000 Acres (457380 Lot SqFt Apprx)



**Ranjit S Mangat**
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਅਜਮੇਰ ਸਿੰਘ, ਇਕ ਇਤਿਹਾਸਕਾਰ ਜਾਂ ਨਵੇਂ ਇਤਿਹਾਸ ਦਾ ਨਿਰਮਾਤਾ !

**ਗੁਰਜੀਤ ਕੌਰ**
(ਫੋਨ ਸੰਪਰਕ: 713-469-2474)

ਸਰਦਾਰ ਅਜਮੇਰ ਸਿੰਘ ਹੁਰਾਂ ਨਾਲ ਮੇਰੀ ਜਾਣ-ਪਛਾਣ ਕੁਝ ਖ਼ਾਸ ਪੁਰਾਣੀ ਨਹੀਂ, ਸ਼ਾਇਦ ਇਕ ਸਾਲ ਵੀ ਨਹੀਂ ਪੂਰਾ ਟੱਪਿਆ ਹੋਣਾ। ਇਸ ਦਾ ਮੈਨੂੰ ਡੂੰਘਾ ਅਫਸੋਸ ਹੈ ਕਿਉਂ ਜੋ ਸਰਦਾਰ ਸਾਹਿਬ ਹੁਰਾਂ ਵਰਗੀਆਂ ਸਖ਼ਸ਼ੀਅਤਾਂ ਜਿਹੜੀਆਂ ਰਵਾਇਤ ਤੋਂ ਹਟ ਕੇ ਨਿਵੇਕਲੀ ਗੱਲ ਕਰਨ ਦੀ ਸੂਝ-ਬੂਝ ਰੱਖਣ ਦੇ ਸਮਰੱਥ ਹੋਣ, ਨਾਲ ਜਾਣ ਪਛਾਣ ਜਾਂ ਮੇਲ ਜੋਲ ਜਿੰਨਾ ਪੁਰਾਣਾ ਹੋਵੇ ਓਨਾ ਲਾਹੇਵੰਦਾ।

ਕੋਈ ਚਾਰ ਕੁ ਸਾਲ ਪਹਿਲਾਂ ਮੈਨੂੰ ਦਿੱਲੀ ਦੇ ਫਤਿਹ ਨਗਰ ਇਲਾਕੇ ਵਿਚ ਕਿਸੇ ਦੁਕਾਨ ’ਤੇ ‘ਗਦਰੀ ਬਾਬਰੇ ਕੌਣ ਸਨ’ ਸਿਰਲੇਖ ਹੇਠ ਕਿਤਾਬ ਦਿਸੀ। ਮੈਂ ਸਿਰਲੇਖ ਤੋਂ ਪ੍ਰਭਾਵਿਤ ਹੋ ਕੇ ਉਹ ਕਿਤਾਬ ਝੱਟ ਖਰੀਦ ਲਈ ਕਿਉਂ ਜੋ ਮੈਨੂੰ ਪਤਾ ਸੀ ਕਿ ਇਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੋਰਾਂ ਦਾ ਜ਼ਿਕਰ ਜ਼ਰੂਰ ਹੋਣਾ ਹੈ ਕਿਉਂਕਿ ਉਹ ਵੀ ਇਸ ਲਹਿਰ ਵਿਚ ਸਰਗਰਮ ਸਨ। ਬਦਕਿਸਮਤੀ ਨਾਲ ਹਿਊਸਟਨ ਵਾਪਸ ਪਰਤਣ ’ਤੇ ਉਹ ਕਿਤਾਬ ਮੇਰੇ ਕੋਲੋਂ ਕਿਸੇ ਨੇ ਪੜ੍ਹਨ ਲਈ ਮੰਗੀ ਅਤੇ ਮੈਂ ਉਸ ਨੂੰ ਪੜ੍ਹਨ ਤੋਂ ਹੁਣ ਤੱਕ ਵਾਂਝੀ ਰਹਿ ਗਈ। ਸਮਾਂ ਲੰਘੀ ਗਿਆ। ਵਕਤਨ-ਫ-ਵਕਤਨ ਸਰਦਾਰ ਸਾਹਿਬ ਦਾ ਚਿਹਰਾ ਯੂਟਿਊਬ ਖੋਲ੍ਹਿਆਂ ਦਿਸ ਪੈਂਦਾ ਸੀ ਪਰ ਕਦੇ ਵੀ ਉਹਨਾਂ ਦੇ ਪੇਜ ਖੋਲਣ ਦੀ ਜ਼ਹਿਮਤ ਨਹੀਂ ਸੀ ਕੀਤੀ। ਇਸ ਦਾ ਕਾਰਨ ਸੀ ਉਹਨਾਂ ਦੇ ਨਾਂ ਨਾਲ ਲੱਗਿਆ ‘ਹਿਸਟੋਰੀਅਨ’ ਸ਼ਬਦ ਦਾ ਵਿਸ਼ੇਸ਼ਣ, ਕਿਉਂਕਿ ਆਮ ਵੇਖਿਆ ਜਾਂਦਾ ਹੈ ਕਿ ਲੋਕ ਥੋੜੀ ਜਿਹੀ ਪ੍ਰਸਿੱਧੀ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਆਪ ਨੂੰ ਬਾਕੀਆਂ ਤੋਂ ਵੱਖਰਾ ਸਾਬਤ ਕਰਨ ਲਈ ਇਹੋ ਜਿਹੇ ਹਥਕੰਡੇ ਦਾ ਵੀ ਉਪਯੋਗ ਕਰਦੇ ਹਨ। ਜਿਸ ਸਮਾਜ ਵਿਚ ਮੈਂ ਪੈਦਾ ਹੋਈ, ਉਸ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਵਿਚ ਸਿਰਨਾਵੇਂ, ਵਿਸ਼ੇਸ਼ਣ, ਸਿਰਪਾਓ ਅਤੇ ਖ਼ਿਤਾਬ ਰਿਉੜੀਆਂ ਤੋਂ ਵੀ ਮਾਮੂਲੀ ਕਰਾਰ ਦੇ ਦਿੱਤੇ ਗਏ ਹਨ ਕਿਉਂਕਿ ਰਿਉੜੀਆਂ ਖਰੀਦਣ ਲਈ ਤਾਂ ਪੈਸੇ ਲੱਗਦੇ ਹਨ ਅਤੇ ਉਹਨਾਂ ਨੂੰ ਅਹਿਮੀਅਤ ਦੇਣ ਦਾ ਕੋਈ ਮੌਕਾ ਜਾਂ ਮੌਸਮ ਹੁੰਦਾ ਹੈ ਪਰ ਕਿਸੇ ਨੂੰ ਖ਼ਿਤਾਬ, ਸਰਨਾਵਾਂ ਆਦਿ ਦੇਣ ਲਈ ਕਿਸੇ ਸੇਲ, ਭਾਅ ਜਾਂ ਮੌਸਮ ਦੀ ਲੋੜ ਨਹੀਂ। ਲੋੜ ਹੈ ਅਤੇ ਸਿਰਫ਼ ਥੋੜਾ ਗ਼ੈਰਜ਼ਿੰਮੇਵਾਰ ਅਤੇ ਚਾਪਲੂਸ ਹੋਣ ਦੀ, ਦਿਮਾਗ਼ ਜਾਂ ਦਿਲ ਦੇ ਅਕਾਰ ਨੂੰ ਅਣਗੌਲਿਆ ਕਰ ਕੇ ਢਿੱਡ ਦੇ ਅਕਾਰ ਨੂੰ ਤਰਜੀਹ ਦੇਣ ਦੀ, ਤਰੀਫ਼, ਖੁਸ਼ਾਮਦ ਅਤੇ ਕਦਰ ਵਿਚਕਾਰਲੇ ਅੰਤਰ ਨੂੰ ਆਪਣੇ ਸ਼ਬਦਕੋਸ਼ ਵਿਚੋਂ ਕੱਢਣ ਦੀ ਅਤੇ ਇਹਨਾਂ ਸਭ ’ਤੇ ਮੋਹਰ ਲਾਉਣ ਲਈ ਕੁਝ ਕੁ ਭੌਤਿਕ ਵਸਤਾਂ ਦੀ। ਸੱਚ ਜਾਣਿਓ ਕਈ ਵਾਰ ਤਾਂ ਇਹ ਲਫ਼ਜ ਸਿਰਨਾਵੇਂ ਘੱਟ ਅਤੇ ਬੰਦੇ ਦੀ ਛੇੜ ਜ਼ਿਆਦਾ ਲਗਦੇ ਹਨ, ਜਿਸ ਅੰਦਾਜ਼ ਨਾਲ ਬਗ਼ੈਰ ਸੋਚਿਆਂ ਸਮਝਿਆਂ ਇਹ ਵਰਤੇ ਜਾਂਦੇ ਹਨ।

ਦਿਨ ਲੰਘੀ ਗਏ ਫਿਰ ਮੈਂ ਵੇਖਿਆ ਕਿ ਜਨਾਬ ਵਿਦੇਸ਼ਾਂ ਵਿਚ ਵੀ ਸਰਗਰਮ ਨੇ। ਮੇਰਾ ਸ਼ੱਕ ਪੱਕਾ ਹੋ ਗਿਆ ਕਿ ਇਹ ਉਹਨਾਂ ਕਰਮਾਂ ਵਾਲਿਆਂ ਵਿਚੋਂ ਹੀ ਨੇ ਜਿਹੜੇ ਜੋਸ਼ੋ-ਖਰੋਸ਼ ਨਾਲ ਗੁਰੂਆਂ ਦੀਆਂ ਜੀਵਨੀਆਂ ਅਤੇ ਬਾਣੀ ਦੀ ਕੀਮਤ ਵਸੂਲ ਕੇ ਅਤੇ ਵਾਪਸ ਆਪਣੀ ਜਨਮ ਭੂਮੀ ’ਤੇ ਪਰਤ ਕੇ ਐਸ਼ ਪ੍ਰਸਤੀ ਕਰਦੇ ਹਨ ਅਤੇ ਆਪਣੇ ਆਪ ਨਾਲ ਸਿਰਨਾਵੇਂ ਜੋੜ ਕੇ ਲੋਕਾਂ ਨੂੰ ਭਰਮ ਭੁਲੇਖਿਆਂ ਵਿਚ ਪਾਈ ਰੱਖਦੇ ਹਨ। ਸਮਾਂ ਲੰਘੀ ਗਿਆ। ਇਕ ਦਿਨ ਸਬੱਬੀ ਮੈਂ ਵੇਖਿਆ ਕਿ ਜਨਾਬ ਦਾ ਇੰਟਰਵਿਊ ਚੱਲ ਰਿਹਾ ਹੈ ਅਤੇ ਪਿੱਛੇ ਅੰਬੀਆਂ ਦਾ ਬੂਟਾ ਹੈ। ਮੈਨੂੰ ਪੂਰਾ ਦਰਖ਼ਤ ਵੇਖਣ ਦੀ ਲਾਲਸਾ ਹੋਈ ਅਤੇ ਮੈਂ ਵੀਡਿਓ ਵੇਖਣੀ ਚਾਲੂ ਕਰ ਦਿੱਤੀ। ਬੱਸ ਫਿਰ ਕੀ ਸੀ ਪੰਜ ਘੜੀਆਂ ਵਿਚ ਹੀ ਦਰਖ਼ਤ ਵਿਸਰ ਗਿਆ ਅਤੇ ਹੈਰਤਅੰਗੇਜ਼ੀ ਦੀ ਹੱਦ ਤੱਕ ਅਫ਼ਸੋਸ ਹੋਇਆ ਕਿ ਜਨਾਬ ਉਹੀ ਸਨ ਜਿਹਨਾਂ ਦੀ ਮੈਂ ਕਿਤਾਬ ਥੋੜੇ ਸਾਲ ਪਹਿਲਾਂ ਖਰੀਦੀ ਸੀ। ਜਿਸ ਵਿਸ਼ੇਸ਼ਣ ਦੀ ਅਲਰਜੀ ਕਰਕੇ ਮੈਂ ਉਹਨਾਂ ਨੂੰ ਸੁਣਨਾ ਨਹੀਂ ਸਾਂ ਚਾਹੁੰਦੀ ਉਸੇ ਸ਼ਬਦ ਨੇ ਹੁਣ ਮੇਰੇ ਅੰਦਰ ਕਈ ਅਫਸੋਸਜਨਕ ਸ਼ੱਕ ਅਤੇ ਸਵਾਲ ਪੈਦਾ ਕਰ ਦਿੱਤੇ। ਮੈਨੂੰ ਲੱਗਿਆ ਕਿ ਇਕ ਛੋਟਾ ਜਿਹਾ ਸਰਨਾਵਾਂ ਲਾ ਕੇ ਉਹਨਾਂ ਦੀ ਖੋਜ ਅਤੇ ਸੂਖ਼ਮਤਾ ਨ ਾਲ ਨਾਇਨਸਾਫ਼ੀ ਹੀ ਨਹੀਂ ਕੀਤੀ ਜਾ ਰਹੀ ਸਗੋਂ ਉਹਨਾਂ ਦਾ ਵਿਅਕਤੀਤਵ ਵੀ ਬੌਣਾ ਦਰਸਾਇਆ ਜਾ ਰਿਹਾ ਹੈ। ਇਤਿਹਾਸਕਾਰ ਜਾਂ ਹਿਸਟੋਰੀਅਨ ਸ਼ਬਦਾਂ ਨਾਲ ਉਹਨਾਂ ਦੇ ਵਿਅਕਤੀਤਵ ਦਾ ਦੂਰ ਦੂਰ ਤੱਕ ਵਾਸਤਾ ਨਹੀਂ। ਇਹਨਾਂ ਸ਼ਬਦਾਂ ਦੀ ਪਰਿਭਾਸ਼ਾ ਦੀ ਹੱਦਬੰਦੀ ਵਿਚ ਜਨਾਬ ਦੀ ਕਾਰਜ ਪ੍ਰਣਾਲੀ, ਕਾਰਜਸ਼ਮਤਾ, ਉੱਦਮ ਅਤੇ ਸੰਵੇਦਨਾ ਸਮਾਉਂਦੀ ਹੀ ਨਹੀਂ।



ਇਤਿਹਾਸਕਾਰ ਕੀ ਹੁੰਦਾ ਹੈ ? ਉਹ ਵਿਅਕਤੀ ਜਿਹੜਾ ਕਿ ਭੂਤਕਾਲ ਵਿਚ ਵਾਪਰੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਰਤਾਰਿਆਂ ਨੂੰ ਵਰਤਮਾਨ ਦੇ ਸਮਾਜ ਅੱਗੇ ਪੇਸ਼ ਕਰਨ ਵਿਚ ਮੁਹਾਰਤ ਹਾਸਲ ਕਰੇ। ਉਸ ਦੀ ਖੋਜ ‘ਕਿਵੇਂ’ ਸ਼ਬਦ ਦੇ ਆਲੇ ਦੁਆਲੇ ਘੁੰਮਦੀ ਹੈ। ਉਹ ਸਭ ਕੁਝ ਕਿਉਂ ਵਾਪਰਿਆ ਜੇ ਉਹ ਜਾਣਨਾ ਵੀ ਚਾਹੇ ਤਾਂ ਵੀ ਉਹ ਉਸ ਵਰਤਾਰੇ ਪ੍ਰਤੀ ਸੰਵੇਦਨਸ਼ੀਲ ਨਹੀਂ ਹੋਵੇਗਾ। ਉਦਾਹਰਣ ਵਜੋਂ ਮਨੂੰਸਮ੍ਰਿਤੀ ਨੂੰ ਲਾਗੂ ਕਰਨ ਵਾਲਾ ਕੋਈ ਬ੍ਰਾਹਮਣ ਸੀ। ਚਤੁਰੰਗਮ (ਸਤਰੰਜ) ਦੀ ਖੋਜ ਕਿਸੇ ਬ੍ਰਾਹਮਣ ਨੇ ਚੌਥੀ ਸ਼ਤਾਬਦੀ ਵਿਚ ਕੀਤੀ। ਸੰਨ 1947 ਤੋਂ ਬਾਅਦ ਭਾਰਤ ਵਿਚ ਕਿੰਨੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਆਏ ਅਤੇ ਕਿਹੜੀਆਂ ਕਿਹੜੀਆਂ ਪ੍ਰਸ਼ਾਸਨਿਕ ਪਦਵੀਆਂ ਕਿਹਨੂੰ ਕਿਹਨੂੰ ਮਿਲੀਆਂ। ਖਾਲਸਾ ਰਾਜ ਦਾ ਆਰੰਭ ਅਤੇ ਅੰਤ ਕਦੋਂ ਹੋਇਆ, ਇਹ ਸਭ ਕਿਸੇ ਇਤਿਹਾਸਕਾਰ ਦਾ ਹੀ ਵਿਸ਼ਾ ਹੈ।

ਹੁਣ ਅਸੀਂ ਪੜਚੋਲ ਕਰੀਏ ਆਪਣੀ ਮੱਤ ਦੀ ਕਿ ਅਜਮੇਰ ਸਿੰਘ ਦਾ ਜਾਂ ਉਹਨਾਂ ਵਰਗੀ ਕਿਸੇ ਹੋਰ ਸ਼ਖ਼ਸ਼ੀਅਤ ਦਾ ਮੰਤਵ ਸਾਨੂੰ ਸਿਰਫ਼ ਇਤਿਹਾਸ ਦਾ ਬੋਧ ਕਰਾਉਂਣਾ ਜਾਂ ਕਿਸੇ ਕਾਲ ਵਿਸ਼ੇਸ਼ ਦੀ ਜਾਣਕਾਰੀ ਦੇਣ ਦੀ ਹੱਦ ਤੱਕ ਸੀਮਤ ਹੈ ? ਇਤਿਹਾਸਕ ਪਹਿਲੂਆਂ ਦੀ ਪੜਚੋਲ ਕਿਸੇ ਇਤਿਹਾਸਕਾਰ ਵਜੋਂ ਨਾ ਕਰ ਕੇ ਕੀ ਉਹ ਬਤੌਰ ਇਤਿਹਾਸ ਦੇ ਵਿਦਿਆਰਥੀ, ਕਰਦੇ ਪ੍ਰਤੀਤ ਨਹੀਂ ਹੁੰਦੇ ਅਤੇ ਵਿਦਿਆਰਥੀ ਵੀ ਉਹ ਜਿਸ ਨੇ ਇਤਿਹਾਸ ਦੀ ਖੋਜ ਦੇ ਨਾਲ ਨਵਾਂ ਇਤਿਹਾਸ ਸਿਰਜ ਕੇ ਲੋਕਾਂ ਦੇ ਸਾਹਮਣੇ ਰੱਖ ਦਿੱਤਾ। ਹਕੀਕਤ ਇਹ ਹੈ ਕਿ ਜੋ ਕੰਮ ਉਹ ਕਰ ਰਹੇ ਹਨ ਉਹ ਕਿਸੇ ਖੋਜੀ ਜਾਂ ਸੰਵੇਦਨਸ਼ੀਲ ਵਿਸ਼ਲੇਸ਼ਕ ਦੇ ਨੇ ਅਤੇ ਜਿਹੜੇ ਇਤਿਹਾਸ ਨੂੰ ਵਾਚੇ ਬਗ਼ੈਰ ਨਹੀਂ ਹੋ ਸਕਦੇ। ਚੌਥੀ ਸ਼ਤਾਬਦੀ ਵਿਚ ਸੀਸਾ ਨਾਂ ਦੇ ਵਿਅਕਤੀ ਨੇ ਜੇ ਸ਼ਤਰੰਜ ਦੀ ਖੋਜ ਕੀਤੀ ਅਤੇ ਉਸ ਵਿਚ ਬ੍ਰਾਹਮਣ (ਅਜੋਕੇ ਵਜ਼ੀਰ ਜਾਂ ਰਾਣੀ) ਨੂੰ ਹੀ ਸਾਰੇ ਅਖ਼ਤਿਆਰ ਕਿਉਂ ਦਿੱਤੇ ਗਏ ? ਮਨੂੰ ਸਮ੍ਰਿਤੀ ਲਾਗੂ ਕਰਨ ਦੀ ਲੋੜ ਕਿਉਂ ਪਈ ? ਇੱਕ ਖ਼ਾਸ ਭਾਈਚਾਰੇ (ਮਹਿਜ਼ ਤੇਰਾਂ ਫੀਸਦੀ ਲੋਕਾਂ) ਦੇ ਹਿੱਸੇ ਅਖੌਤੀ ਆਜ਼ਾਦੀ ਤੋਂ ਬਾਅਦ ਨੱਬੇ ਫੀਸਦੀ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਢਾਂਚਾ ਕਿਵੇਂ ਅਤੇ ਕਿਉਂ ਆ ਗਿਆ ? ਖਾਲਸਾ ਰਾਜ ਦਾ ਅੰਤ ਕਿਉਂ ਹੋਇਆ ? ਇਸ ਪ੍ਰਕਾਰ ਉਹਨਾਂ ਦੀ ਸਾਰੀ ਖੋਜ ਦਾ ਆਧਾਰ ਕਿਉਂ ’ਤੇ ਟਿਕਿਆ ਹੈ ਅਤੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਇਤਿਹਾਸਕ ਘਟਨਾਵਾਂ ਨੂੰ ਅਧਾਰ ਬਣਾਉਣਾ ਉਹਨਾਂ ਦੀ ਸ਼੍ਰੋਮਣੀ ਜ਼ਰੂਰਤ ਹੈ ਜਾਂ ਦੂਜੇ ਲਫ਼ਜਾਂ ਵਿਚ ਕਹਿ ਲਓ ਕਿ ਸਾਨੂੰ ਇਸ ਦੇ ਕਾਬਲ ਬਣਾ ਰਹੇ ਹਨ ਕਿ ਥੇਹ ਨੂੰ ਵੇਖ ਕੇ ਅਸੀਂ ਦੱਸ ਸਕੀਏ ਕਿ ਇਮਾਰਤ ਆਪਣੇ ਸਮੇਂ ਵਿਚ ਕਿੰਨੀ ਬੁਲੰਦ ਸੀ। ਹੁਣ ਕਿਉਂਕਿ ਸਾਨੂੰ ਉਹਨਾਂ ਪਾਸੋਂ ਬਹੁਤ ਕੁਝ ਨਵਾਂ ਸੁਣਨ ਨੂੰ ਮਿਲਦਾ ਹੈ ਇਸ ਕਰਕੇ ਇਤਿਹਾਸਕਾਰ ਵਰਗਾ ‘ਟਾਈਟਲ’ ਉਹਨਾਂ ਦੇ ਗਲ ਪਾ ਕੇ ਉਹਨਾਂ ਪਾਸੋਂ ਦਿੱਤੀ ਜਾਣਕਾਰੀ ਦੀ ਡੂੰਘਾਈ ਨੂੰ ਸਮਝਣ ਤੋਂ ਨਿਜਾਤ ਹਾਸਲ ਕਰ ਲੈਂਦੇ ਹਾਂ।

ਹੁਣ ਜੇ ਮੈਂ ਆਪਣੀ ਗੱਲ ਕਰਾਂ ਅਤੇ ਮੈਨੂੰ ਪਹਿਲੀ ਵਾਰ ਜਦੋਂ ਉਹਨਾਂ ਨੂੰ ਸੁਣਨ ਦਾ ਮੌਕਾ ਮਿਲਿਆ ਅਤੇ ਪਹਿਲਿਆਂ ਪੰਜਾਂ ਮਿੰਟਾਂ ਤੋਂ ਬਾਅਦ ਹਰਪਾਲ ਸਿੰਘ ਪੰਨੂੰ ਦੀ ਲਿਖੀ ਕਿਤਾਬ ਵਿਚ ਦਰਜ ਚੌਦਵੀਂ ਸਦੀ ਦੇ ਫਕੀਰ ਹਾਫਿਜ਼ ਸ਼ਿਰਾਜ਼ੀ ਵਲੋਂ ਲਿਖਿਆ ਕਲਾਮ ਉਹਨਾਂ ’ਤੇ ਲਾਗੂ ਹੁੰਦਾ ਪ੍ਰਤੀਤ ਹੋਇਆ :

“ਬੌਣੇ ਬਾਦਸ਼ਾਹ ਮਾਸੂਮ ਲੋਕਾਂ ਨੂੰ
ਪਿੰਜਰਿਆਂ ’ਚ ਬੰਦ ਕਰ ਕੇ
ਜਦੋਂ ਸੌਂ ਜਾਂਦੇ ਨੇ
ਅਸੀਂ ਫਕੀਰ ਲੋਕ ਸਾਰੀ ਸਾਰੀ ਰਾਤ
ਚਾਬੀਆਂ ਵੰਡਦੇ ਫਿਰਦੇ ਹਾਂ।”

ਜਾਂ ਫਿਰ ਅਗਲੀ ਸਦੀ ਵਿਚ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਰਾਗ ਵਡਹੰਸੁ ਵਿਚ ਰਚਿਆ ਫੁਰਮਾਨ ਯਾਦ ਆਇਆ :

“ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।।
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ।।”

ਜਾਂ ਫਿਰ ਮੈਨੂੰ ਯਾਦ ਆਈ ਸੱਠ ਦੇ ਦਹਾਕੇ ਦੇ ਅੰਤ ਵਿਚ ਸੰਪੂਰਨ ਸਿੰਘ ਕਾਲਰਾ (ਗੁਲਜ਼ਾਰ) ਵੱਲੋਂ ਲਿਖੀ ਗਈ ਰਚਨਾ :

ਹਮਕੋ ਮਨ ਕੀ ਸ਼ਕਤੀ ਦੇਨੇ, ਮਨ ਵਿਜੈ ਕਰੇਂ।
ਦੂਸਰੋਂ ਕੀ ਜੈ ਸੇ ਪਹਿਲੇ, ਖ਼ੁਦ ਕੋ ਜੈ ਕਰੇਂ।

ਮੈਨੂੰ ਤੇ ਇੰਝ ਵੀ ਪ੍ਰਤੀਤ ਹੁੰਦਾ ਹੈ ਕਿ ਜੇ ਕਿਤੇ ਸ਼ਹੀਦ ਭਗਤ ਸਿੰਘ ਦੀ ਫਾਂਸੀ ਟਲ ਜਾਂਦੀ ਅਤੇ ਉਹਨਾਂ ਨੂੰ ਵੀ ਇਤਿਹਾਸਕਾਰ ਹੀ ਕਿਹਾ ਜਾਣਾ ਸੀ ਕਿਉਂਕਿ ਸਮਾਜਵਾਦ ਨੂੰ ਸਥਾਪਿਤ ਕਰਨ ਦੀ ਜੁਗਤ ਅਤੇ ਪ੍ਰੇਰਣਾ ਉਹਨਾਂ ਨੂੰ ਇਤਿਹਾਸ ਵਿਚੋਂ ਹੀ ਮਿਲੀ ਸੀ। ਕਿਉਂਕਿ ਜਿਹੜੇ ਬੰਦੇ ਆਪਣੀ ਹਸਰਤਾਂ ਨੂੰ ਲੈ ਕੇ ਦੁਨੀਆਂ ਤੋਂ ਚਲੇ ਜਾਂ ਭੇਜ ਦਿੱਤੇ ਜਾਂਦੇ ਹਨ ਅਸੀਂ ਜਿਹੜੇ ਕਿ ਬੋਝਿਆਂ ਵਿਚ ਹੀ ਖਿਤਾਬ ਪਾਈ ਘੁੰਮਦੇ ਹਾਂ, ਮਿੰਟ ਨਹੀਂ ਲਾਉਂਦੇ ਮਤਾ ਫਰਮਾਉਣ ਲੱਗੇ। ਮੇਰੇ ਹਿਸਾਬ ਨਾਲ ਖਾੜਕੂਵਾਦ ਵਿਚ ਸ਼ਾਮਲ ਸਾਰੇ ਮਰਜੀਵੜੇ ਇਤਿਹਾਸਕਾਰ ਹੀ ਸਨ ਕਿਉਂਕਿ ਸਿਰੜੀ ਹੋਣ ਦੀ ਪ੍ਰੇਰਣਾ ਅਤੇ ਸ਼ਕਤੀ ਉਹਨਾਂ ਨੂੰ ਅਜ਼ੀਮ ਖ਼ਾਲਸਾਈ ਇਤਿਹਾਸ ਤੋਂ ਹੀ ਮਿਲੀ।

ਹਿਰਖ ਹੁੰਦਾ ਹੈ ਵੇਖ ਕੇ ਇਹੋ ਜਿਹੀਆਂ ਸਖ਼ਸ਼ੀਅਤਾਂ ਦੀਆਂ ਅਣਥੱਕ ਕਾਰਗੁਜ਼ਾਰੀਆਂ ਨੂੰ ਅਸੀਂ ਸਿਰਫ਼ ਸੁਣਨ ਤੱਕ ਹੀ ਸੀਮਤ ਰੱਖਦੇ ਹਾਂ। ਜਾਂ ਕਹਿ ਲਵੋ ਕਿ ਉਹਨਾਂ ਵਲੋਂ ਪ੍ਰਗਟਾਈ ਵੇਦਨਾ ਸਾਡੇ ਮਨਪ੍ਰਚਾਵੇ ਦਾ ਸਾਧਨ ਬਣਦੀ ਹੈ। ਇਸ ਦੀ ਪ੍ਰਤੱਖ ਮਿਸਾਲ ਹੈ ਕਿ ਉਹਨਾਂ ਦੇ ਰੂਬਰੂ ਹੋਇਆਂ ਅਸੀਂ ਫੋਨ ਬੰਦ ਕਰਨੇ ਭੁੱਲ ਜਾਂਦੇ ਹਾਂ, ਚਲਦੀ ਚਰਚਾ ਵਿਚ ਸਪੀਕਰ ਦਾ ਰੁਖ ਬਦਲਣਾ ਸਾਨੂੰ ਚੇਤੇ ਆਉਂਦਾ ਹੈ। ਵਿਸ਼ੇ ਦੀ ਚਰਮਸੀਮਾਂ ’ਤੇ ਪਹੁੰਚਣ ਤੋਂ ਬਾਅਦ ਉਹਨਾਂ ਦੇ ਗਲ ਦੁਆਲੇ ਸਿਰੋਪਾਓ ਪਾ ਕੇ ਗੋਸ਼ਟੀ ਵਿਚ ਵਿਘਨ ਪਾਉਂਦੇ ਹਾਂ। ਆਲੇ ਦੁਆਲੇ ਘੁੰਮ ਘੁੰਮ ਕੇ ਤਸਵੀਰਾਂ ਖਿੱਚਦੇ ਰਹਿੰਦੇ ਹਾਂ। ਉਹਨਾਂ ਦੀ ਗੱਲ ਅਸੀਂ ਜੇ ਕਿਤੇ ਗੰਭੀਰਤਾ ਨਾਲ ਲੈਣੀ ਸ਼ੁਰੂ ਕਰੀਏ ਤਾਂ ਉਹਨਾਂ ਨੂੰ ਸੱਦਾ ਪੱਤਰ ਦੇਣ ਤੋਂ ਪਹਿਲਾਂ ਅਸੀਂ ਸੌ ਵਾਰ ਸੋਚੀਏ ਕਿ ਜੇ ਇਹੋ ਜਿਹੀ ਸਖ਼ਸ਼ੀਅਤ ਜਿਹੜੀ ਕਿ ਕੌਮ ਪ੍ਰਤੀ ਬੇਹੱਦ ਚਿੰਤਤ ਹੈ, ਨੇ ਸਾਡੇ ਦਰਮਿਆਨ ਵਖਰੇਵਿਆਂ ਜਾਂ ਮਨ-ਮੁਟਾਓ ਦਾ ਕਾਰਨ ਪੁੱਛ ਲਿਆ ਤਾਂ ਅਸੀਂ ਕੀ ਜੁਆਬ ਦੇਵਾਂਗੇ। ਆਪਸੀ ਗਲਤਫ਼ਹਿਮੀਆਂ ਦਾ ਹੱਲ ਅਸੀਂ ਨਵਾਂ ਗੁਰਦੁਆਰਾ ਬਣਾ ਕੇ ਲੱਭਦੇ ਹਾਂ। ਕੀ ਇਸ ਦਾ ਕੋਈ ਸੰਤੋਸ਼ਜਨਕ ਸਪੱਸ਼ਟੀਕਰਨ ਅਸੀਂ ਦੇ ਸਕਾਂਗੇ ਕਿਉਂਕਿ ਸਿੰਘ ਸਾਹਿਬ ਦੀ ਕਲਮ ਜਿਸ ਪ੍ਰਕਾਰ ਕਿਸੇ ਗੁਰੂ ਦੇ ਸਿੱਖ ਦਾ ਕਿਰਦਾਰ ਬਿਆਨ ਕਰ ਰਹੀ ਹੈ ਅਸੀਂ ਤਾਂ ਉਸ ਦੇ ਨੇੜੇ ਤੇੜੇ ਵੀ ਨਹੀਂ ਖੜ੍ਹੇ। ਹੁਣ ਅਸੀਂ ਗੰਭੀਰਤਾ ਨਾਲ ਆਪਣੇ ਆਪ ਤੋਂ ਪੁੱਛੀਏ ਕਿ ਕੀ ਅਸੀਂ ਉਸ ਸ਼ਖ਼ਸ਼ ਦੀ ਖੋਜ ਨਾਲ ਨਿਆਂ ਕਰ ਰਹੇ ਹਾਂ ?

ਅਸਲ ਵਿਚ ਸਰਦਾਰ ਅਜਮੇਰ ਸਿੰਘ ਜਾਂ ਫਿਰ ਜਿਹਨਾਂ ਦੇ ਨਕਸ਼ੇ-ਕਦਮ ’ਤੇ ਉਹ ਚੱਲੇ, ਇਹਨਾਂ ਸਾਰੀਆਂ ਸਖ਼ਸ਼ੀਅਤਾਂ ਬਾਰੇ ਕੋਈ ਵੀ ਸ਼ਬਦਿਕ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਹ ਲੋਕ ਇਸ ਖ਼ਾਸ ਸੋਚ ਦੇ ਅਧੀਨ ਜ਼ਿੰਦਗੀ ਬਤੀਤ ਕਰਦੇ ਹਨ ਅਤੇ ਸਮਾਂ ਆਉਣ ’ਤੇ ਉਸ ਸੋਚ ਦਾ ਹੀ ਹਿੱਸਾ ਬਣ ਜਾਂਦੇ ਹਨ। ਅਸਮਾਨ ਵਿਚ ਚੰਨ ਤਾਂ ਸਭ ਲਈ ਨਿਕਲਦਾ ਹੈ ਪਰ ਚੰਨ ਵੇਖਣ ਲਈ ਚੁਬਾਰੇ ਨੂੰ ਪੌੜੀ ਕੇਵਲ ਇਹੋ ਜਿਹੀਆਂ ਰੂਹਾਂ ਹੀ ਲਾਉਂਦੀਆਂ ਹਨ। ਗੁਰੂ ਦਾ ਭਓ ਅਤੇ ਉਸ ਨਾਲ ਪਿਆਰ ਸਭ ਦੇ ਹਿੱਸੇ ਨਹੀਂ ਆਉਂਦਾ ਅਤੇ ਗੁਰੂ ਵਲੋਂ ਦਰਸਾਇਆ ਰੂਹਾਨੀਅਤ ਵੱਲ ਜਾਂਦਾ ਰਾਹ ਤਲਾਸ਼ਣ ਦੀ ਹਿੰਮਤ ਇਹਨਾਂ ਵਰਗੇ ਚੰਦ ਲੋਕ ਹੀ ਕਰਦੇ ਹਨ।

“ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ।।
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪ ਪਛਾਣੈ।।
ਗੁਰ ਪਰਸਾਦੀ ਜੀਵਤੁ ਮਰੈ ਮਨ ਹੀ ਤੇ ਮਨੁ ਮਾਨੈ।।”

ਕੇਵਲ ਕੁਝ ਕੁ ਬੰਦੇ ਹੀ ਗੁਰੂ ਦਾ ਫੁਰਮਾਣ ਸਮਝਣ ਨੂੰ ਆਪਣੀ ਜ਼ਿੰਦਗੀ ਦਾ ਅੰਤਮ ਮਕਸਦ ਬਣਾਉਂਦੇ ਹਨ। ਸਾਡੀ ਜ਼ਿੰਦਗੀ ਕਿਉਂਕਿ ਭੌਤਿਕਤਾ ਦੀ ਹੁੰਦੀ ਹੈ ਅਤੇ ਸਾਨੂੰ ਆਪਣਾ ਆਪ ਇਹਨਾਂ ਤੋਂ ਵੱਖਰਾ ਲੱਗਦਾ ਹੈ ਅਤੇ ਅਸੀਂ ਪ੍ਰਗਟਵਾ ਤਾਂ ਕਰਦੇ ਹਾਂ ਇਹਨਾਂ ਦੇ ਪ੍ਰਸ਼ੰਸ਼ਕ ਹੋਣ ਦਾ ਪਰ ਅਸਲ ਵਿਚ ਅਸੀਂ ਇਹਨਾਂ ਦੇ ਦਰਸ਼ਕ ਹੁੰਦੇ ਹਾਂ ਅਤੇ ਉਹ ਬੰਦੇ ਦੇ ਪ੍ਰਯਤਨਾਂ ਨੂੰ ਅਸੀਂ ਉਦੋਂ ਬੇਅਰਥ ਵੀ ਕਰ ਦਿੰਦੇ ਹਾਂ ਜਦੋਂ ਇਹੋ ਜਿਹੀਆਂ ਸਖ਼ਸ਼ੀਅਤਾਂ ਨਾਲ ਖਾਸਾ ਸਮਾਂ ਬਿਤਾਉਦ ਤੋਂ ਬਾਅਦ ਅਸੀਂ ਫਿਰ ‘ਮੈਂ’ ਅਤੇ ‘ਤੂੰ’ ਬਣ ਕੇ ਹੀ ਰਹਿ ਜਾਂਦੇ ਹਾਂ। ‘ਅਸੀਂ’ ਸ਼ਬਦ ਨਾਲ ਸਾਡਾ ਫਾਸਲਾ ਫਿਰ ਵੀ ਕੋਹਾਂ ਦਾ ਹੀ ਰਹਿੰਦਾ ਹੈ। ਇਹਨਾਂ ਰੂਹਾਂ ਰਾਹੀਂ ਅਸੀਂ ਕੁਝ ਕੁ ਸਮੇਂ ਵਿਚ ਹੀ ਸਭ ਕੁਝ ਬਦਲ ਦੇਣਾ ਚਾਹੁੰਦੇ ਹਾਂ। ਜਦ ਕਿ ਗੁਰੂ ਨੇ ਫੁਰਮਾਨ ਸਾਰਿਆਂ ਲਈ ਹੀ ਦਿੱਤਾ ਹੈ :

‘ਹਸਤੀ ਸਿਰਿ ਜਿਉਂ ਅਕਸ ਹੈ ਅਹਰਣਿ ਜਿਉ ਸਿਰ ਦੇਇ।।
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।।
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ।।’

ਗੱਲ ਇਥੇ ਹੀ ਮੁਕਦੀ ਜਾਪਦੀ ਹੈ ਕਿ ਚੰਨ ਦੇ ਸੁਹੱਪਣ ਨੂੰ ਅਸੀਂ ਉਦੋਂ ਤੱਕ ਬਿਆਨ ਨਹੀਂ ਕਰ ਸਕਾਂਗੇ ਜਦ ਤੱਕ ਚੁਬਾਰੇ ਨੂੰ ਪੌੜੀ ਅਸੀਂ ਆਪ ਨਹੀਂ ਲਾਵਾਂਗੇ। ਸਰਦਾਰ ਅਜਮੇਰ ਸਿੰਘ ਹੁਰਾਂ ਦੀ ਗੱਲ ਵੀ ਤਦ ਤਕ ਨਹੀਂ ਸਮਝ ਸਕਾਂਗੇ ਜਦ ਕਿ ਗੁਰੂ ਦੇ ਵਿਚਾਰ ਨਾਲ ਆਪ ਨਹੀਂ ਪਿਆਰ ਪਾਉਂਦੇ। ਅਸੀਂ ਵੀ ਗ਼ਲਤ ਹੋ ਸਕਦੇ ਹਾਂ। ਇਹ ਕਬੂਲਣ ਦੀ ਦਲੇਰੀ ਆਪਣੇ ਆਪ ਅੰਦਰ ਨਹੀਂ ਪੈਦਾ ਕਰਦੇ ਅਤੇ ਗੁਰੂ ਦੇ ਵਿਚਾਰ ਰਾਹੀਂ ਗੁਰੂ ਦਾ ਕਿਰਦਾਰ ਸਮਝਣ ਵੱਲ ਨਹੀਂ ਤੁਰਦੇ। ਨਹੀਂ ਤਾਂ ਗੋਸ਼ਟੀਆਂ ਚਲਦੀਆਂ ਰਹਿਣੀਆਂ ਹਨ। ਫਾਸਲੇ ਵੀ ਰਹਿਣੇ ਹਨ ਅਤੇ ਮੂਲਵਾਨ ਵਕਤ ਹਥੋਂ ਨਿਕਲੀ ਜਾਂਦਾ ਹੈ।

ਅੰਤ ਵਿਚ ਮੈਂ ਇਹੀ ਕਹਾਂਗੀ ਕਿ ਜਿਸ ਕਿਸੇ ਸਖ਼ਸ਼ੀਅਤ ਨੂੰ ਵੀ ਨਿਜੀ ਅਤੇ ਕੌਮੀ ਫਾਇਦੇ ਵਿਚ ਅੰਤਰ ਪਤਾ ਲੱਗ ਗਿਆ ਉਹ ਆਪਣੇ ਪਿਛੋਕੜ ਪ੍ਰਤੀ ਉਤਸੁਕ ਹੋਵੇਗਾ, ਵਰਤਮਾਨ ਪ੍ਰਤੀ ਕਾਰਜਸ਼ੀਲ ਅਤੇ ਭਵਿੱਖ ਪ੍ਰਤੀ ਚਿੰਤਤ। ਉਹ ਅਣਭੋਲ ਹੀ ਦੋ ਧੜਿਆਂ ਵਿਚ ਵੰਡੇ ਸਮਾਜ ਦਾ ਹਿੱਸਾ ਬਣ ਜਾਵੇਗਾ। ਇਕ ਧੜਾ ਉਹ ਜੋ ਉਸ ਦੇ ਮਗਰ ਲੱਗਣ ਲਈ ਯਤਨਸ਼ੀਲ ਹੈ ਅਤੇ ਦੂਜਾ ਉਹ ਜਿਹੜਾ ਉਹਨੂੰ ਮਗਰੋਂ ਲਾਹੁਣ ਲਈ ਕਿਉਂਕਿ ਗੁਰੂ ਦੀ ਮਿਹਰ ਦੀ ਸਾਖ ਜਿੰਨੀ ਗੁਰੂ ਦੀ ਰਾਹ ’ਤੇ ਚੱਲਣ ਵਾਲੇ ਆਪਣੇ ਪੱਲੇ ਇਕੱਠੀ ਕਰ ਲੈਂਦੇ ਹਨ ਉਹ ਉਹਨਾਂ ਲਈ ਹਿਰਖ ਦਾ ਕਾਰਨ ਬਣਦੇ ਹਨ ਜਿਹੜੇ ਇਸ ਤੋਂ ਵਾਂਝੇ ਰਹਿ ਜਾਣ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ।

## ਦਲਿਤਾਂ ਲਈ ਤਰੱਕੀਆਂ ’ਚ ਰਾਖਵੇਂਕਰਨ ਉੱਤੇ ਰੋਕ ਨਹੀ

*ਬਾਕੀ*

‘ਚ ਸੁਪਰੀਮ ਕੋਰਟ ਵੱਲੋਂ 2006 ਵਿੱਚ ਸੁਣਾਇਆ ਐਮ. ਨਗਾਰਾਜ ਕੇਸ ਦਾ ਫ਼ੈਸਲਾ ਲਾਗੂ ਹੋਵੇਗਾ, ਜਿਸ ਵਿੱਚ ਸੁਪਰੀਮ ਕੋਰਟ ਨੇ ਸਾਫ਼ ਕੀਤਾ ਸੀ ਕਿ ਕਰੀਮੀ ਲੇਅਰ (ਮਲਾਈਦਾਰ ਤਬਕੇ) ਦਾ ਸਿਧਾਂਤ ਅਨੁਸੂਚਿਤ ਜਾਤਾਂ ਤੇ ਕਬੀਲਿਆਂ ਦੇ ਮਾਮਲੇ ਵਿੱਚ ਲਾਗੂ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਸਿਖਰਲੀ ਅਦਾਲਤ ਦੇ ਦੋ ਹੋਰ ਫ਼ੈਸਲੇ- 1992 ਦਾ ਇੰਦਰਾ ਸਵਾਨੀ ਅਤੇ ਹੋਰ ਬਨਾਮ ਕੇਂਦਰ ਸਰਕਾਰ (ਜਿਸ ਨੂੰ ਮੰਡਲ ਕਮਿਸ਼ਨ ਫ਼ੈਸਲਾ ਵੀ ਕਿਹਾ ਜਾਂਦਾ ਹੈ) ਅਤੇ 2005 ਦਾ ਈ.ਵੀ. ਚਿਨੱਈਆ ਬਨਾਮ ਆਂਧਰਾ ਪ੍ਰਦੇਸ਼ ਸਰਕਾਰ ਸਿਰਫ਼ ਹੋਰ ਪਛੜੇ ਵਰਗਾਂ (ਓਬੀਸੀ) ਵਿੱਚ ਕਰੀਮੀ ਲੇਅਰ ਨਾਲ ਹੀ ਸਬੰਧਤ ਹਨ। ਜਦੋਂ ਅੱਜ ਬੈਂਚ ਨੇ ਪੁੱਛਿਆ ਕਿ ‘ਹੁਣ ਤਰੱਕੀਆਂ ਕਿਵੇਂ’ ਹੋ ਰਹੀਆਂ ਹਨ, ਤਾਂ ਸ੍ਰੀ ਮਨਿੰਦਰ ਸਿੰਘ ਨੇ ਕਿਹਾ, “ਹੁਣ ਕੋਈ ਤਰੱਕੀ ਨਹੀਂ ਹੋ ਰਹੀ। ਸਾਰਾ ਕੁਝ ਠੱਪ ਹੈ। ਇਹੋ ਤਾਂ ਸਮੱਸਿਆ ਹੈ।“ ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 16 (4ਏ) ਸਰਕਾਰ ਨੂੰ ਐੱਸਸੀ-ਐੱਸਟੀ ਵਰਗਾਂ ਨੂੰ ਤਰੱਕੀਆਂ ਵਿੱਚ ਰਾਖਵੇਂਕਰਨ ਦਾ ਅਖ਼ਤਿਆਰ ਦਿੰਦੀ ਹੈ। ਇਸ ਦੌਰਾਨ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਹ ਮਾਮਲਾ ਖ਼ਾਸਕਰ ਅਦਾਲਤੀ ਛੁੱਟੀਆਂ ਵੇਲੇ ਅਦਾਲਤ ਵਿੱਚ ਉਠਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ।

## ਪੰਜਾਬ ਦੀਆਂ ਪੰਜ ਕਿਸਾਨ ਯੂਨੀਅਨਾਂ ਵੱਲੋਂ ਅੱਧਵਾਟੇ ਹੀ ਅੰਦੋਲਨ ਵਾਪਸ ਲੈਣ ਦਾ ਫ਼ੈਸਲਾ

ਅੰਦੋਲਨਕਾਰੀਆਂ ‘ਤੇ ਗੋਲੀ ਚਲਾ ਦਿੱਤੀ ਸੀ ਜਦੋਂਕਿ ਬਠਿੰਡੇ ਵਿੱਚ ਵੀ ਇਕ ਕਿਸਾਨ ਦੀ ਕੁੱਟਮਾਰ ਕੀਤੀ ਗਈ। ਹੋਰਨਾਂ ਕਈ ਥਾਵਾਂ ‘ਤੇ ਵੀ ਟਕਰਾਅ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਡੇਅਰੀ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਡੇਅਰੀ ਫਾਰਮਰਜ਼ ਦੀਆਂ ਮੁਸ਼ਕਲਾਂ ਜਥੇਬੰਦੀਆਂ ਅੱਗੇ ਰੱਖੀਆਂ ਜਿਸ ਨੂੰ ਵਿਚਾਰਦਿਆਂ ਸਰਬਸੰਮਤੀ ਨਾਲ ਅੰਦੋਲਨ ਨੂੰ ਸਮਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 6 ਜੂਨ ਨੂੰ ਮੱਧ ਪ੍ਰਦੇਸ਼ ਵਿੱਚ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਦੇ ਨਾਲ ਹੀ ਹੜਤਾਲ ਖ਼ਤਮ ਕਰ ਦਿੱਤੀ ਜਾਵੇਗੀ ਤੇ ਸਪਲਾਈ ਖੋਲ੍ਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਾਕੀ ਸੂਬਿਆਂ ਵਿੱਚ ਦੁੱਧ ਅਤੇ ਸਬਜ਼ੀਆਂ ਦੀ ਸਪਲਾਈ ਬੰਦ ਹੀ ਰਹੇਗੀ। ਪਿੰਡਾਂ ਤੋਂ ਦੁੱਧ ਦੀ ਸਪਲਾਈ ਬੰਦ ਹੋਣ ਦਾ ਅਸਰ ਚੰਡੀਗੜ੍ਹ ਵਿੱਚ ਵੀ ਸਾਫ਼ ਨਜ਼ਰ ਆਇਆ ਤੇ ਸ਼ਹਿਰ ਵਿੱਚ ਕਈ ਥਾਵਾਂ ‘ਤੇ ਲੋਕਾਂ ਨੂੰ ਦੁੱਧ ਨਹੀਂ ਮਿਲਿਆ। ਸਬਜ਼ੀਆਂ ਵੀ ਕਾਫੀ ਮਹਿੰਗੀਆਂ ਹੋ ਗਈਆਂ ਹਨ ਤੇ ਲੋਕ ਆਪਣੇ ਰਿਸ਼ਤੇਦਾਰਾਂ ਕੋਲੋਂ ਸਬਜ਼ੀਆਂ ਮੰਗਵਾਉਣ ਲਈ ਮਜਬੂਰ ਹਨ। ਭਾਰਤੀ ਕਿਸਾਨ ਯੂਨੀਅਨ, ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਦਸ ਰੋਜ਼ਾ ਹੜਤਾਲ ਸਬੰਧੀ ਆਪਣੀ ਜਥੇਬੰਦੀ ਦਾ ਪੱਖ ਸਪਸ਼ਟ ਕਰਦਿਆਂ ਕਿਹਾ ਕਿ ਉਹ ਇਸ ਹੜਤਾਲ ਨਾਲ ਇਤਫ਼ਾਕ ਨਹੀਂ ਰੱਖਦੇ। ਉਨ੍ਹਾਂ ਕਿਹਾ ਕਿ ਹੜਤਾਲ ‘ਚ ਸ਼ਾਮਲ ਜਥੇਬੰਦੀਆਂ ਨੇ ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਆਉਣ ਵਾਲੀਆਂ ਮੁਸੀਬਤਾਂ ਬਾਰੇ ਗੰਭੀਰਤਾ ਨਾਲ ਨਹੀਂ ਸੋਚਿਆ। ਇਹੀ ਵਜ੍ਹਾ ਹੈ ਕਿ ਪੰਜਾਬ ਦੀਆਂ ਪ੍ਰਮੁੱਖ ਪੰਜ ਕਿਸਾਨ ਜਥੇਬੰਦੀਆਂ ਨੂੰ ਹੁਣ ਅਧਵਾਟੇ ਇਸ ਹੜਤਾਲ ਨੂੰ ਖ਼ਤਮ ਕਰਨ ਦਾ ਐਲਾਨ ਕਰਨਾ ਪਿਆ ਹੈ।

# ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਵੱਲੋਂ ਪੰਜਾਬੀ ਗਾਇਕ ਗਿੱਪੀ ਗਰੇਵਾਲ ਨੂੰ ਮਾਰਨ ਦੀ ਧਮਕੀ

ਮੁਹਾਲੀ/ਬਿਊਰੋ ਨਿਊਜ਼ :
ਇਥੇ ਰਹਿੰਦੇ ਪੰਜਾਬੀ ਫਿਲਮਾਂ ਦੇ ਅਦਾਕਾਰ ਅਤੇ ਉੱਘੇ ਗਾਇਕ ਗਿੱਪੀ ਗਰੇਵਾਲ ਨੂੰ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਵੱਲੋਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਸ ਸਬੰਧੀ ਪੁਲੀਸ ਨੇ ਗਾਇਕ ਦੀ ਸ਼ਿਕਾਇਤ 'ਤੇ ਇੱਥੋਂ ਦੇ ਸੈਂਟਰਲ ਥਾਣਾ ਫੇਜ਼-8 ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕੁਝ ਦਿਨ ਪਹਿਲਾਂ ਗੈਂਗਸਟਰ ਦਿਲਪ੍ਰੀਤ ਸਿੰਘ 'ਤੇ ਸ਼ਹਿਰ ਵਿੱਚ ਮਸ਼ਹੂਰ ਗਾਇਕ ਪਰਮੀਸ਼ ਵਰਮਾ ਨੂੰ ਗੋਲੀ ਮਾਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਦਿਲਪ੍ਰੀਤ ਭਗੌੜਾ ਚੱਲ ਰਿਹਾ ਹੈ। ਉਂਝ ਪੁਲੀਸ ਨੇ ਗੈਂਗਸਟਰ ਦੀ ਫੇਸਬੁੱਕ ਚਲਾਉਣ ਵਾਲੇ ਅਤੇ ਕੁਝ ਹੋਰ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



ਇਸ ਸਬੰਧੀ ਮੁਹਾਲੀ ਦੇ ਐਸਐਸਪੀ ਕੁਲਦੀਪ ਸਿੰਘ ਚਾਹਲ ਨੇ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗਿੱਪੀ ਗਰੇਵਾਲ ਨੇ ਪੁਲੀਸ ਨੂੰ ਸ਼ਿਕਾਇਤ ਦਿੱਤੀ ਹੈ, ਜਿਸ ਵਿੱਚ ਉਸ ਨੇ ਕਿਹਾ ਕਿ ਉਸ ਨੂੰ ਗੈਂਗਸਟਰ ਦਿਲਪ੍ਰੀਤ ਵੱਲੋਂ ਵੀਡੀਓ ਕਾਲਿੰਗ ਰਾਹੀਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਐਸਐਸਪੀ ਨੇ ਦੱਸਿਆ ਕਿ ਪੁਲੀਸ ਮਾਮਲੇ ਦੀ ਵੱਖ ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਗੈਂਗਸਟਰ ਦਿਲਪ੍ਰੀਤ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਗੈਂਗਸਟਰ ਦੀ ਧਮਕੀ ਮਿਲਣ ਤੋਂ ਬਾਅਦ ਗਿੱਪੀ ਗਰੇਵਾਲ ਨੇ ਮੁਹਾਲੀ ਪੁਲੀਸ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਗੈਂਗਸਟਰ ਦਿਲਪ੍ਰੀਤ ਨੇ ਗਿੱਪੀ ਗਰੇਵਾਲ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਪਰਮੀਸ਼ ਵਰਮਾ ਵਾਂਗ ਉਨ੍ਹਾਂ ਦੀ ਮੰਗ ਪੂਰੀ ਨਹੀਂ ਕਰਦਾ ਤਾਂ ਉਸ ਦਾ ਵੀ ਮਾੜਾ ਹਸ਼ਰ ਹੋਵੇਗਾ। ਜਾਣਕਾਰੀ ਅਨੁਸਾਰ ਗਿੱਪੀ ਗਰੇਵਾਲ ਇਸ ਸਮੇਂ ਆਪਣੀ ਨਵੀਂ ਪੰਜਾਬੀ ਫਿਲਮ 'ਕੈਰੀਆਨ ਜੱਟਾ-2' ਦੀ ਪ੍ਰੋਮੋਸ਼ਨ ਕਰਨ ਵਿਚ ਲੱਗਾ ਹੋਇਆ ਹੈ।

## ਪੰਜਾਬ ਦੇ ਗੈਂਗਸਟਰਾਂ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਡੀਜੀਪੀ ਪਰੇਸ਼ਾਨ

ਅੰਮ੍ਰਿਤਸਰ/ਬਿਊਰੋ ਨਿਊਜ਼ : ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਸੁਰੇਸ਼ ਅਰੋੜਾ ਨੇ ਆਖਿਆ ਕਿ ਕਲਾਕਾਰਾਂ ਨੂੰ ਧਮਕੀਆਂ ਦੇਣ ਵਾਲੇ ਗੈਂਗਸਟਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਹ ਸਾਕਾ ਨੀਲਾ ਤਾਰਾ ਬਰਸੀ ਸਮਾਗਮ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਇੱਥੇ ਆਏ ਸਨ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਨੇ ਆਖਿਆ ਕਿ ਪੰਜਾਬ ਪੁਲੀਸ ਵੱਲੋਂ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਇੱਕ ਮੁਹਿੰਮ ਛੇੜੀ ਹੋਈ ਹੈ। ਗੈਂਗਸਟਰਾਂ ਤੇ ਹੋਰ ਅਪਰਾਧੀਆਂ ਵੱਲੋਂ ਸੋਸ਼ਲ ਮੀਡੀਆ ਨੂੰ ਵਰਤੇ ਜਾਣ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਪਰਾਧੀਆਂ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਪੁਲੀਸ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਰਾਹੀਂ ਅਪਰਾਧੀਆਂ ਦਾ ਪਤਾ ਲਾਉਣਾ ਮੁਸ਼ਕਲ ਹੋ ਗਿਆ ਹੈ। ਪੰਜਾਬ ਪੁਲੀਸ ਵੱਲੋਂ ਉਲੀਕੀ ਰਣਨੀਤੀ ਤਹਿਤ ਜਲਦੀ ਹੀ ਮੁਹਾਲੀ ਅਤੇ ਜਲੰਧਰ ਵਿੱਚ ਉਚ ਤਕਨੀਕ ਵਾਲਾ ਸਾਈਬਰ ਸੈੱਲ ਸਥਾਪਿਤ ਕੀਤਾ ਜਾਵੇਗਾ। ਜੇਲ੍ਹ ਵਿੱਚੋਂ



ਨਿਰੰਤਰ ਮੋਬਾਈਲ ਫੋਨਾਂ ਦੀ ਬਰਾਮਦਗੀ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਕੁੱਝ ਵਧੇਰੇ ਸੁਰੱਖਿਆ ਵਾਲੀਆਂ ਜੇਲ੍ਹਾਂ ਦੀ ਨਿਗਰਾਨੀ ਅਤੇ ਸੁਰੱਖਿਆ ਲਈ ਇਥੇ ਸੈਂਟਰਲ ਇੰਡਸਟਰੀਅਲ ਸਕਿਓਰਿਟੀ ਫੋਰਸ (ਸੀਆਈਐਸਐਫ) ਤਾਇਨਾਤ ਕਰਨ ਦੀ ਯੋਜਨਾ ਹੈ। ਸੀਆਈਐਸਐਫ ਦੀਆਂ ਦੋ ਕੰਪਨੀਆਂ ਇੱਥੇ ਤਾਇਨਾਤ ਹੋਣਗੀਆਂ। ਇਸ ਸਬੰਧ ਵਿੱਚ ਜੇਲਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਥੇ ਵਧੇਰੇ ਗੈਂਗਸਟਰ ਅਤੇ ਅਤਿਵਾਦੀ ਬੰਦ ਕੀਤੇ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜੇਲ੍ਹਾਂ ਵਿੱਚ ਮੋਬਾਈਲ ਸਿਗਨਲ ਨੂੰ ਰੋਕਣ ਲਈ ਜੈਮਰ ਵੀ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲੀਸ ਵਿੱਚ ਹੋਰ ਭਰਤੀ ਕਰਨ ਦੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਕਿਹਾ ਕਿ ਗਸ਼ਤ ਕਰਨ ਵਾਲੀਆਂ ਪੁਲੀਸ ਪਾਰਟੀਆਂ, ਟਰੈਫਿਕ ਪੁਲੀਸ ਅਤੇ ਹੋਰ ਪੁਲੀਸ ਕਰਮਚਾਰੀਆਂ ਨੂੰ ਘਟਨਾਵਾਂ ਦੀ ਰਿਕਾਰਡਿੰਗ ਲਈ ਵਿਸ਼ੇਸ਼ ਕੈਮਰੇ ਵੀ ਦਿੱਤੇ ਜਾਣਗੇ।

## ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ ਦੀ ਦਿਨ ਦਿਹਾੜੇ ਗੋਲੀਆਂ ਮਾਰ ਕੇ ਹੱਤਿਆ

ਅੰਮ੍ਰਿਤਸਰ/ਬਿਊਰੋ ਨਿਊਜ਼ : ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ (40 ਸਾਲ) ਨੂੰ ਉਸ ਵੇਲੇ ਤਿੰਨ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਜਦੋਂ ਉਹ ਇਥੇ ਗੋਲਬਾਗ ਨੇੜੇ ਇਕ ਅਖਾੜੇ ਵਿਚ ਅਭਿਆਸ ਕਰਨ ਮਗਰੋਂ ਨਹਾ ਰਿਹਾ ਸੀ। ਉਸ ਨੂੰ ਤੁਰੰਤ ਜ਼ਖ਼ਮੀ ਹਾਲਤ ਵਿਚ ਇਕ ਨਿੱਜੀ ਹਸਪਤਾਲ ਵਿਚ ਲੈ ਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਿਲੇ ਵੇਰਵਿਆਂ ਮੁਤਾਬਕ ਗੁਰਦੀਪ ਪਹਿਲਵਾਨ ਲਗਪਗ ਰੋਜ਼ ਹੀ ਸ਼ਾਮ ਸਮੇਂ ਇਸ ਅਖਾੜੇ ਵਿਚ ਅਭਿਆਸ ਲਈ ਆਉਂਦਾ ਸੀ। ਘਟਨਾ ਵਾਲੇ ਦਿਨ ਵੀ ਉਹ ਆਪਣੇ ਸਾਥੀਆਂ ਨਾਲ ਅਖਾੜੇ ਆਇਆ ਸੀ। ਉਸ ਨਾਲ ਉਸ ਦਾ ਅੰਗ ਰੱਖਿਅਕ ਵੀ ਸੀ ਪਰ ਜਦੋਂ ਇਹ ਘਟਨਾ ਵਾਪਰੀ, ਉਸ ਵੇਲੇ ਅੰਗ ਰੱਖਿਅਕ ਇਕ ਕਮਰੇ ਵਿਚ ਸੀ। ਉਹ ਅਭਿਆਸ ਕਰਨ ਮਗਰੋਂ ਅਖਾੜੇ ਵਿਚ ਹੀ ਨਹਾਉਣ ਵਾਸਤੇ ਚਲਾ ਗਿਆ। ਇਸ ਦੌਰਾਨ ਤਿੰਨ ਵਿਅਕਤੀ ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ, ਉਥੇ ਆਏ ਅਤੇ ਗੁਰਦੀਪ ਪਹਿਲਵਾਨ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਥੇ ਦੱਸਣਯੋਗ ਹੈ ਕਿ ਸ਼ਹਿਰ ਵਿਚ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਵੀ ਪੁੱਜੇ ਹੋਏ ਸਨ, ਜਿਨ੍ਹਾਂ ਨੇ ਸਾਕਾ ਨੀਲਾ ਤਾਰਾ ਬਰਸੀ ਸਮਾਗਮ ਸਬੰਧ ਵਿਚ ਸ਼ਹਿਰ ਵਿਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸਾਕਾ ਨੀਲਾ ਤਾਰਾ ਬਰਸੀ ਹਫ਼ਤੇ ਕਾਰਨ ਸ਼ਹਿਰ ਵਿਚ ਪਹਿਲਾਂ ਹੀ ਵੱਖ ਵੱਖ ਥਾਵਾਂ 'ਤੇ ਨੀਮ ਫੌਜੀ ਦਸਤੇ ਤੈਨਾਤ ਕੀਤੇ ਹੋਏ ਹਨ।



ਪੁਲੀਸ ਕਮਿਸ਼ਨਰ ਐਸਐਸ ਸ੍ਰੀਵਾਸਤਵ ਨੇ ਦੱਸਿਆ ਕਿ ਮੁਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਗੁਰਦੀਪ ਪਹਿਲਵਾਨ ਨੂੰ 3 ਗੋਲੀਆਂ ਲੱਗੀਆਂ ਹਨ। ਪੁਲੀਸ ਵਲੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਇਹ ਵੀ ਚਰਚਾ ਹੈ ਕਿ ਇਸ ਕਾਂਗਰਸੀ ਕੌਂਸਲਰ ਦੀ ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਵੀ ਪੁਰਾਣੀ ਦੁਸ਼ਮਣੀ ਹੈ। ਉਸ ਵਲੋਂ ਜੱਗੂ ਖਿਲਾਫ ਥਾਣਾ ਕੋਤਵਾਲੀ ਵਿਚ ਸ਼ਿਕਾਇਤ ਵੀ ਦਰਜ ਕਰਾਈ ਗਈ ਸੀ ਅਤੇ ਕੌਂਸਲਰ ਨੂੰ ਵਧੇਰੇ ਪੁਲੀਸ ਸੁਰੱਖਿਆ ਵੀ ਮੁਹੱਈਆ ਕੀਤੀ ਗਈ ਸੀ। ਪੁਲੀਸ ਕਮਿਸ਼ਨਰ ਨੇ ਆਖਿਆ ਕਿ ਪੁਲੀਸ ਇਸ ਦ੍ਰਿਸ਼ਟੀਕੋਣ ਤੋਂ ਵੀ ਜਾਂਚ ਕਰੇਗੀ।

ਇਸ ਦੌਰਾਨ ਹਸਪਤਾਲ ਪੁੱਜੇ ਸਿਖਿਆ ਮੰਤਰੀ ਸ੍ਰੀ ਓਪੀ ਸੋਨੀ ਨੇ ਆਖਿਆ ਕਿ ਦਿਨ ਦਿਹਾੜੇ ਇਕ ਕਾਂਗਰਸੀ ਕੌਂਸਲਰ ਨੂੰ ਗੋਲੀਆਂ ਮਾਰ ਕੇ ਹਲਾਕ ਕਰਨਾ ਇਕ ਚੁਣੌਤੀ ਵਾਂਗ ਹੈ। ਇਹ ਅਮਨ ਅਤੇ ਕਾਨੂੰਨ ਦੀ ਵਿਵਸਥਾ ਦਾ ਮਾਮਲਾ ਹੈ। ਕਾਂਗਰਸੀ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਆਖਿਆ ਕਿ ਇਹ ਘਟਨਾ ਪੰਜਾਬ ਪੁਲੀਸ ਲਈ ਨਮੋਸ਼ੀ ਵਾਲੀ ਹੈ। ਉਹ ਇਹ ਮਾਮਲਾ ਮੁੱਖ ਮੰਤਰੀ ਕੋਲ ਰੱਖਣਗੇ। ਉਨ੍ਹਾਂ ਦਸਿਆ ਕਿ ਕਾਂਗਰਸੀ ਕੌਂਸਲਰ ਨੂੰ ਗੈਂਗਸਟਰਾਂ ਕੋਲੋਂ ਧਮਕੀਆਂ ਮਿਲ ਰਹੀਆਂ ਸਨ ਅਤੇ ਪੁਲੀਸ ਨੂੰ ਇਸ ਬਾਰੇ ਜਾਣਕਾਰੀ ਵੀ ਸੀ।

# ਪੰਜਾਬ 'ਚ ਨਹਿਰਾਂ ਦੀ ਬੰਦੀ ਕਾਰਨ ਖੇਤ ਤਿਰਹਾਏ

ਮਾਨਸਾ/ਬਿਊਰੋ ਨਿਊਜ਼ :
ਦੱਖਣੀ ਪੰਜਾਬ ਵਿਚ ਵਿਸਾਖ ਦਾ ਮਹੀਨਾ ਲੰਘਣ ਤੋਂ ਪਹਿਲਾਂ ਨਹਿਰਾਂ ਦੀ ਬੰਦੀ ਨੇ ਐਸਾ ਭੜਥੂ ਪਾਇਆ ਕਿ ਚੜ੍ਹਦੇ ਜੇਠ ਤੋਂ ਲੈ ਕੇ ਹੁਣ ਤੱਕ ਖੇਤਾਂ ਦੀ ਪਿਆਸ ਨਹੀਂ ਬੁਝ ਸਕੀ। ਪਾਣੀ ਦੀ ਘਾਟ ਨੇ ਨਰਮੇ ਦੀ ਬਿਜਾਈ ਵਾਲੇ ਦਿਨਾਂ ਨੂੰ ਲੰਘਾ ਦਿੱਤਾ ਹੈ। ਸਾਉਣੀ ਦੀਆਂ ਫ਼ਸਲਾਂ ਦਾ ਪਾਣੀ ਬਿਨਾਂ ਸਾਹ ਸੁੱਕਣ ਲੱਗਿਆ ਹੈ। ਪਾਣੀ ਦੀ ਘਾਟ ਖੇਤਾਂ ਤੋਂ ਚੱਲ ਕੇ ਪਿੰਡਾਂ ਦੇ ਘਰਾਂ ਤੱਕ ਪੁੱਜ ਗਈ ਹੈ। ਵਾਟਰ ਵਰਕਸਾਂ ਦੇ ਟੈਂਕ ਭਰੇ ਹੀ ਨਹੀਂ ਜਾ ਸਕੇ ਹਨ। ਤੜਕੇ ਉੱਠ ਕੇ ਪਹਿਲਾਂ ਕਿਸਾਨਾਂ-ਮਜ਼ਦੂਰਾਂ ਨੂੰ ਫ਼ਸਲਾਂ ਬੀਜਣ ਦਾ ਫਿਕਰ ਹੁੰਦਾ ਸੀ ਤੇ ਹੁਣ ਜਵਾਕਾਂ ਦੀ ਤੇਹ ਮਿਟਾਉਣ ਦਾ ਝੋਰਾ ਹੋਣ ਲੱਗਿਆ ਹੈ।

ਗਰਮੀ ਦੇ ਤਪਦੇ ਦਿਨਾਂ ਵਿੱਚ ਦੱਖਣੀ ਪੰਜਾਬ ਦਾ ਇਲਾਕਾ ਪੀਣ ਵਾਲੇ ਪਾਣੀ ਪੱਖੋਂ ਤਿਰਹਾਇਆ ਹੋ ਗਿਆ ਹੈ। ਵਰਲਡ ਬੈਂਕ ਦਾ ਵਾਟਰ ਵਰਕਸਾਂ ਉੱਤੇ ਕਰੋੜਾਂ ਰੁਪਏ ਖਰਚ ਕੇ ਵੀ ਲੋਕਾਂ ਨੂੰ ਸ਼ੁੱਧ, ਸਾਫ਼-ਸੁਥਰਾ ਅਤੇ ਸਮਰੱਥਾ ਅਨੁਸਾਰ ਪਾਣੀ ਨਹੀਂ ਪ੍ਰਾਪਤ ਹੋ ਰਿਹਾ ਹੈ। ਮਹਿਕਮੇ ਦੀਆਂ ਅਣਗਹਿਲੀਆਂ ਕਾਰਨ ਲੋਕ ਪੀਣ ਵਾਲੇ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣ ਲੱਗੇ ਹਨ। ਪਿੰਡਾਂ ਵਿੱਚ ਘਰਾਂ 'ਚੋਂ ਘੜੇ ਚੁੱਕ ਕੇ ਔਰਤਾਂ ਨੇ ਮੁੱਖ ਮਾਰਗਾਂ 'ਤੇ ਜਾਮ ਵੀ ਲਾਏ ਹਨ, ਪਰ ਭਰੋਸਿਆਂ ਤੋਂ ਸਿਵਾਏ ਕੁਝ ਨਹੀਂ ਮਿਲਿਆ।

ਇਸ ਖੇਤਰ 'ਚੋਂ ਲੰਘਦੀ ਭਾਖੜਾ ਨਹਿਰ ਦੀ ਲੰਬਾ ਸਮਾਂ ਬੰਦੀ (3 ਅਪਰੈਲ ਤੋਂ 4 ਮਈ) ਨੇ 50 ਤੋਂ ਵੱਧ ਪਿੰਡਾਂ ਵਿੱਚ ਸਿੰਜਾਈ ਵਾਲੇ ਪਾਣੀ ਦੀ ਤਕਲੀਫ਼ ਪੈਦਾ ਕਰ ਦਿੱਤੀ। ਰਜਵਾਹੇ ਤੇ ਸੂਏ ਖਾਲੀ ਹੋਣ ਕਾਰਨ ਵਾਟਰ ਵਰਕਸਾਂ ਦੇ ਟੈਂਕਾਂ 'ਚੋਂ ਪਾਣੀ ਸੁੱਕਾ ਗਿਆ। ਇਹ ਪਹਿਲੀ ਵਾਰ ਹੈ ਕਿ ਖੇਤਾਂ ਦੇ ਨਾਲ-ਨਾਲ ਘਰਾਂ ਦੇ ਜੀਅ ਵੀ ਪਾਣੀ ਨੂੰ ਤਰਸਣ ਲੱਗੇ ਹਨ। ਭਾਵੇਂ ਖੇਤੀਬਾੜੀ ਮਹਿਕਮੇ ਵੱਲੋਂ ਪੰਜਾਬ ਸਰਕਾਰ ਨੂੰ ਭੇਜੀਆਂ ਗਈਆਂ ਤਾਜ਼ਾ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਮਾਲਵਾ ਖੇਤਰ ਵਿੱਚ ਇਸ ਵਾਰ 25 ਪ੍ਰਤੀਸ਼ਤ ਤੋਂ ਵੱਧ ਰਕਬਾ ਨਰਮੇ ਹੇਠੋਂ ਨਿਕਲ ਗਿਆ ਹੈ, ਪਰ ਪਿੰਡਾਂ ਵਿੱਚ ਜਾ ਕੇ ਅਤੇ ਕਿਸਾਨ-ਮਜ਼ਦੂਰ ਜਥੇਬੰਦੀਆਂ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਚਿੱਟੇ ਸੋਨੇ ਦੇ ਖੇਤਾਂ 'ਚੋਂ ਗਾਇਬ ਹੋਣ ਬਾਰੇ ਅੰਕੜੇ ਇਸ ਤੋਂ ਵੱਧ ਹਨ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਸਮੇਂ ਸਿਰ ਨਹਿਰਾਂ 'ਚ ਪਾਣੀ ਨਾ ਆਉਣ ਕਾਰਨ ਨਰਮੇ ਦੀ ਅਸਲ ਬਿਜਾਈ ਵਾਲੇ ਦਿਨ ਹੀ ਟੱਪ ਗਏ ਹਨ। ਦੁਖਾਂਤ ਇਹ ਹੈ ਕਿ ਇਸ ਵਾਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਕਿਸਾਨਾਂ ਨੂੰ ਨਰਮੇ ਦੀ ਬਿਜਾਈ ਵਾਸਤੇ ਵੱਧ ਬਿਜਲੀ ਦੀ ਸਪਲਾਈ ਛੱਡੀ ਹੀ ਨਹੀਂ ਗਈ ਹੈ, ਜਦੋਂਕਿ ਡੀਜ਼ਲ ਦੇ ਰੇਟ ਅਸਮਾਨੀ ਚੜ੍ਹਨ ਕਰਕੇ ਕਿਸਾਨਾਂ ਤੋਂ ਟਿਊਬਵੈੱਲ ਚਲਾਉਣੇ ਵਾਰਾ ਨਹੀਂ ਸੀ ਖਾ ਰਹੇ।

ਨਹਿਰਾਂ ਦੇ ਛੁੱਟੀ ਕਰ ਜਾਣ ਨਾਲ ਬਿਜਾਈ ਦੀ ਪਿਛੇਤ ਨੇ ਦਸਤਕ ਦੇ ਦਿੱਤੀ। ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਨਰਮੇ ਦੀ ਬਿਜਾਈ ਹਰ ਹਾਲਤ ਵਿੱਚ ਮਈ ਦੇ ਪਹਿਲੇ ਦੋ ਹਫ਼ਤਿਆਂ 'ਚ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

ਕੋਟਲਾ ਬ੍ਰਾਂਚ ਨਹਿਰ ਦੇ ਬੰਦ ਹੋਣ ਨਾਲ ਮਾਨਸਾ ਜ਼ਿਲ੍ਹੇ ਤੋਂ ਇਲਾਵਾ ਬਰਨਾਲਾ, ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਦਾ ਹਜ਼ਾਰਾਂ ਏਕੜ ਰਕਬਾ ਨਹਿਰੀ ਪਾਣੀ ਨੂੰ ਤਰਸਣ ਲੱਗਿਆ ਹੈ। ਇਸ ਖੇਤਰ ਵਿੱਚ ਨਰਮੇ ਦੀ ਅਗੇਤੀ ਬਿਜਾਈ ਹੀ ਕਾਮਯਾਬ ਮੰਨੀ ਜਾਂਦੀ ਹੈ। ਇਸ ਕਰਕੇ ਲੇਟ ਆਏ ਨਹਿਰੀ ਪਾਣੀ ਨੇ ਕਿਸਾਨਾਂ ਦਾ ਨਰਮੇ ਤੋਂ ਮੋਹ ਭੰਗ ਕਰ ਦਿੱਤਾ ਹੈ।

ਇਸ ਖੇਤਰ ਦਾ ਧਰਤੀ ਹੇਠਲਾ ਪਾਣੀ ਖਾਰਾ ਹੋਣ ਕਾਰਨ ਇਕੱਲੇ ਨਰਮੇ ਦੀ ਬਿਜਾਈ ਹੀ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਝੋਨੇ ਦੀ ਪਨੀਰੀ ਨੂੰ ਨਹਿਰੀ ਪਾਣੀ ਆਸਰੇ ਬੀਜਿਆ ਜਾਂਦਾ ਹੈ।

ਦੂਜੇ ਪਾਸੇ ਨਹਿਰਾਂ ਦੀ ਬੰਦੀ ਕਾਰਨ ਪਿੰਡਾਂ ਅਤੇ ਸ਼ਹਿਰਾਂ ਵਿਚਲੇ ਵਾਟਰ ਵਰਕਸਾਂ ਦੇ ਪਾਣੀ ਸਟੋਰ ਕਰਨ ਵਾਲੇ ਭੰਡਾਰ ਛੁੱਟੀ ਕਰ ਗਏ ਸਨ, ਜਿਸ ਕਾਰਨ ਵਾਟਰ ਵਰਕਸਾਂ ਵੱਲੋਂ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਧਰਤੀ ਹੇਠਲਾ ਪਾਣੀ ਪੀਣ ਦੇ ਯੋਗ ਨਾ ਹੋਣ ਕਾਰਨ ਲੋਕਾਂ ਨੂੰ ਸਭ ਤੋਂ ਵੱਡੀ ਸਮੱਸਿਆ ਆਪਣੀ ਪਿਆਸ ਬੁਝਾਉਣ ਦੀ ਵੱਖਰੇ ਤੌਰ 'ਤੇ ਖੜ੍ਹੀ ਹੋ ਗਈ ਹੈ।

ਮਾਨਸਾ ਦੇ ਡਿਪਟੀ ਕਮਿਸ਼ਨਰ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਨਹਿਰਾਂ ਵਿੱਚ ਪਾਣੀ ਪਿੱਛੋਂ ਹੀ ਬੰਦ ਹੁੰਦਾ ਹੈ ਅਤੇ ਇਸ ਨੂੰ ਨਹਿਰਾਂ ਦੀ ਸਫ਼ਾਈ ਅਤੇ ਟੇਲਾਂ 'ਤੇ ਪੂਰਾ ਪਾਣੀ ਪਹੁੰਚਾਉਣ ਦੇ ਇਰਾਦੇ ਨਾਲ ਹੀ ਬੰਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਖੜਾ ਨਹਿਰ ਅਤੇ ਕੋਟਲਾ ਬਰਾਂਚ ਦੀ ਕਈ ਥਾਵਾਂ ਉਤੇ ਸਫ਼ਾਈ ਕਰਨ ਲਈ ਅਤੇ ਕਈ ਥਾਵਾਂ ਉਪਰ ਵਿਸ਼ੇਸ਼ ਮੁਰੰਮਤ ਕਰਨ ਲਈ ਹੀ ਮਹਿਕਮੇ ਨੂੰ ਇਨ੍ਹਾਂ ਦਿਨਾਂ ਵਿਚ ਮਜਬੂਰਨ ਪਾਣੀ ਦੀ ਬੰਦੀ ਕਰਨੀ ਪਈ ਹੈ।

## ਪਹਿਲੀ ਪਾਤਸ਼ਾਹੀ ਦੇ 550ਵੇਂ ਜਨਮ ਦਿਵਸ ਸਮਾਰੋਹ ਲਈ ਪੰਜਾਬ ਵੱਲੋਂ ਕੇਂਦਰ ਤੋਂ ਪੈਸਿਆਂ ਦੀ ਮੰਗ

ਚੰਡੀਗੜ੍ਹ/ਬਿਊਰੋ ਨਿਊਜ਼ : ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਦੇ ਅਗਲੇ ਸਾਲ ਮਨਾਏ ਜਾ ਰਹੇ 550ਵੇਂ ਜਨਮ ਦਿਵਸ ਸਮਾਰੋਹ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ ਵੱਖ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਅਤੇ ਵੱਖ ਵੱਖ ਕਸਬਿਆਂ ਅਤੇ ਸ਼ਹਿਰਾਂ ਵਿਚ ਵਿਸ਼ੇਸ਼ ਪ੍ਰੋਗਰਾਮ ਕਰਵਾਉਣ ਲਈ ਭਾਰਤ ਸਰਕਾਰ ਕੋਲੋਂ 2145.31 ਕਰੋੜ ਰੁਪਏ ਦੀ ਸਹਾਇਤਾ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਇੱਕ ਪੱਤਰ ਵਿੱਚ ਮੁੱਖ ਮੰਤਰੀ ਨੇ ਸੁਝਾਅ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਇੱਕ ਰਾਸ਼ਟਰੀ ਸਮਾਰੋਹ ਕਮੇਟੀ ਬਣਾਈ ਜਾਵੇ, ਜੋ ਦੇਸ਼ ਭਰ ਵਿੱਚ ਮਨਾਏ ਜਾ ਰਹੇ ਇਨ੍ਹਾਂ ਇਤਿਹਾਸਕ ਸਮਾਰੋਹਾਂ ਉੱਤੇ ਨਿਗਰਾਨੀ ਰੱਖੇ। ਮੁੱਖ ਮੰਤਰੀ ਇਸ ਮੁੱਦੇ 'ਤੇ ਵਿਚਾਰ ਵਟਾਂਦਰਾ ਕਰਨ ਲਈ ਨਿੱਜੀ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਵੱਖ ਵੱਖ ਸੂਬਿਆਂ ਵਿਚ ਇਹ ਸਮਾਰੋਹ ਮਨਾਉਣ ਲਈ ਇੱਕ ਸਾਲ ਦਾ ਕੈਲੰਡਰ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਇਤਿਹਾਸਕ ਸਮਾਰੋਹ ਮੌਕੇ ਪੰਜਾਬ ਵਿੱਚ ਕੁਝ ਸਮਰਪਿਤ ਵਿਸ਼ੇਸ਼ ਪ੍ਰਾਜੈਕਟ ਦੇਵੇ। ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿਖੇ ਅੰਤਰ-ਵਿਸ਼ਵਾਸ ਅਧਿਐਨ ਲਈ ਸ੍ਰੀ ਗੁਰੂ ਨਾਨਕ ਦੇਵ ਨੈਸ਼ਨਲ ਇੰਸਟੀਚਿਊਟ ਦੀ ਸਥਾਪਨਾ ਲਈ ਮਾਨਵੀ ਸਰੋਤ ਵਿਕਾਸ ਮੰਤਰਾਲੇ ਤੋਂ 350 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਵੀ ਮੰਗੀ ਹੈ। ਇਸ ਇੰਸਟੀਚਿਊਟ ਲਈ ਜ਼ਮੀਨ ਸੂਬਾ ਸਰਕਾਰ ਵੱਲੋਂ ਉਪਲਬੱਧ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਗੁਰਦਾਸਪੁਰ ਵਿੱਚ 500 ਬਿਸਤਰਿਆਂ ਦੇ ਸ੍ਰੀ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਸਥਾਪਨਾ ਲਈ 500 ਕਰੋੜ ਰੁਪਏ ਦੀ ਸਹਾਇਤਾ ਦੀ ਵੀ ਮੰਗ ਕੀਤੀ।

ਇਸ ਤੋਂ ਇਲਾਵਾ 150 ਅੰਡਰ ਗਰੈਜੂਏਟ ਅਤੇ ਮੈਡੀਸਨ ਲਈ ਢੁੱਕਵੇਂ ਅਨੁਪਾਤ ਵਿੱਚ ਪੋਸਟ ਗਰੈਜੂਏਟ ਸੀਟਾਂ ਹੋਣਗੀਆਂ। ਮੁੱਖ ਮੰਤਰੀ ਨੇ 'ਇਕ ਵਿਰਾਸਤੀ ਪਿੰਡ ਬਾਬੇ ਨਾਨਕ ਦਾ' ਦੀ ਸਥਾਪਨਾ ਕਰਨ ਲਈ ਸੱਭਿਆਚਾਰਕ ਮੰਤਰਾਲੇ ਕੋਲੋਂ 200 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੀ ਮੰਗ ਕੀਤੀ ਹੈ। ਇਹ ਪਿੰਡ ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਦੇ ਜੀਵਨ ਨੂੰ ਦਰਸਾਵੇਗਾ ਇਹ ਪ੍ਰਸਤਾਵਿਤ ਪਿੰਡ ਸੁਲਤਾਨਪੁਰ ਲੋਧੀ ਵਿੱਚ 75-100 ਏਕੜ ਰਕਬੇ ਵਿਚ ਸਥਾਪਤ ਕੀਤਾ ਜਾਵੇਗਾ।

## ਸਤਲੁਜ ਦੇ ਪਾਣੀ 'ਚ ਜ਼ਹਿਰਾਂ ਘੋਲ ਰਹੀਆਂ ਨੇ ਹਿਮਾਚਲ ਦੀਆਂ ਫੈਕਟਰੀਆਂ

ਘਨੌਲੀ/ਬਿਊਰੋ ਨਿਊਜ਼ : ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਹੱਬ ਬੀਬੀਐੱਨ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਲੱਗੀਆਂ ਫੈਕਟਰੀਆਂ ਦਾ ਪ੍ਰਦੂਸ਼ਿਤ ਤੇ ਜ਼ਹਿਰੀਲਾ ਪਾਣੀ ਸਤਲੁਜ ਦਰਿਆ ਵਿੱਚ ਜ਼ਹਿਰ ਘੋਲ ਰਿਹਾ ਹੈ। ਹਿਮਾਚਲ ਪ੍ਰਦੇਸ਼ ਦੇ ਕਸਬਾ ਬੱਦੀ, ਬਰੋਟੀਵਾਲਾ ਤੇ ਨਾਲਾਗੜ੍ਹ ਦੇ ਆਸ-ਪਾਸ ਲੱਗੀਆਂ ਫੈਕਟਰੀਆਂ ਦਾ ਕੈਮੀਕਲ ਯੁਕਤ ਪਾਣੀ ਪਿਛਲੇ ਲੰਬੇ ਸਮੇਂ ਤੋਂ ਸਰਸਾ ਨਦੀ ਰਾਹੀਂ ਪੰਜਾਬ ਦੇ ਪਿੰਡ ਆਸਪੁਰ ਨੇੜੇ ਸਤਲੁਜ ਦਰਿਆ ਵਿੱਚ ਆ ਮਿਲਦਾ ਹੈ।

ਇਸ ਜ਼ਹਿਰੀਲੇ ਪਾਣੀ ਕਾਰਨ ਸਤਲੁਜ ਦਰਿਆ ਦੇ ਪੱਤਣ 'ਤੇ ਬਰਸਾਤ ਦੇ ਦਿਨਾਂ ਵਿੱਚ ਸੈਂਕੜਿਆਂ ਦੀ



ਪਿੰਡ ਨੰਗਲ ਸਿਰਸਾ ਨੇੜੇ ਸਿਰਸਾ ਨਦੀ ਵਿਚ ਵਹਿ ਰਹੇ ਹਿਮਾਚਲ ਪ੍ਰਦੇਸ਼ ਦੀਆਂ ਫੈਕਟਰੀਆਂ ਦਾ ਪਾਣੀ।

ਗਿਣਤੀ ਵਿਚ ਮੱਛੀਆਂ ਮਰ ਜਾਂਦੀਆਂ ਹਨ ਤੇ ਇਨ੍ਹਾਂ ਮਰੀਆਂ ਮੱਛੀਆਂ ਨੂੰ ਪ੍ਰਵਾਸੀ ਮਜ਼ਦੂਰ ਚੁੱਕ ਕੇ ਆਪੋ ਆਪਣੇ ਟਿਕਾਣਿਆਂ 'ਤੇ ਲੈ ਜਾਂਦੇ ਹਨ। ਭਾਵੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਹਰ ਸਾਲ ਸਿਰਸਾ ਨਦੀ ਵਿੱਚੋਂ ਪਾਣੀ ਦੇ ਸੈਂਪਲ ਲੈ ਕੇ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਤੇ ਇੱਕ ਦੋ ਵਾਰੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਾਣੀ ਦੇ ਸਾਂਝੇ ਤੌਰ 'ਤੇ ਵੀ ਸੈਂਪਲ ਭਰੇ ਜਾ ਚੁੱਕੇ ਹਨ, ਪਰ ਹਾਲੇ ਤੱਕ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਹੁਣ ਤਾਂ ਸਿਰਸਾ ਨਦੀ ਦੇ ਪਾਣੀ ਦਾ ਰੰਗ ਵੀ ਗੂੜ੍ਹਾ ਹੁੰਦਾ ਜਾ ਰਿਹਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐੱਸ.ਡੀ.ਓ ਜਿਤਿਨ ਜੋਸ਼ੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਸਿਰਸਾ ਨਦੀ ਦੇ ਪਾਣੀ ਦੇ ਨਮੂਨੇ ਲਏ ਸਨ ਪਰ ਹਾਲੇ ਰਿਪੋਰਟ ਨਹੀਂ ਆਈ।

# ਭਾਰਤ 'ਚ ਸਿਆਸੀ ਹੱਤਿਆਵਾਂ ਦਾ ਦੌਰ




**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਵਿਚ ਕੁਝ ਸਮੇਂ ਤੋਂ ਸਿਆਸੀ ਹੱਤਿਆਵਾਂ ਕਾਫੀ ਵਧ ਗਈਆਂ ਹਨ। ਪਹਿਲਾਂ ਇਹ ਸਿਲਸਿਲਾ ਮੁੱਖ ਤੌਰ 'ਤੇ ਦੱਖਣ ਭਾਰਤ ਵਿਚ ਕੇਰਲ ਤਕ ਹੀ ਸੀਮਤ ਸੀ ਪਰ ਕੁਝ ਸਾਲਾਂ ਤੋਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵੀ ਸਿਆਸੀ ਹੱਤਿਆਵਾਂ ਤੇਜ਼ੀ ਨਾਲ ਹੋਣ ਲੱਗੀਆਂ ਹਨ :

• 19 ਜਨਵਰੀ ਨੂੰ ਕੇਰਲ ਦੇ ਕੰਨੂਰ ਵਿਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਵਰਕਰ ਸ਼ਿਆਮ ਪ੍ਰਸਾਦ ਦੀ ਹੱਤਿਆ ਕਰ ਦਿੱਤੀ ਗਈ।

• 13 ਫਰਵਰੀ ਨੂੰ ਕੇਰਲ ਦੇ ਕੰਨੂਰ ਵਿਚ ਹੀ ਯੂਥ ਕਾਂਗਰਸ ਦੇ ਇਕ ਨੇਤਾ ਦੀ ਹੱਤਿਆ ਕਰ ਦਿੱਤੀ ਗਈ, ਜਿਸ ਦਾ ਦੋਸ਼ ਕਾਂਗਰਸ ਨੇ ਮਾਰਕਸੀ ਪਾਰਟੀ ਦੇ ਵਰਕਰ ਸ਼ਿਹਾਈਬ 'ਤੇ ਲਾਇਆ।

• 22 ਅਪ੍ਰੈਲ ਨੂੰ ਮੁੰਬਈ ਵਿਚ ਕਾਂਦੀਵਲੀ ਦੇ ਗੋਕੁਲ ਨਗਰ ਇਲਾਕੇ ਵਿਚ 2 ਅਣਪਛਾਤੇ ਬਦਮਾਸ਼ਾਂ ਨੇ ਸ਼ਿਵ ਸੈਨਾ ਨੇਤਾ ਸਚਿਨ ਸਾਵੰਤ ਨੂੰ ਮਾਰ ਦਿੱਤਾ।

• 01 ਮਈ ਨੂੰ ਉੱਤਰ ਪ੍ਰਦੇਸ਼ ਦੇ ਦਿਨਪੁਰ ਪਿੰਡ ਵਿਚ 2 ਹਮਲਾਵਰਾਂ ਨੇ ਸਪਾ ਨੇਤਾ ਪਰਵਤ ਸਿੰਘ ਯਾਦਵ ਅਤੇ ਉਸ ਦੇ ਬਾਡੀਗਾਰਡ ਉਮਰਾਓ ਸਿੰਘ ਦੀ ਹੱਤਿਆ ਕਰ ਦਿੱਤੀ।

• 05 ਮਈ ਨੂੰ ਬੰਗਾਲ ਵਿਚ ਮਾਲਦਾ ਦੇ ਕੁਮਾਰਗੰਜ ਪਿੰਡ ਵਿਚ ਤ੍ਰਿਣਮੂਲ ਕਾਂਗਰਸ ਦੇ ਸਮਰਥਕ ਨਯਨ ਮੰਡਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਦਾ ਦੋਸ਼ ਤ੍ਰਿਣਮੂਲ ਕਾਂਗਰਸ ਨੇ ਕਾਂਗਰਸ 'ਤੇ ਲਾਇਆ। ਇਸ ਤੋਂ ਇਕ ਦਿਨ ਪਹਿਲਾਂ ਇਸੇ ਇਲਾਕੇ ਦੇ 'ਝਗੜਾ ਪਾਥਰ' ਪਿੰਡ ਵਿਚ ਇਕ ਕਾਂਗਰਸੀ ਸਮਰਥਕ ਦੀ ਹੱਤਿਆ ਕਰ ਦਿੱਤੀ ਗਈ ਸੀ।

• 06 ਮਈ ਨੂੰ ਅੰਬਾਲਾ ਛਾਉਣੀ ਦੇ ਆਰਮੀ ਏਰੀਆ ਵਿਚ ਸਥਿਤ ਤੋਪਖਾਨਾ ਬਾਜ਼ਾਰ ਵਿਚ ਭਾਜਪਾ ਵਰਕਰ ਸੰਦੀਪ ਗੋਇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

• 07 ਮਈ ਨੂੰ ਉੱਤਰੀ ਕੇਰਲ ਦੇ ਕੰਨੂਰ ਵਿਚ ਸਿਆਸੀ ਰੰਜਿਸ਼ ਕਾਰਨ ਇਕ ਘੰਟੇ ਦੇ ਵਕਫੇ ਵਿਚ 2 ਸਿਆਸੀ ਹੱਤਿਆਵਾਂ ਹੋਈਆਂ। ਪਹਿਲਾਂ 8 ਵਿਅਕਤੀਆਂ ਦੇ ਗਿਰੋਹ ਨੇ ਮਾਕਪਾ ਵਰਕਰ ਅਤੇ ਸਾਬਕਾ ਕੌਂਸਲਰ 'ਬਾਬੂ' ਦੀ ਹੱਤਿਆ ਕਰ ਦਿੱਤੀ ਅਤੇ ਇਸ ਤੋਂ ਅੱਧੇ ਘੰਟੇ ਬਾਅਦ ਹੀ 6 ਵਿਅਕਤੀਆਂ ਨੇ ਭਾਜਪਾ ਵਰਕਰ ਸ਼ੇਮਾਜ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।

• 08 ਮਈ ਦੀ ਰਾਤ ਨੂੰ 9.45 ਵਜੇ ਇਲਾਹਾਬਾਦ ਦੇ ਫੂਲਪੁਰ ਇਲਾਕੇ ਵਿਚ 4 ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਗੋਲੀਆਂ ਮਾਰ ਕੇ ਲੋਚਨਗੰਜ ਨਿਵਾਸੀ ਭਾਜਪਾ ਮੈਂਬਰ ਪਵਨ ਕੇਸਰੀ (40) ਦੀ ਹੱਤਿਆ ਕਰ ਦਿੱਤੀ। ਇਸ ਸਿਲਸਿਲੇ ਵਿਚ ਇਕ ਸਪਾ ਆਗੂ ਅਤੇ ਹੋਰਨਾਂ ਵਿਰੁੱਧ ਪੁਲਸ ਨੇ ਮਾਮਲਾ ਦਰਜ ਕੀਤਾ ਹੈ।

• 10 ਮਈ ਨੂੰ ਵਾਰਾਣਸੀ ਦੇ ਚੌਕ ਥਾਣਾ ਖੇਤਰ ਦੇ ਸਿੰਧੀਆ ਘਾਟ ਵਿਚ ਘਾਤ ਲਾ ਕੇ ਬੈਠੇ 2 ਅਣਪਛਾਤੇ ਬਦਮਾਸ਼ਾਂ ਨੇ ਸਮਾਜਵਾਦੀ ਪਾਰਟੀ ਅਤੇ ਮੱਲਾਹੋਂ ਦੇ ਵੱਡੇ ਨੇਤਾ ਪ੍ਰਭੂ ਸਾਹਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਦੋਂ ਉਹ ਮੰਦਿਰ ਤੋਂ ਵਾਪਸ ਆ ਰਹੇ ਸਨ।

• 11 ਮਈ ਨੂੰ ਬੰਗਾਲ ਦੇ 24 ਪਰਗਨਾ ਜ਼ਿਲੇ ਵਿਚ 'ਜਾਮੀ ਰਕਸ਼ਾ ਕਮੇਟੀ' ਦੇ ਵਰਕਰ ਹਾਫਿਜ਼ੁਲ ਮੱਲਾਹ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

8 12 ਮਈ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਦੇ ਅਨੀਸਾਬਾਦ ਵਿਚ 10-15 ਬਦਮਾਸ਼ਾਂ ਨੇ ਇਕ ਵਿਆਹ ਸਮਾਰੋਹ ਤੋਂ ਪਰਤ ਰਹੇ ਰਾਜਦ ਨੇਤਾ ਦੀਨਾ ਗੋਪ 'ਤੇ ਗੋਲੀਆਂ ਚਲਾ ਕੇ ਉਨ੍ਹਾਂ ਦੀ ਹੱਤਿਆ ਕਰਨ ਤੋਂ ਇਲਾਵਾ 2 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ।

•15 ਮਈ ਨੂੰ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਕਾਉਣੀ ਦੇ ਨੇੜੇ ਸਾਬਕਾ ਕਾਂਗਰਸੀ ਸਰਪੰਚ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ ਉਰਫ ਸ਼ਿੰਦਾ ਨੂੰ ਅਣਪਛਾਤੇ ਵਿਅਕਤੀਆਂ ਨੇ ਦਿਨ-ਦਿਹਾੜੇ ਗੋਲੀਆਂ ਮਾਰ ਕੇ ਮਾਰ ਦਿੱਤਾ।

• 20 ਮਈ ਨੂੰ ਮਾਨਸਾ ਦੇ ਕੈਂਚੀਆਂ ਚੌਕ ਵਿਚ ਪਿੰਡ ਜਟਾਣਾ ਕਲਾਂ ਦੇ ਵਾਸੀ ਕਾਂਗਰਸੀ ਨੇਤਾ ਸੁਖਵਿੰਦਰ ਸਿੰਘ ਦੀ 6 ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਹੁਣ 29 ਮਈ ਨੂੰ ਦੇਰ ਸ਼ਾਮ ਬਿਹਾਰ ਦੇ ਗੋਪਾਲ ਗੰਜ ਵਿਚ ਬਦਮਾਸ਼ਾਂ ਨੇ ਰਾਜਦ ਦੇ ਸਮਰਥਨ ਵਾਲੇ ਮੁਖੀਆ 'ਮਹਾਤਮ ਚੌਧਰੀ' ਦੇ ਘਰ ਵਿਚ ਦਾਖਲ ਹੋ ਕੇ ਮੁਖੀਆ ਨਾਲ ਹੀ ਉਸ ਦੀ ਪਤਨੀ ਅਤੇ ਉਸ ਦੇ ਦੋਹਾਂ ਬੇਟਿਆਂ ਨੂੰ ਗੋਲੀਆਂ ਨਾਲ ਛਲਣੀ ਕਰ ਦਿੱਤਾ, ਜਿਸ ਨਾਲ ਮੁਖੀਆ ਦੇ ਇਕ ਬੇਟੇ ਸਤੇਂਦਰ ਯਾਦਵ ਦੀ ਹਸਪਤਾਲ ਵਿਚ ਮੌਤ ਹੋ ਗਈ।

ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਸਾਡੇ ਦੇਸ਼ ਵਿਚ ਸਿਆਸੀ ਹੱਤਿਆਵਾਂ ਕਿਸ ਤਰ੍ਹਾਂ ਵਧ ਗਈਆਂ ਹਨ, ਜਦ ਕਿ ਪਹਿਲਾਂ ਇਹ ਮੁੱਖ ਤੌਰ 'ਤੇ ਦੱਖਣ ਭਾਰਤ ਦੇ ਕੇਰਲ ਵਿਚ ਕਾਂਗਰਸ, ਭਾਜਪਾ, ਸੰਘ ਅਤੇ ਮਾਕਪਾ ਤਕ ਹੀ ਸੀਮਤ ਸਨ ਅਤੇ ਸਾਲ-ਦੋ ਸਾਲਾਂ ਵਿਚ ਕਦੇ-ਕਦਾਈਂ ਹੀ ਹੁੰਦੀਆਂ ਸਨ। ਹੁਣ ਲਗਾਤਾਰ ਅਜਿਹੀਆਂ ਘਟਨਾਵਾਂ ਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਵੱਖ-ਵੱਖ ਪਾਰਟੀਆਂ ਵਿਚ ਸਿਆਸੀ ਅਸਹਿਣਸ਼ੀਲਤਾ ਬਹੁਤ ਜ਼ਿਆਦਾ ਵਧਦੀ ਜਾ ਰਹੀ ਹੈ, ਜੋ ਸਾਡੇ ਲੋਕਤੰਤਰ ਲਈ ਚੰਗਾ ਸੰਕੇਤ ਨਹੀਂ ਹੈ।

# *ਭਾਰਤ ਵਿਚ ਘੱਟ ਗਿਣਤੀ ਵਾਲੇ ਭਾਈਚਾਰੇ ਭਗਵੀਂ ਦਹਿਸ਼ਤਗਰਦੀ ਦੇ ਸ਼ਿਕਾਰ*

## 2017 ਵਿਚ ਖੁਦ ਨੂੰ ਅਸੁਰੱਖਿਅਤ ਪਾਇਆ : ਅਮਰੀਕੀ ਰਿਪੋਰਟ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ 'ਤੇ ਆਧਾਰਿਤ ਇਕ ਅਮਰੀਕੀ ਰਿਪੋਰਟ ਵਿਚ ਬੀਤੇ ਦਿਨੀਂ ਕਿਹਾ ਗਿਆ ਕਿ ਭਾਰਤ ਵਿਚ 2017 ਵਿਚ ਹਿੰਦੂ ਰਾਸ਼ਟਰਵਾਦੀ ਸਮੂਹਾਂ ਦੀ ਹਿੰਸਾ ਕਾਰਨ ਘੱਟ ਗਿਣਤੀ ਵਾਲੇ ਭਾਈਚਾਰਿਆਂ ਨੇ ਖੁਦ ਨੂੰ 'ਬੇਹੱਦ ਅਸੁਰੱਖਿਅਤ' ਮਹਿਸੂਸ ਕੀਤਾ। ਅਮਰੀਕੀ ਵਿਦੇਸ਼ ਮੰਤਰੀ ਮਾਇਕ ਪੌਂਪਿਓ ਨੇ ਅਮਰੀਕੀ ਕਾਂਗਰਸ ਵੱਲੋਂ 2017 ਦੀ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਦੀ ਸਾਲਾਨਾ ਰਿਪੋਰਟ ਜਾਰੀ ਕੀਤੀ।

ਰਿਪੋਰਟ ਮੁਤਾਬਕ ਧਾਰਮਿਕ ਘਟ ਗਿਣਤੀ ਵਾਲੇ ਭਾਈਚਾਰਿਆਂ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਹਿੰਸਾ ਦੀਆਂ ਘਟਨਾਵਾਂ ਖਿਲਾਫ ਠੋਸ ਕਾਰਵਾਈ ਨਹੀਂ ਕੀਤੀ। ਘੱਟ ਗਿਣਤੀਆਂ ਨੇ ਮੋਦੀ ਸਰਕਾਰ ਦੇ ਅਧੀਨ ਖੁਦ ਨੂੰ ਕਾਫੀ ਅਸੁਰੱਖਿਅਤ ਮਹਿਸੂਸ ਕੀਤਾ।' ਰਿਪੋਰਟ ਮੁਤਾਬਕ, 'ਅਧਿਕਾਰੀਆਂ ਨੇ ਅਕਸਰ ਹੀ ਗਊਆਂ ਦੀ ਹੱਤਿਆ ਜਾਂ ਗੈਰ-ਕਾਨੂੰਨੀ ਤਸਕਰੀ ਜਾਂ ਗਊ ਮਾਸ ਦੇ ਸੇਵਨ ਦੇ ਸ਼ੱਕੀ ਲੋਕਾਂ, ਜ਼ਿਆਦਾਤਰ ਮੁਸਲਮਾਨਾਂ ਦੇ ਪ੍ਰਤੀ ਗਊ ਰੱਖਿਅਕਾਂ ਖਿਲਾਫ ਮਾਮਲੇ ਨਹੀਂ ਦਰਜ ਕੀਤੇ।' ਇਸ ਵਿਚ ਕਿਹਾ ਗਿਆ,'ਸਰਕਾਰ ਨੇ ਉੱਚ ਕੋਰਟ ਵਿਚ ਮੁਸਲਿਮ ਸਿੱਖਿਆ ਸੰਸਥਾਨਾਂ ਦੇ ਘੱਟ ਗਿਣਤੀ ਦਰਜੇ ਦੀ ਚੁਣੌਤੀ ਦੇਣਾ ਜਾਰੀ ਰੱਖਿਆ। ਘੱਟ ਗਿਣਤੀ ਦਰਜੇ ਤੋਂ ਇਨ੍ਹਾਂ ਸੰਸਥਾਵਾਂ ਨੂੰ ਕਰਮਚਾਰੀਆਂ ਦੀ ਨਿਯੁਕਤੀ ਅਤੇ ਸਿਲੇਬਸ ਸਬੰਧੀ ਫੈਸਲਿਆਂ ਵਿਚ ਸੁਤੰਤਰਤਾ ਮਿਲੀ ਹੋਈ ਹੈ।'

ਰਿਪੋਰਟ ਵਿਚ ਕਿਹਾ ਗਿਆ ਕਿ 13 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਊ-ਮਾਸ ਵਪਾਰੀਆਂ ਅਤੇ ਡੇਅਰੀ ਕਿਸਾਨਾਂ 'ਤੇ ਭੀੜ ਵੱਲੋਂ ਕੀਤੇ ਗਏ ਜਾਨੀ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਸੀ ਕਿ ਗਊ-ਰੱਖਿਆ ਦੇ ਨਾਂ 'ਤੇ ਲੋਕਾਂ ਦੀ ਜਾਨ ਲੈਣਾ ਅਸਵੀਕਾਰਨ ਯੋਗ ਹੈ। ਇਸ ਵਿਚ ਕਿਹਾ ਗਿਆ ਕਿ 7 ਅਗਸਤ ਨੂੰ ਉਪ ਰਾਸ਼ਟਰਪਤੀ ਨੇ ਕਿਹਾ ਸੀ ਕਿ ਦੇਸ਼ ਵਿਚ ਦਲਿਤ, ਮੁਸਲਮਾਨ ਅਤੇ ਈਸਾਈ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ 10 ਅਗਸਤ ਨੂੰ ਕਿਹਾ ਕਿ ਦੇਸ਼ ਵਿਚ ਮੁਸਲਮਾਨ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੀਆਂ ਟਿੱਪਣੀਆਂ ਲਈ ਭਾਜਪਾ ਅਤੇ ਹਿੰਦੂ ਰਾਸ਼ਟਰਵਾਦੀ ਜਥੇਬੰਦੀਆਂ ਨੇ ਉਨ੍ਹਾਂ ਦੀ ਨਿੰਦਾ ਕੀਤੀ।

ਰਿਪੋਰਟ ਵਿਚ ਕਿਹਾ ਗਿਆ ਕਿ ਅੰਤਰਰਾਸ਼ਟਰੀ ਗੈਰ ਸਰਕਾਰੀ ਸੰਗਠਨ 'ਓਪਨ ਡੋਰਸ' ਦੇ ਸਥਾਨਕ ਹਿੱਸੇਦਾਰਾਂ ਵੱਲੋਂ ਜੁਟਾਏ ਗਏ ਅੰਕੜਿਆਂ ਮੁਤਾਬਕ ਸਾਲ ਪਹਿਲੇ 6 ਮਹੀਨੇ ਵਿਚ ਸਾਹਮਣੇ ਆਈਆਂ 410 ਘਟਨਾਵਾਂ ਵਿਚ ਈਸਾਈਆਂ ਨੂੰ ਡਰਾਇਆ-ਧਮਕਾਇਆ ਗਿਆ ਜਾਂ ਧਰਮ ਨੂੰ ਲੈ ਕੇ ਉਨ੍ਹਾਂ 'ਤੇ ਹਮਲੇ ਕੀਤੇ ਗਏ। 2016 ਵਿਚ ਇਸ ਤਰ੍ਹਾਂ ਦੀਆਂ 441 ਘਟਨਾਵਾਂ ਹੋਈਆਂ ਸਨ। ਇਸ ਵਿਚ ਕਿਹਾ ਗਿਆ ਕਿ 2017 ਵਿਚ ਜਨਵਰੀ ਤੋਂ ਲੈ ਕੇ ਮਈ ਵਿਚਾਲੇ ਗ੍ਰਹਿ ਮੰਤਰਾਲੇ ਨੇ ਧਾਰਮਿਕ ਭਾਈਚਾਰਿਆਂ ਵਿਚਾਲੇ 296 ਟਕਰਾਅ ਹੋਣ ਦੀ ਜਾਣਕਾਰੀ ਦਿੱਤੀ। ਹਿੰਸਾ ਵਿਚ 44 ਲੋਕ ਮਾਰੇ ਗਏ ਅਤੇ 892 ਜ਼ਖਮੀ ਹੋਏ।

### *ਹਰਿਆਣੇ ਦਾ ਮੰਤਰੀ ਅਨਿਲ ਵਿੱਜ ਕਹਿੰਦਾ*

## ਹਰ ਨਾਗਰਿਕ ਆਰ ਐਸ ਐਸ ਨਾਲ ਜੁੜੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਹਰਿਆਣਾ ਦੇ ਮੰਤਰੀ ਅਨਿਲ ਵਿੱਜ ਆਪਣੇ ਵਿਵਾਦਿਤ ਬਿਆਨਾਂ ਨੂੰ ਲੈ ਕੇ ਅਕਸਰ ਚਰਚਾ ਵਿਚ ਰਹਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਹਰ ਨਾਗਰਿਕ ਨੂੰ ਕੁਝ ਸਮੇਂ ਲਈ ਆਰ.ਐਸ.ਐਸ ਨਾਲ ਜੁੜਨਾ ਚਾਹੀਦਾ ਹੈ। ਆਰ.ਐਸ.ਐਸ ਦੇ ਇਕ ਪ੍ਰੋਗਰਾਮ ਵਿਚ ਸਾਬਕਾ ਰਾਸ਼ਟਰਪਤੀ ਪ੍ਰਣਬ ਮੁੱਖਰਜੀ ਨੂੰ ਸੱਦਾ ਭੇਜਿਆ ਗਿਆ ਹੈ। ਇਸ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਇਸੇ ਦੌਰਨ ਵਿੱਜ ਨੇ ਮੁੱਖਰਜੀ ਨੂੰ ਬੁਲਾਏ ਜਾਣ ਦੀ ਤਾਰੀਫ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਆਰ.ਐਸ.ਐਸ ਇਕ ਰਾਸ਼ਟਰਵਾਦੀ ਸੰਗਠਨ ਹੈ ਜੋ ਦੇਸ਼ ਦਾ ਵਿਕਾਸ ਚਾਹੁੰਦਾ ਹੈ।

## ਚੈਂਪੀਅਨਜ਼ ਟਰਾਫੀ ਲਈ ਸਰਦਾਰ ਸਿੰਘ ਖੇਡਣਗੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਭਾਰਤੀ ਕਪਤਾਨ ਸਰਦਾਰ ਸਿੰਘ ਦੀ ਭਾਰਤੀ ਹਾਕੀ ਟੀਮ ਵਿੱਚ ਵਾਪਸੀ ਹੋ ਗਈ ਹੈ। ਵੀਰਵਾਰ ਨੂੰ ਭਾਰਤੀ ਚੋਣ ਕਰਤਾਵਾਂ ਨੇ ਅਨੁਭਵੀ ਮਿਡ ਫੀਲਡਰ ਸਰਦਾਰ ਅਤੇ ਡਿਫੈਂਡਰ ਬਿਰੇਂਦਰ ਲਾਕੜਾ ਨੂੰ ਟੀਮ ਵਿੱਚ ਜਗ੍ਹਾ ਦਿੱਤੀ ਹੈ। ਹਾਕੀ ਇੰਡੀਆ ਨੇ ਵੀਰਵਾਰ ਨੂੰ ਇਸ ਟੂਰਨਾਮੈਂਟ ਲਈ 18 ਮੈਂਬਰੀ ਟੀਮ ਦਾ ਐਲਾਨ ਕੀਤਾ। ਗੋਲਕੀਪਰ ਪੀ ਆਰ ਸ੍ਰੀਜੇਸ਼ ਦੀ ਕਪਤਾਨੀ ਵਾਲੀ ਟੀਮ ਵਿੱਚ ਕਾਫੀ ਬਦਲਾਅ ਕੀਤੇ ਗਏ ਹਨ। ਸਰਦਾਰ ਸਿੰਘ ਨੂੰ ਕਾਮਨਵੈਲਥ ਗੇਮਾਂ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਟੀਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਚੈਂਪੀਅਨ ਟਰਾਫੀ 23 ਜੂਨ ਤੋਂ ਨੀਦਰਲੈਂਡ ਦੇ ਬ੍ਰੇਡਾ ਵਿੱਚ ਖੇਡੀ ਜਾਵੇਗੀ। ਸਰਦਾਰ ਤੋਂ ਇਲਾਵਾ ਟੀਮ ਵਿੱਚ ਲਾਕੜਾ ਦੀ ਵੀ ਵਾਪਸੀ ਹੋਈ ਹੈ।

# ਭਗਵੇਂਵਾਦੀਆਂ ਦੇ ਨਿਸ਼ਾਨੇ ਤੇ ਮਨੁੱਖਤਾ ਦਾ ਹੀਰੋ ਗਗਨਦੀਪ ਸਿੰਘ *'ਅੰਡਰਗਰਾਊਂਡ'*

## *ਭਾਜਪਾ ਮੰਤਰੀਆਂ ਨੇ ਗਗਨਦੀਪ ਸਿੰਘ ਦੀ ਸ਼ਲਾਘਾ ਕਰਨ ਦੀ ਥਾਂ ਗੁੰਡਾਗਰਦ ਭੀੜ ਨੂੰ ਕੀਤਾ ਉਤਸ਼ਾਹਿਤ*

**ਰਾਮਨਗਰ/ਬਿਊਰੋ ਨਿਊਜ਼ :**
ਨੈਨੀਤਾਲ ਵਿਚ ਰਾਮਨਗਰ ਦੇ ਗਰਜੀਆ ਮੰਦਰ ਦੇ ਬਾਹਰ ਸਬ ਇੰਸਪੈਕਟਰ ਗਗਨਦੀਪ ਸਿੰਘ ਨੇ ਭਗਵੇਵਾਦੀਆਂ ਦੀ ਹਮਲਾਵਰ ਭੀੜ ਵਿੱਚੋਂ ਇੱਕ ਮੁਸਲਿਮ ਨੌਜਵਾਨ ਨੂੰ ਬਚਾਇਆ ਸੀ। ਗਗਨਦੀਪ ਸਿੰਘ ਨੇ ਜਿਸ ਮੁਸਲਮਾਨ ਨੌਜਵਾਨ ਨੂੰ ਭੀੜ ਵਿਚੋਂ ਬਚਾਇਆ ਸੀ। ਉਸ ਨੂੰ ਇੱਕ ਹਿੰਦੂ ਕੁੜੀ ਦੇ ਨਾਲ ਮੰਦਰ ਕੰਪਲੈਕਸ ਦੇ ਕੋਲ ਭਗਵੇਵਾਦੀਆਂ ਦੀ ਭੀੜ ਨੇ ਘੇਰ ਲਿਆ ਸੀ। ਸ਼ਾਇਦ ਹੀ ਗਗਨਦੀਪ ਸਿੰਘ ਨੇ ਕਦੇ ਸੋਚਿਆ ਹੋਵੇਗਾ ਕਿ ਉਹ ਰਾਤੋਂ ਰਾਤ ਸੁਰਖ਼ੀਆਂ ਵਿੱਚ ਆ ਜਾਣਗੇ। ਉਹ ਵੀ ਆਪਣੀ ਨੌਕਰੀ ਦੇ ਪਹਿਲੇ ਛੇ ਮਹੀਨਿਆਂ ਦੌਰਾਨ। ਗਗਨਦੀਪ ਸਿੰਘ ਨੇ ਆਪਣੀ ਡਿਊਟੀ ਮੁਤਾਬਕ ਹੀ ਕੰਮ ਕੀਤਾ ਸੀ, ਪਰ ਹਿੰਦੂ-ਮੁਸਲਮਾਨ, ਕਥਿਤ ਲਵ ਜਿਹਾਦ ਅਤੇ ਉਨ੍ਹਾਂ ਦਾ ਸਿੱਖ ਹੋਣਾ, ਇਸ ਸਭ ਨੇ ਮਿਲ ਕੇ ਉਹ ਕਰ ਦਿੱਤਾ, ਜਿਸ ਨਾਲ ਦੇਖਦੇ ਹੀ ਦੇਖਦੇ 27 ਸਾਲਾਂ ਦੇ ਇੱਕ ਨੌਜਵਾਨ ਪੁਲਿਸ ਸਬ ਇੰਸਪੈਕਟਰ ਦੀ ਜ਼ਿੰਦਗੀ ਵਿੱਚ ਤੂਫ਼ਾਨ ਆ ਗਿਆ।

ਗਗਨਦੀਪ ਸਿੰਘ ਨੂੰ ਧਮਕੀਆਂ ਮਿਲ ਰਹੀਆਂ ਸਨ। ਹਾਲਾਤ ਇਹੀ ਦਸ ਰਹੇ ਹਨ ਕਿ ਗਗਨਦੀਪ ਨਾਲ ਬੁਰਾ ਹੋਣ ਵਾਲਾ ਹੈ, ਕਿਉਂਕਿ ਉਸ ਨੇ ਭਗਵੇਂਵਾਦੀ ਨਾਗਾਂ ਨੂੰ ਹੱਥ ਪਾ ਕੇ ਕਨੂੰਨੀ ਧਰਮ ਨਿਭਾਇਆ। ਇਹ ਗੁਰੂ ਦੇ ਸਿਖ ਦੇ ਹਿਸੇ ਆ ਸਕਦਾ ਜਿਸ ਨੇ ਹਿੰਦੂ ਰਾਸ਼ਟਰ ਨੂੰ ਚੈਲਿੰਜ ਕਰ ਦਿਤਾ ਕਿ ਮੇਰੇ ਲਈ ਭਾਰਤੀ ਸੰਵਿਧਾਨ ਤੇ ਕਨੂੰਨ ਪ੍ਰਮੁਖ ਹੈ। ਸਿਖੀ ਗਗਨਦੀਪ ਸਿੰਘ ਦਾ ਮਨੋਬਲ ਹੈ ਤੇ ਵਰਦੀ ਉਸ ਦੀ ਸ਼ਕਤੀ ਹੈ। ਇੱਕ ਦਿਨ ਪਹਿਲਾਂ ਜਿਸ ਪੁਲਿਸ ਸਬ ਇੰਸਪੈਕਟਰ ਗਗਨਦੀਪ ਸਿੰਘ ਦੀ ਤਾਰੀਫ਼ ਪੂਰਾ ਦੇਸ ਕਰ ਰਿਹਾ ਸੀ, ਹੁਣ ਉਸਦਾ ਅਚਾਨਕ ਕੋਈ ਅਤਾ ਪਤਾ ਨਹੀਂ ਸੀ।

ਐਸਪੀ ਜਨਮੇਜਯ ਖੰਡੂਰੀ ਨੇ ਦੱਸਿਆ, "ਗਗਨਦੀਪ ਅਜੇ ਮੀਡੀਆ ਨਾਲ ਗੱਲ ਕਰਨ ਲਈ ਸਹਿਜ ਨਹੀਂ ਹੈ, ਉਸਦੀ ਕਾਉਸਲਿੰਗ ਕਰਵਾਈ ਜਾਵੇਗੀ।"

ਸੂਬੇ ਦੀ ਭਾਰਤੀ ਜਨਤਾ ਪਾਰਟੀ ਸਰਕਾਰ ਦੇ ਕਈ ਆਗੂਆਂ ਨੇ ਇਸ ਨੂੰ ਲਵ ਜਿਹਾਦ ਦਾ ਮਾਮਲਾ ਦੱਸਿਆ ਹੈ। ਰੂਦਰਪੁਰ ਤੋਂ ਭਾਜਪਾ ਵਿਧਾਇਕ ਰਾਜ ਕੁਮਾਰ ਠੁਕਰਾਲ ਨੇ ਮੀਡੀਆ ਦੇ ਸਾਹਮਣੇ ਇਸ ਮਾਮਲੇ ਨੂੰ ਕਾਨੂੰਨ ਵਿਵਸਥਾ ਦਾ ਨਿਕੰਮਾਪਣ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲਵ ਜਿਹਾਦ ਦੇ ਕਿਸੇ ਵੀ ਮਾਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਉਨ੍ਹਾਂ ਦੇ



ਇਸ ਬਿਆਨ ਦਾ ਅਸਰ ਸਥਾਨਕ ਪੁਲਿਸ ਅਧਿਕਾਰੀਆਂ 'ਤੇ ਸਾਫ਼ ਨਜ਼ਰ ਆ ਰਿਹਾ ਸੀ। ਇਹੀ ਕਾਰਨ ਹੈ ਕਿ ਗਗਨਦੀਪ ਨੂੰ ਹਾਲ ਦੀ ਘੜੀ ਕਿਤੇ ਗਾਇਬ ਕਰ ਦਿੱਤਾ ਜਾਂ ਛੁੱਟੀ ਭੇਜ ਦਿੱਤਾ ਗਿਆ ਹੈ। ਇਸ ਤੋਂ ਜ਼ਾਹਿਰ ਹੈ ਕਿ ਸਿਆਸੀ ਭ੍ਰਿਸ਼ਟ ਤੇ ਮੁਤੱਸਬੀ ਲੋਕ ਕਾਨੂੰਨ ਤੇ ਸੰਵਿਧਾਨ ਨਾਲ ਬਲਾਤਕਾਰ ਕਰ ਰਹੇ ਹਨ ਤੇ ਇਮਾਨਦਾਰ ਪੁਲੀਸ ਅਫ਼ਸਰਾਂ ਨੂੰ ਡਿਊਟੀ ਨਹੀਂ ਕਰਨ ਦੇ ਰਹੇ। ਇਥੋਂ ਤੱਕ ਪ੍ਰਧਾਨ ਮੰਤਰੀ ਮੋਦੀ ਚੁੱਪ ਕਰਕੇ ਬੈਠਾ ਹੈ ਤੇ ਇਸ ਗੱਲ ਦਾ ਨੋਟਿਸ ਨਹੀਂ ਲੈ ਰਿਹਾ। ਪ੍ਰਸਿੱਧ ਪੱਤਰਕਾਰ ਰਵੀਸ਼ ਕੁਮਾਰ ਨੇ ਇਸ ਇਮਾਨਦਾਰ ਪੁਲੀਸ ਅਫ਼ਸਰ ਦੀ ਤਾਰੀਫ ਕੀਤੀ ਸੀ ਤੇ ਸਿੱਖੀ ਨੂੰ ਸਲਾਮ ਕੀਤਾ ਸੀ। ਰਾਮਨਗਰ ਦੇ ਹੀ ਰਹਿਣ ਵਾਲੇ ਕੈਸਰ ਰਾਨਾ ਨੇ ਦੱਸਿਆ, "ਪਿਛਲੇ ਕੁਝ ਸਮੇਂ ਤੋਂ ਰਾਮਨਗਰ ਦੀ ਫ਼ਿਜ਼ਾ ਨੂੰ ਵਿਗਾੜਨ

**ਬਾਕੀ ਸਫ਼ਾ 32 'ਤੇ**

# ਭਾਰਤ ਦੇ ਕਈ ਸੂਬਿਆਂ 'ਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਭਾਜਪਾ ਦਾ ਬਿਸਤਰਾ ਗੋਲ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਹਾਕਮ ਭਾਜਪਾ ਅਤੇ ਇਸ ਦੇ ਐਨਡੀਏ ਭਾਈਵਾਲਾਂ ਨੂੰ ਜ਼ਬਰਦਸਤ ਝਟਕਾ ਦਿੰਦਿਆਂ ਵਿਰੋਧੀ ਪਾਰਟੀਆਂ ਨੇ ਲੋਕ ਸਭਾ ਦੇ ਚਾਰ ਤੇ ਵੱਖ ਵੱਖ ਵਿਧਾਨ ਸਭਾਵਾਂ ਦੇ 10 (ਕੁੱਲ 14) ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ 11 'ਤੇ ਜਿੱਤ ਦਰਜ ਕੀਤੀ ਹੈ। ਇਨ੍ਹਾਂ ਵਿੱਚ ਯੂਪੀ ਦਾ ਅਹਿਮ ਲੋਕ ਸਭਾ ਹਲਕਾ ਕੈਰਾਨਾ ਵੀ ਸ਼ਾਮਲ ਹੈ, ਜੋ ਵਿਰੋਧੀ ਪਾਰਟੀਆਂ ਨੇ ਆਪਣੀ ਇੱਕਮੁੱਠਤਾ ਨਾਲ ਭਾਜਪਾ ਤੋਂ ਖੋਹ ਲਿਆ। ਇਸ ਤਰ੍ਹਾਂ ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਮਹਿਜ਼ ਤਿੰਨ ਸੀਟਾਂ 'ਤੇ ਸਬਰ ਕਰਨਾ ਪਿਆ ਹੈ। ਹਾਕਮ ਗੱਠਜੋੜ ਨੂੰ ਇਹ ਕਰਾਰੀ ਹਾਰ ਉਦੋਂ ਸਹਿਣੀ ਪਈ ਹੈ, ਜਦੋਂ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਇਸ ਨੇ ਇਕ-ਇਕ ਜ਼ਿਮਨੀ ਚੋਣ ਨਾਲ ਆਪਣਾ ਵੱਕਾਰ ਵੱਡੇ ਪੱਧਰ 'ਤੇ ਜੋੜਿਆ ਹੋਇਆ ਹੈ। ਵਿਰੋਧੀ ਧਿਰ ਵੱਲੋਂ ਇਸ ਜਿੱਤ ਨੂੰ ਭਾਜਪਾ ਤੇ ਖ਼ਾਸਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਘਟਦੀ ਮਕਬੂਲੀਅਤ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਤੌਰ 'ਤੇ ਅਹਿਮ ਯੂਪੀ ਦਾ ਕੈਰਾਨਾ ਹਲਕਾ ਪਿਛਲੇ ਸਮੇਂ ਦੌਰਾਨ ਫ਼ਿਰਕੂ ਤੌਰ 'ਤੇ ਕਾਫ਼ੀ ਤਣਾਅਪੂਰਨ ਰਿਹਾ ਹੈ। ਉਥੋਂ ਰਾਸ਼ਟਰੀ ਲੋਕ ਦਲ ਦੀ ਉਮੀਦਵਾਰ ਤਬੱਸੁਮ ਹਸਨ ਨੇ ਭਾਜਪਾ ਦੀ ਮ੍ਰਿਗਾਂਕਾ ਸਿੰਘ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਉਨ੍ਹਾਂ ਨੂੰ ਸਮਾਜਵਾਦੀ ਪਾਰਟੀ, ਬਸਪਾ ਤੇ ਕਾਂਗਰਸ ਦੀ ਹਮਾਇਤ ਵੀ ਹਾਸਲ ਸੀ। ਇਹ ਸੀਟ ਬੀਬੀ ਮ੍ਰਿਗਾਂਕਾ ਦੇ ਪਿਤਾ ਤੇ ਭਾਜਪਾ ਦੇ ਹੁਕਮ ਸਿੰਘ ਦੀ ਮੌਤ ਕਾਰਨ ਖ਼ਾਲੀ ਹੋਈ ਸੀ। ਇਸੇ ਤਰ੍ਹਾਂ ਮਹਾਰਾਸ਼ਟਰ ਦੇ ਭੰਡਾਰਾ-ਗੋਂਡੀਆ ਹਲਕੇ ਤੋਂ ਵੀ ਵਿਰੋਧੀ ਧਿਰ ਦੀ ਇਕਮੁੱਠਤਾ ਸਦਕਾ ਭਾਜਪਾ ਨੂੰ ਹਰਾ ਕੇ ਐਨਸੀਪੀ ਦਾ ਉਮੀਦਵਾਰ ਜੇਤੂ ਰਿਹਾ, ਪਰ ਮਹਾਰਾਸ਼ਟਰ ਦੇ ਇਕ ਹੋਰ ਹਲਕੇ ਪਾਲਘਰ ਵਿੱਚ ਵਿਰੋਧੀ ਧਿਰ ਦੀ ਫੁੱਟ ਦਾ ਲਾਹਾ ਲੈਂਦਿਆਂ ਭਾਜਪਾ ਆਪਣਾ ਕਬਜ਼ਾ ਕਾਇਮ ਰੱਖਣ ਵਿੱਚ ਕਾਮਯਾਬ ਰਹੀ। ਚੌਥੇ ਲੋਕ ਸਭਾ ਹਲਕੇ ਨਾਗਾਲੈਂਡ ਤੋਂ ਭਾਜਪਾ ਦੀ ਭਾਈਵਾਲ ਐਨਡੀਪੀਪੀ ਜੇਤੂ ਰਹੀ। ਇਸ ਤਰ੍ਹਾਂ ਐਨਡੀਏ ਤੇ ਵਿਰੋਧੀ ਪਾਰਟੀਆਂ ਨੂੰ ਲੋਕ ਸਭਾ ਦੀਆਂ 2-2 ਸੀਟਾਂ ਮਿਲੀਆਂ।

ਵੱਖ-ਵੱਖ ਵਿਧਾਨ ਸਭਾਵਾਂ ਦੀਆਂ 10 ਸੀਟਾਂ ਵਿੱਚੋਂ ਭਾਜਪਾ ਨੂੰ ਇਕੋ-ਇਕ ਸੀਟ ਉੱਤਰਾਖੰਡ ਦੀ ਥਰਾਲੀ ਹਾਸਲ ਹੋਈ। ਕਾਂਗਰਸ ਨੇ ਤਿੰਨ ਸੀਟਾਂ (ਪੰਜਾਬ ਦੀ ਸ਼ਾਹਕੋਟ, ਕਰਨਾਟਕ ਤੇ ਮੇਘਾਲਿਆ) 'ਤੇ ਜਿੱਤ ਦਰਜ ਕੀਤੀ। ਯੂਪੀ ਵਿਧਾਨ ਸਭਾ ਦੇ ਨੂਰਪੁਰ ਤੋਂ ਸਪਾ, ਬਿਹਾਰ ਦੇ ਜੋਕੀਹਾਟ ਤੋਂ ਆਰਜੇਡੀ ਨੇ ਜੇਤੂ ਝੰਡਾ ਲਹਿਰਾਇਆ। ਆਰਜੇਡੀ ਦੀ ਜਿੱਤ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਲਈ ਜ਼ੋਰਦਾਰ ਝਟਕਾ ਸਮਝਿਆ ਜਾ ਰਿਹਾ ਹੈ। ਝਾਰਖੰਡ ਦੇ ਦੋਵੇਂ ਹਲਕਿਆਂ ਤੋਂ ਝਾਰਖੰਡ ਮੁਕਤੀ ਮੋਰਚਾ ਦੇ ਉਮੀਦਵਾਰ ਜੇਤੂ ਰਹੇ। ਕੇਰਲਾ ਤੇ ਪੱਛਮੀ ਬੰਗਾਲ ਦੇ ਇਕ-ਇਕ ਹਲਕਿਆਂ ਤੋਂ ਕ੍ਰਮਵਾਰ ਸੀਪੀਐਮ ਅਤੇ ਤ੍ਰਿਣਮੂਲ ਕਾਂਗਰਸ ਜੇਤੂ ਰਹੀ। ਮਹਾਰਾਸ਼ਟਰ ਵਿਧਾਨ ਸਭਾ ਦੀ ਇਕ ਸੀਟ ਕਾਂਗਰਸ ਨੇ ਬਿਨਾਂ ਮੁਕਾਬਲਾ ਜਿੱਤ ਲਈ ਸੀ।

ਕੈਰਾਨਾ ਲੋਕ ਸਭਾ ਹਲਕੇ ਤੇ ਨੂਰਪੁਰ ਵਿਧਾਨ ਸਭਾ ਸੀਟ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਹਾਰ ਨੇ ਦਰਸਾ ਦਿੱਤਾ ਕਿ ਉੱਤਰ ਪ੍ਰਦੇਸ਼ ਵਿੱਚ ਵੋਟਰਾਂ ਦਾ ਭਾਜਪਾ ਨਾਲੋਂ ਮੋਹ-ਭੰਗ ਹੋ ਚੁੱਕਾ ਹੈ। ਪਹਿਲਾਂ ਭਾਜਪਾ ਗੋਰਖਪੁਰ ਤੇ ਫੂਲਪੁਰ ਲੋਕ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਹਾਰੀ ਸੀ। ਇਹ ਦੋਵੇਂ ਹਲਕੇ ਕ੍ਰਮਵਾਰ ਯੂ.ਪੀ. ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਖਾਲੀ ਕੀਤੇ ਸਨ। ਹੁਣ ਤੀਜੇ ਲੋਕ ਸਭਾ ਹਲਕੇ ਵਿੱਚ ਵੀ ਹਾਰ ਤੋਂ ਭਾਜਪਾ ਦੀਆਂ ਸਫ਼ਾਂ ਵਿੱਚ ਮਾਯੂਸੀ ਫੈਲਣੀ ਸੁਭਾਵਿਕ ਹੈ। ਨਾ ਸਿਰਫ਼ ਉੱਤਰ ਪ੍ਰਦੇਸ਼ ਸਗੋਂ ਝਾਰਖੰਡ ਵਿੱਚ ਵੀ ਦੋ ਵਿਧਾਨ ਸਭਾ ਸੀਟਾਂ ਦੀ ਜ਼ਿਮਨੀ ਚੋਣ ਵਿੱਚ ਜਿੱਤਾਂ ਦੇ ਬਾਵਜੂਦ ਇਸ ਪਾਰਟੀ ਦੀਆਂ ਵੋਟਾਂ ਦਾ ਹਿੱਸਾ ਘਟਿਆ।

**ਬਾਕੀ ਸਫ਼ਾ 27 'ਤੇ**


ਕੈਰਾਨਾ ਲੋਕ ਸਭਾ ਦੀ ਜ਼ਿਮਨੀ ਚੋਣ ਜਿੱਤਣ ਬਾਅਦ ਰਾਸ਼ਟਰੀ ਲੋਕ ਦਲ ਦੀ ਉਮੀਦਵਾਰ ਤਬਸੁੱਮ ਹਸਨ ਆਪਣੇ ਸਮਰਥਕਾਂ ਨਾਲ। ਉਨ੍ਹਾਂ ਨੂੰ ਚੋਣਾਂ ਵਿੱਚ ਕਾਂਗਰਸ, ਸਪਾ ਤੇ ਬਸਪਾ ਨੇ ਸਮਰਥਨ ਦਿੱਤਾ ਸੀ

# ਸ਼ਾਹਕੋਟ ਜ਼ਿਮਨੀ ਚੋਣ 'ਚ 'ਆਪ' 'ਤੇ ਫਿਰ ਗਿਆ 'ਝਾੜੂ'

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਧਾਨ ਸਭਾ ਹਲਕਾ ਸ਼ਾਹਕੋਟ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਨੇ ਪੰਜਾਬ ਦੀ ਮੁੱਖ ਵਿਰੋਧੀ ਪਾਰਟੀ 'ਆਪ' ਦੀ ਹੋਂਦ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। 'ਆਪ' ਉਮੀਦਵਾਰ ਰਤਨ ਸਿੰਘ ਕਾਕੜ ਕਲਾਂ ਨੂੰ ਕੁੱਲ ਭੁਗਤੀਆਂ ਵੋਟਾਂ ਵਿੱਚੋਂ ਮਹਿਜ਼ 1.44 ਫ਼ੀਸਦ ਹੀ ਮਿਲੀਆਂ ਹਨ। 'ਆਪ' ਨੂੰ ਕੁੱਲ 1900 ਵੋਟਾਂ ਮਿਲੀਆਂ ਹਨ, ਜੋ ਨੋਟਾ ਨੂੰ ਮਿਲੀਆਂ ਵੋਟਾਂ ਤੋਂ ਸਿਰਫ਼ 632 ਵੱਧ ਹਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ ਉਮੀਦਵਾਰ ਡਾ. ਅਮਰਜੀਤ ਸਿੰਘ ਥਿੰਦ ਨੂੰ ਇਸ ਹਲਕੇ ਤੋਂ 41,000 ਤੋਂ ਵੱਧ ਵੋਟਾਂ ਮਿਲੀਆਂ ਸਨ। ਸ਼ਾਹਕੋਟ ਹਲਕੇ ਦੇ 1268 ਵੋਟਰਾਂ ਨੇ ਇਸ ਚੋਣ ਵਿੱਚ ਸਾਰੇ ਉਮੀਦਵਾਰਾਂ ਨੂੰ ਨਕਾਰਦਿਆਂ ਨੋਟਾ ਦਾ ਬਟਨ ਦਬਾਇਆ ਹੈ।

'ਆਪ' ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਤੋਂ ਬਾਅਦ ਸ਼ਾਹਕੋਟ ਦੀ ਉਪ ਚੋਣ ਵਿੱਚੋਂ ਵੀ ਸ਼ਰਮਨਾਕ ਹਾਰ ਮਿਲਣ ਕਾਰਨ ਜਿੱਥੇ ਇਸ ਪਾਰਟੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ, ਉਥੇ ਲੀਡਰਸ਼ਿਪ ਦਾ ਵੱਕਾਰ ਵੀ ਦਾਅ 'ਤੇ ਲੱਗ ਗਿਆ ਹੈ। 'ਆਪ' ਭਾਵੇਂ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਹੈ, ਪਰ ਲਗਾਤਾਰ ਤਿੰਨ ਚੋਣਾਂ ਵਿੱਚੋਂ ਪਾਰਟੀ ਨੂੰ ਨਮੋਸ਼ੀ ਭਰੀ ਹਾਰ ਮਿਲਣ ਕਾਰਨ ਜਨਤਕ ਤੌਰ 'ਤੇ ਇਸ ਪਾਰਟੀ ਦੀ ਹਾਲਤ ਪਤਲੀ ਪੈ ਗਈ ਹੈ।



ਦਰਅਸਲ ਇਸ ਚੋਣ ਦੇ ਸ਼ੁਰੂ ਵਿੱਚ ਹੀ ਪਾਰਟੀ ਦੇ ਦੋ ਮੁੱਖ ਆਗੂਆਂ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਇਹ ਚੋਣ ਨਾ ਲੜਨ ਦੀ ਰਾਇ ਦੇ ਕੇ ਸੰਕੇਤ ਦਿੱਤਾ ਗਿਆ ਸੀ ਕਿ ਇਹ ਚੋਣ ਲੜਨੀ ਪਾਰਟੀ ਦੇ ਵਸ ਦਾ ਰੋਗ ਨਹੀਂ ਹੈ। 'ਆਪ' ਦੀ ਹਾਈ ਕਮਾਂਡ ਅਤੇ ਸੂਬੇ ਦੀ ਮੌਜੂਦਾ ਲੀਡਰਸ਼ਿਪ ਨੂੰ ਇਸ ਹਲਕੇ ਤੋਂ ਵਿਧਾਨ ਸਭਾ ਚੋਣ ਲੜਨ ਵਾਲੇ ਡਾ. ਅਮਰਜੀਤ ਸਿੰਘ ਥਿੰਦ ਤੋਂ ਕਾਫ਼ੀ ਆਸਾਂ ਸਨ, ਪਰ ਸ੍ਰੀ ਥਿੰਦ ਦੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਕਾਰਨ ਪਾਰਟੀ ਦੀ ਖੇਡ ਖ਼ਰਾਬ ਹੋ ਗਈ। ਇਸ ਤੋਂ ਬਾਅਦ 'ਆਪ' ਦੀ ਟਿਕਟ ਤੋਂ ਆਦਮਪੁਰ ਤੋਂ ਚੋਣ ਲੜੇ ਹੰਸ ਰਾਣਾ ਤੇ ਜਲੰਧਰ ਕੈਂਟ ਤੋਂ ਚੋਣ ਲੜੇ ਹਰਕ੍ਰਿਸ਼ਨ ਸਿੰਘ ਵਾਲੀਆ, ਜਲੰਧਰ ਸ਼ਹਿਰੀ ਦੇ ਪ੍ਰਧਾਨ ਬੱਬੂ ਨੀਲ ਕੰਠ ਤੇ ਕਰਨਲ (ਸੇਵਾਮੁਕਤ) ਸੀਡੀ ਸਿੰਘ ਕੰਬੋਜ ਆਦਿ ਵੀ ਪਾਰਟੀ ਛੱਡ ਗਏ।

ਦਰਅਸਲ ਇਹ ਚੋਣ ਵਿਧਾਇਕ ਅਮਨ ਅਰੋੜਾ ਨੂੰ ਹਟਾ ਕੇ ਸੂਬੇ ਦੇ ਸਹਿ-ਪ੍ਰਧਾਨ ਬਣਾਏ ਡਾ. ਬਲਬੀਰ ਸਿੰਘ ਦੀ ਸਿਆਸੀ ਪ੍ਰੀਖਿਆ ਸੀ, ਜਿਸ ਵਿੱਚੋਂ ਉਹ ਸਫ਼ਲ ਨਹੀਂ ਹੋ ਸਕੇ। ਪਾਰਟੀ ਦੀ ਇਸ ਵੇਲੇ ਬਣੀ ਅੰਦਰੂਨੀ ਸਥਿਤੀ ਤੋਂ ਸੰਕੇਤ ਮਿਲਦੇ ਹਨ ਕਿ ਅਗਲੇ ਦਿਨ ਵੀ 'ਆਪ' ਲਈ ਸੰਕਟ ਵਾਲੇ ਹਨ, ਕਿਉਂਕਿ ਪੰਜਾਬ ਦੀ ਮੁੱਖ ਲੀਡਰਸ਼ਿਪ ਵਿੱਚ ਕੋਈ ਤਾਲਮੇਲ ਨਹੀਂ ਹੈ। ਜਦੋਂ ਪਾਰਟੀ ਨੇ ਪੰਜਾਬ ਦੇ ਗੰਧਲੇ ਪਾਣੀਆਂ ਬਾਬਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਵੱਲ ਮਾਰਚ ਕੀਤਾ ਸੀ, ਇਸ ਵਿੱਚ ਸ੍ਰੀ ਖਹਿਰਾ ਤੇ ਕਈ ਹੋਰ ਵਿਧਾਇਕ ਸ਼ਾਮਲ ਨਹੀਂ ਹੋਏ।

ਪਾਰਟੀ ਦੇ ਵਿਧਾਇਕ ਦਲ ਵਿੱਚ ਵੀ ਦੋ ਖੇਮੇ ਵੱਖਰੇ-ਵੱਖਰੇ ਤੌਰ 'ਤੇ ਵਿਚਰ ਰਹੇ ਹਨ। ਇਸ ਤੋਂ ਇਲਾਵਾ ਭਗਵੰਤ ਮਾਨ ਨੇ ਸਾਫ਼ ਕਹਿ ਦਿੱਤਾ ਹੈ ਕਿ ਉਹ ਹੁਣ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ ਵਾਪਸ ਨਹੀਂ ਲੈਣਗੇ। ਹਾਈ ਕਮਾਂਡ ਨੂੰ ਇਸ ਅਹੁਦੇ ਲਈ ਸ੍ਰੀ ਮਾਨ ਦੇ ਹਾਣ ਦਾ ਕੋਈ ਆਗੂ ਨਾ ਮਿਲਣ ਕਾਰਨ ਪੰਜਾਬ ਵਿੱਚ ਪਾਰਟੀ ਬਿਨਾ 'ਕਮਾਂਡਰ' ਤੋਂ ਹੀ ਚੱਲ ਰਹੀ ਹੈ। ਇਸੇ ਤਰ੍ਹਾਂ ਪਾਰਟੀ ਦੇ ਵੱਡੇ ਚਿਹਰੇ ਐੱਚ ਐੱਸ ਫੂਲਕਾ ਨੇ ਵੀ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਪਾਰਟੀ ਦੀਆਂ ਸਰਗਰਮੀਆਂ ਤੋਂ ਆਪਣੇ ਆਪ ਨੂੰ ਦੂਰ ਕਰਕੇ 1984 ਦੇ ਸਿੱਖ ਕਤਲੇਆਮ ਕਾਂਡ ਦੀ ਕਾਨੂੰਨੀ ਲੜਾਈ ਤੱਕ ਸੀਮਿਤ ਕਰ ਲਿਆ ਹੈ। ਲੋਕ ਸਭਾ ਚੋਣਾਂ ਨੇੜੇ ਆਉਣ ਕਾਰਨ ਅਤੇ ਸ਼ਾਹਕੋਟ ਵਿੱਚੋਂ ਪਾਰਟੀ ਨੂੰ ਮਿਲੀ ਸ਼ਰਮਨਾਕ ਹਾਰ ਕਾਰਨ ਹਾਈ ਕਮਾਂਡ ਨੂੰ ਪੰਜਾਬ ਇਕਾਈ ਦੀ ਹੋਂਦ ਬਚਾਉਣੀ ਵੱਡੀ ਚੁਣੌਤੀ ਬਣ ਗਈ ਹੈ।

ਪਾਰਟੀ ਦੇ ਸੂਬਾ ਸਹਿ-ਪ੍ਰਧਾਨ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਾਰ ਦੇ ਕਾਰਨਾਂ ਦਾ ਮੰਥਨ ਕੀਤਾ ਜਾਵੇਗਾ ਅਤੇ ਹਰ ਕਮੀ-ਪੇਸ਼ੀ ਨੂੰ ਦੂਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੁਣੌਤੀਆਂ ਨਾਲ ਯੋਜਨਾਬੱਧ ਤਰੀਕੇ ਨਾਲ ਨਿਪਟਿਆ ਜਾਵੇਗਾ।

# ਕਾਂਗਰਸ ਤੇ ਜਨਤਾ ਦਲ (ਐਸ) ਵਿਚਾਲੇ ਅਗਾਮੀ ਲੋਕ ਸਭਾ ਚੋਣਾਂ 'ਚ ਵੀ ਗੱਠਜੋੜ ਜਾਰੀ ਰੱਖਣ ਬਾਰੇ ਸਹਿਮਤੀ

**ਬੰਗਲੁਰੂ/ਬਿਊਰੋ ਨਿਊਜ਼ :** ਕਾਂਗਰਸ ਆਗੂ ਅਤੇ ਕਰਨਾਟਕ ਦੇ ਉਪ ਮੁੱਖ ਮੰਤਰੀ ਜੀ ਪਰਮੇਸ਼ਵਰ ਨੇ ਕਿਹਾ ਹੈ ਕਿ ਆਮ ਚੋਣਾਂ ਲਈ ਸੀਟਾਂ ਦੀ ਵੰਡ ਨੂੰ ਲੈ ਕੇ ਉਨ੍ਹਾਂ ਦੀ ਪਾਰਟੀ ਅਤੇ ਜਨਤਾ ਦਲ (ਐਸ) ਦਰਮਿਆਨ ਅਜੇ ਕੋਈ ਗੱਲਬਾਤ ਨਹੀਂ ਹੋਈ ਹੈ। ਦੋਵੇਂ ਪਾਰਟੀਆਂ ਨੇ ਸੂਬੇ 'ਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਗਠਜੋੜ ਕਰਨ ਦਾ ਫ਼ੈਸਲਾ ਲਿਆ ਹੈ। ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਵਰਕਰਾਂ ਨਾਲ ਸੱਦੀ ਬੈਠਕ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਜਨਤਾ ਦਲ (ਐਸ) ਦਾ ਟੀਚਾ 2019 'ਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਹੈ। ਸ੍ਰੀ ਪਰਮੇਸ਼ਵਰ ਨੇ ਕਿਹਾ,"ਅਸੀਂ ਜਨਤਾ ਦਲ (ਐਸ) ਨਾਲ ਲੋਕ ਸਭਾ ਚੋਣਾਂ ਲਈ ਵੀ ਗਠਜੋੜ ਕੀਤਾ ਹੈ ਤਾਂ ਜੋ ਭਾਜਪਾ ਨੂੰ ਕੇਂਦਰ 'ਚੋਂ ਹਟਾਇਆ ਜਾ ਸਕੇ। ਅਸੀਂ ਸੀਟਾਂ ਦੀ ਵੰਡ ਬਾਰੇ ਕੋਈ ਵਿਚਾਰ ਵਟਾਂਦਰਾ ਨਹੀਂ ਕੀਤਾ ਹੈ। ਮੈਂ ਅਤੇ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਉਮੀਦਵਾਰਾਂ ਬਾਰੇ ਫ਼ੈਸਲਾ ਲਵਾਂਗੇ।"


ਕਰਨਾਟਕ ਦੇ ਉਪ ਮੁੱਖ ਮੰਤਰੀ ਜੀ ਪਰਮੇਸ਼ਵਰ ਦਾ ਬੰਗਲੁਰੂ 'ਚ ਬੈਠਕ ਦੌਰਾਨ ਸਵਾਗਤ ਕਰਦੇ ਹੋਏ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ।

ਸੂਬਾ ਕਾਂਗਰਸ ਪ੍ਰਧਾਨ ਨੇ ਵਿਭਾਗਾਂ ਦੀ ਵੰਡ 'ਚ ਪਏ ਰੇੜਕੇ ਬਾਰੇ ਕਿਹਾ ਕਿ ਪਾਰਟੀ ਨੂੰ 22 ਵਿਭਾਗ ਮਿਲੇ ਹਨ ਜੋ ਉਹ ਬਿਨਾ ਕਿਸੇ ਦਿੱਕਤ ਦੇ ਵੰਡ ਦੇਣਗੇ।

ਉਨ੍ਹਾਂ ਕਿਹਾ ਕਿ ਦੋ ਵਾਰ ਤੋਂ ਜ਼ਿਆਦਾ ਅਹੁਦੇ 'ਤੇ ਰਹਿ ਚੁੱਕੇ ਵਿਧਾਇਕਾਂ ਨੂੰ ਮੰਤਰੀ ਨਾ ਬਣਾਏ ਜਾਣ ਦਾ ਸੁਝਾਅ ਆਇਆ ਹੈ।

ਸ੍ਰੀ ਪਰਮੇਸ਼ਵਰ ਨੇ ਦੋਸ਼ ਲਾਇਆ ਕਿ ਕੇਂਦਰ ਸੀਬੀਆਈ ਦੀ ਦੁਰਵਰਤੋਂ ਕਰਕੇ ਕਾਂਗਰਸ ਆਗੂਆਂ ਨੂੰ ਝੂਠੇ ਕੇਸਾਂ 'ਚ ਫਸਾ ਰਿਹਾ ਹੈ। ਸੂਬੇ ਦੇ ਨਵੇਂ ਕਾਂਗਰਸ ਪ੍ਰਧਾਨ ਦੀ ਨਿਯੁਕਤੀ ਬਾਰੇ ਉਨ੍ਹਾਂ ਕਿਹਾ ਕਿ ਇਸ ਅਹੁਦੇ ਦੇ ਕਈ ਦਾਅਵੇਦਾਰ ਹਨ ਅਤੇ ਹਾਈ ਕਮਾਂਡ ਨੇ ਇਸ ਬਾਰੇ ਫ਼ੈਸਲਾ ਲੈਣਾ ਹੈ।

# 11 ਹਜ਼ਾਰ ਡਾਲਰ ਤੋਂ ਵੱਧ ਦਾ ਵਿਕਿਆ ਦੋ ਸੌ ਸਾਲ ਪੁਰਾਣੇ ਭਾਰਤੀ ਰੈਸਤਰਾਂ ਦਾ ਮੈਨਿਊ ਕਾਰਡ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿੱਚ ਅੱਜ ਤੋਂ ਦੋ ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਸਥਾਪਤ ਪਹਿਲੇ ਭਾਰਤੀ ਰੈਸਤਰਾਂ ਦੇ ਇਕ ਦੁਰਲੱਭ ਮੈਨਿਊ ਕਾਰਡ ਦੀ ਨਿਲਾਮੀ 11,344 ਅਮਰੀਕੀ ਡਾਲਰ 'ਚ ਹੋਈ।



'ਪਾਈਨ-ਐਪਲ ਪੁਲਾਵ' ਅਤੇ 'ਚਿਕਨ ਕਰੀ' ਜਿਹੇ ਪਕਵਾਨ ਇਸ ਰੈਸਤਰਾਂ ਦੀ ਖ਼ਾਸੀਅਤ ਸਨ। ਹਿੰਦੁਸਤਾਨੀ ਡਿਨਰ ਅਤੇ ਹੁੱਕਾ ਸਮੋਕਿੰਗ ਕਲੱਬ ਦੀ ਸਥਾਪਨਾ ਸ਼ੇਖ਼ ਦੀਨ ਮੁਹੰਮਦ ਨੇ 1809 ਵਿੱਚ ਲੰਡਨ ਪੋਰਟਮੈਨ ਸਕੁਏਅਰ 'ਚ ਕੀਤੀ ਸੀ। ਮੂਲ ਰੂਪ ਵਿੱਚ ਬਿਹਾਰ ਦਾ ਸ਼ੇਖ਼ ਦੀਨ ਮੁਹੰਮਦ ਸੈਲਾਨੀ ਅਤੇ ਕਾਰੋਬਾਰੀ ਸੀ। ਉਹ ਉਨ੍ਹਾਂ ਸ਼ੁਰੂਆਤੀ ਪਰਵਾਸੀਆਂ ਵਿਚੋਂ ਸੀ ਜੋ ਭਾਰਤ ਤੋਂ ਇੰਗਲੈਂਡ ਗਏ ਸਨ। ਬਰਤਾਨੀਆ ਦੇ ਲੋਕਾਂ ਦੀ ਭਾਰਤੀ ਪਕਵਾਨਾਂ ਦੇ ਸਵਾਦ ਨਾਲ ਜਾਣ ਪਛਾਣ ਕਰਾਉਣ ਲਈ ਉਸ ਨੇ ਇਹ ਰੈਸਤਰਾਂ ਖ਼ੋਲ੍ਹਿਆ ਸੀ। ਦੀਨ ਮੁਹੰਮਦ ਦਾ ਇਹ ਰੈਸਤਰਾਂ ਜ਼ਿਆਦਾ ਦਿਨ ਤੱਕ ਨਹੀਂ ਚੱਲ ਸਕਿਆ। 1812 ਵਿੱਚ ਉਸ ਦਾ ਦੀਵਾਲਾ ਨਿਕਲ ਗਿਆ। ਉਸ ਦੇ ਨਵੇਂ ਪ੍ਰਬੰਧਕਾਂ ਨੇ ਬਾਅਦ ਵਿੱਚ ਉਸ ਨੂੰ 'ਹਿਦੁਸਤਾਨੀ ਕਾਫ਼ੀ ਹਾਊਸ' ਨਾਂ ਨਾਲ 20 ਸਾਲ ਹੋਰ ਚਲਾਇਆ ਪਰ ਅੰਤ ਵਿੱਚ 1833 ਵਿੱਚ ਉਹ ਵੀ ਬੰਦ ਹੋ ਗਿਆ। ਇਸ ਰੈਸਤਰਾਂ ਦਾ ਇਕ ਹੱਥ ਲਿਖਿਆ ਮੈਨਿਊ ਕਾਰਡ ਇਥੇ ਇਕ ਪੁਸਤਕ ਮੇਲੇ ਵਿੱਚ 8500 ਪੌਂਡ ਯਾਨੀ 11344 ਡਾਲਰ ਦਾ ਵਿਕਿਆ। ਇਸ 'ਤੇ ਲਿਖੇ ਹੋਰ ਪਕਵਾਨਾਂ ਵਿੱਚ 'ਮੱਕੀ ਪੁਲਾਵ', 'ਲੌਬਸਟਰ ਕਰੀ', 'ਕੁਲਮਾਹ ਆਫ਼ ਲੈਂਬ ਜਾਂ ਵੀਲ' ਆਦਿ ਸ਼ਾਮਲ ਹਨ। ਕੁੱਲ 25 ਭਾਰਤੀ ਪਕਵਾਨਾਂ ਦੇ ਨਾਂ ਇਸ ਕਾਰਡ 'ਤੇ ਹਨ ਜਿਨ੍ਹਾਂ ਦੇ ਰੇਟ ਵੀ ਲਿਖੇ ਹੋਏ ਹਨ।

# 'ਗੁੱਚੀ' ਦੇ ਫੈਸ਼ਨ ਬਰਾਂਡ ਵਿਚ ਪੱਗੜੀ ਸ਼ਾਮਲ ਹੋਣ 'ਤੇ ਸੋਸ਼ਲ ਮੀਡੀਆ 'ਚ ਬਹਿਸ



**ਮਿਲਾਨ/ਬਿਊਰੋ ਨਿਊਜ਼ :**
ਵਿਸ਼ਵ ਦੇ ਸਭ ਤੋਂ ਮਸ਼ਹੂਰ ਫ਼ੈਸ਼ਨ ਬ੍ਰਾਂਡਾਂ ਵਿਚੋਂ ਇਕ ਗੁੱਚੀ ਵਲੋਂ ਇਸ ਸਾਲ ਦੇ ਸ਼ੁਰੂ ਵਿਚ ਇਕ ਫ਼ੈਸ਼ਨ ਸ਼ੋਅ ਦੌਰਾਨ ਪੱਗੜੀ ਦੀ ਵਰਤੋਂ ਕੀਤੀ ਗਈ। ਫਰਵਰੀ 2018 ਵਿਚ ਮਿਲਾਨ ਫੈਸ਼ਨ ਵੀਕ ਵਿਚ ਕਰਵਾਏ ਫ਼ੈਸ਼ਨ ਸ਼ੋਅ ਵਿਚ ਪੱਗੜੀ ਪਹਿਨੇ ਸਿੱਖ ਮਾਡਲ ਸ਼ਾਮਲ ਸਨ ਪਰ ਬਾਅਦ ਵਿਚ ਇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਬਹਿਸ ਸ਼ੁਰੂ ਹੋ ਗਈ। ਇਕ ਸਿੱਖ ਹਰਿੰਦਰ ਸਿੰਘ ਕੁਕਰੇਜਾ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਗਿਆ "ਪਿਆਰੇ ਗੁੱਚੀ, ਸਿੱਖ ਪੱਗੜੀ ਗੋਰੇ ਮਾਡਲਾਂ ਲਈ ਕੋਈ ਟੋਪੀ ਨਹੀਂ ਹੈ ਬਲਕਿ ਇਹ ਸਿੱਖੀ ਦਾ ਇਕ ਪ੍ਰਤੀਕ ਹੈ। ਤੁਹਾਡੇ ਮਾਡਲਾਂ ਨੇ ਪੱਗੜੀ ਨੂੰ ਟੋਪੀ ਦੇ ਰੂਪ ਵਿਚ ਇਸਤੇਮਾਲ ਕੀਤਾ ਹੈ ਜਦਕਿ ਸਿੱਖ ਇਸ ਨੂੰ ਇਕ-ਇਕ ਲੜ ਕਰ ਕੇ ਬੰਨ੍ਹਦੇ ਹਨ। ਫ਼ਰਜ਼ੀ ਸਿੱਖ ਪੱਗੜੀ ਦੀ ਵਰਤੋਂ ਨਕਲੀ ਗੁੱਚੀ ਉਤਪਾਦਾਂ ਨੂੰ ਵੇਚਣ ਤੋਂ ਵੀ ਮਾੜਾ ਹੈ।"

ਇਕ ਹੋਰ ਸਿੱਖ ਰਾਜਵਤਨ ਸਿੰਘ ਨੇ ਕਿਹਾ ਕਿ ਜੇਕਰ ਗੁੱਚੀ ਨੇ ਅਪਣੇ ਉਤਪਾਦਾਂ ਲਈ ਪੱਗੜੀ ਦੀ ਵਰਤੋਂ ਕਰਨੀ ਹੀ ਸੀ ਤਾਂ ਗੋਰੇ ਵਿਅਕਤੀਆਂ ਦੀ ਵਰਤੋਂ ਕਰਨ ਦੀ ਬਜਾਏ ਗੁੱਚੀ ਸਿੱਖ ਮਾਡਲਾਂ ਦੀ ਵਰਤੋਂ ਕਰ ਸਕਦੀ ਸੀ ਪਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਵਰਤੋਂ ਕਰ ਰਹੇ ਹੋ, ਜਿਨ੍ਹਾਂ ਦੀ ਪ੍ਰੰਪਰਾ ਪੱਗੜੀ ਬੰਨ੍ਹਣ ਦੀ ਨਹੀਂ ਹੈ ਤਾਂ ਤੁਹਾਨੂੰ ਇਸ ਤੱਥ ਤੋਂ ਜਾਣੂ ਹੋਣਾ ਚਾਹੀਦਾ ਸੀ ਕਿ ਸਿੱਖ ਸਮਾਜ ਵਿਚ ਪੱਗੜੀ ਦਾ ਕਿੰਨਾ ਮਹੱਤਵ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ੈਸ਼ਨ ਬ੍ਰਾਂਡ ਗੁੱਚੀ ਵਲੋਂ ਪੱਗੜੀ ਦੀ ਵਰਤੋਂ ਕਰਨ 'ਤੇ ਸਖ਼ਤ ਇਤਰਾਜ਼ ਜਤਾਇਆ। ਉਸ ਨੇ ਕਿਹਾ ਸੀ ਕਿ ਗੁੱਚੀ ਨੇ ਦਸਤਾਰ ਨੂੰ ਅਪਣੇ ਬ੍ਰਾਂਡ ਦੇ ਉਤਪਾਦ ਦੇ ਤੌਰ 'ਤੇ ਇਸਤੇਮਾਲ ਕਰਕੇ ਦਸਤਾਰ ਦੀ ਕੀਮਤ ਲਗਾਉਣ ਦੀ ਗੁਸਤਾਖ਼ੀ ਕੀਤੀ ਹੈ। ਸਿੱਖ ਦੀ ਪੱਗੜੀ ਦੀ ਕੀਮਤ ਕੋਈ ਨਹੀਂ ਲਗਾ ਸਕਦਾ। ਸਿੱਖ ਦੇ ਸਿਰ 'ਤੇ ਸਜੀ ਹੋਈ ਪੱਗੜੀ ਲੋਕਾਂ ਦੇ ਲਈ ਇਨਸਾਫ਼ ਜਾਂ ਇਨਸਾਨੀਅਤ ਦੀ ਗਰੰਟੀ ਹੈ ਅਤੇ ਦੁਸ਼ਮਣਾਂ ਲਈ ਸਿਰ 'ਤੇ ਬੰਨ੍ਹੇ ਕੱਫਣ ਵਰਗੀ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਫੈਸ਼ਨ ਕਾਰਨ ਅਪਣੇ ਸਿਰ 'ਤੇ ਗੁੱਚੀ ਦੀ ਟੋਪੀ ਪਾਉਣ ਵਾਲੇ ਨੌਜਵਾਨਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਹੁਣ ਇਕ ਵੱਡੇ ਫੈਸ਼ਨ ਬ੍ਰਾਂਡ ਨੇ ਵੀ ਮੰਨ ਲਿਆ ਹੈ ਕਿ ਦਸਤਾਰ ਫ਼ੈਸ਼ਨ ਦਾ ਹਿੱਸਾ ਹੈ। ਉਨ੍ਹਾਂ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਰਦਾਰੀ ਦੇ ਰੂਪ ਵਿਚ ਦਸਤਾਰ ਬੰਨ੍ਹਣ ਦਾ ਹੁਕਮ ਦਿਤਾ ਸੀ, ਜਿਸ ਨੂੰ ਹੁਣ ਗੁੱਚੀ ਪ੍ਰਮਾਣਤ ਕਰ ਰਿਹਾ ਹੈ। ਉਨ੍ਹਾਂ ਇਸ ਸਬੰਧੀ ਗੁੱਚੀ ਨੂੰ ਦਸਤਾਰ ਨੂੰ ਫੈਸ਼ਨ ਉਤਪਾਦ ਦੇ ਰੂਪ ਵਿਚ ਨਾ ਵਰਤਣ ਦੀ ਚਿਤਾਵਨੀ ਵੀ ਦਿਤੀ।

# ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥਾਂ ਅਤੇ ਖਰੜਿਆਂ ਸਾਂਭੇਗੀ ਸ਼੍ਰੋਮਣੀ ਕਮੇਟੀ

**ਸ੍ਰੀ ਅਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥਾਂ ਤੇ ਖਰੜਿਆਂ ਦੀ ਸਦੀਵੀ ਸਾਂਭ-ਸੰਭਾਲ ਲਈ ਅੱਜ ਇਕ ਇਤਿਹਾਸਕ ਫ਼ੈਸਲਾ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਆਮ ਸਿੱਖਾਂ ਕੋਲ ਪਏ ਦੁਰਲੱਭ ਪੁਰਾਤਨ ਇਤਿਹਾਸਕ ਦਸਤਾਵੇਜ਼ਾਂ ਦਾ ਡਿਜ਼ੀਟਲਾਈਜੇਸ਼ਨ ਕਰਕੇ ਉਨ੍ਹਾਂ ਦੀ ਸੰਭਾਲ ਸਿੱਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਵਿਖੇ ਕਰਨ ਦਾ ਐਲਾਨ ਕੀਤਾ ਹੈ। ਇੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਿੱਖ ਇਤਿਹਾਸ ਤੇ ਸਾਹਿਤ ਨੂੰ ਡਿਜੀਟਲ ਰੂਪ ਵਿਚ ਸਾਂਭਣ ਦੇ ਇਸ ਪ੍ਰਾਜੈਕਟ ਤਹਿਤ ਉੱਘੇ ਇਤਿਹਾਸਕਾਰ ਤੇ ਸਿੱਖ ਵਿਦਵਾਨ ਹਰਵਿੰਦਰ ਸਿੰਘ ਖ਼ਾਲਸਾ ਦੀ ਨਿੱਜੀ ਲਾਇਬਰੇਰੀ ਵਿਚ ਮੌਜੂਦ ਦੁਰਲੱਭ ਤੇ ਬੇਸ਼ਕੀਮਤੀ ਇਤਿਹਾਸਕ ਦਸਤਾਵੇਜ਼ਾਂ ਨੂੰ ਕੰਪਿਊਟਰਾਈਜ਼ਡ ਕਰਕੇ ਸੰਭਾਲਿਆ ਜਾਵੇਗਾ, ਜਿਸ ਨਾਲ ਇਤਿਹਾਸ ਦੇ ਖੋਜਾਰਥੀਆਂ ਨੂੰ ਸਹੂਲੀਅਤ ਮਿਲੇਗੀ। ਭਾਈ ਲੌਂਗੋਵਾਲ ਨੇ ਸਿੱਖ ਜਗਤ ਨੂੰ ਇਹ ਅਪੀਲ ਵੀ ਕੀਤੀ ਕਿ ਜਿਨ੍ਹਾਂ ਕੋਲ ਸਿੱਖ ਇਤਿਹਾਸ ਨਾਲ ਸਬੰਧਿਤ ਪੁਰਾਤਨ ਦੁਰਲੱਭ ਖਰੜੇ ਤੇ ਦਸਤਾਵੇਜ਼ ਹੋਣ ਉਹ ਵੀ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਨ ਤਾਂ ਜੋ ਉਨ੍ਹਾਂ ਕੋਲ ਪਏ ਦੁਰਲੱਭ ਖਜ਼ਾਨੇ ਨੂੰ ਵੀ ਡਿਜ਼ੀਟਲ ਰੂਪ ਵਿਚ ਸੰਭਾਲਿਆ ਜਾ ਸਕੇ।

# ਨਾਰਦ ਮੁਨੀ ਸੀ ਵਿਸ਼ਵ ਦਾ ਪਹਿਲਾ ਪੱਤਰਕਾਰ : ਭਾਜਪਾ ਆਗੂ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਦਿਨੇਸ਼ ਸ਼ਰਮਾ ਨੇ ਦਾਅਵਾ ਕੀਤਾ ਹੈ ਕਿ ਪੱਤਰਕਾਰੀ ਦੀ ਸ਼ੁਰੂਆਤ ਪ੍ਰਾਚੀਨ ਭਾਰਤ ਵਿੱਚ ਹੋਈ ਸੀ। ਇਹ ਵਿਚਾਰ ਆਰਐਸਐਸ ਦੀ ਉਸ ਧਾਰਨਾ ਦੀ ਹੀ ਕੜੀ ਹੈ ਜੋ ਇਹ ਪ੍ਰਚਾਰਦੀ ਰਹੀ ਹੈ ਕਿ ਨਾਰਦ ਸਮੁੱਚੇ ਬ੍ਰਹਿਮੰਡ ਵਿੱਚ ਪਹਿਲੇ ਤੇ ਇਕਲੌਤੇ ਪੱਤਰਕਾਰ ਸਨ। ਸ੍ਰੀ ਸ਼ਰਮਾ ਮਨੋਵਿਗਿਆਨ ਵਿੱਚ ਪੀਐਚਡੀ ਹਨ ਤੇ ਉਨ੍ਹਾਂ ਆਪਣੇ ਸਿਆਸੀ ਕੈਰੀਅਰ ਦੀ ਸ਼ੁਰੂਆਤ ਆਰਐਸਐਸ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਕਾਰਕੁਨ ਦੇ ਤੌਰ 'ਤੇ ਕੀਤੀ ਸੀ।

ਅਜੋਕੇ ਯੁੱਗ ਦੀ ਤਕਨਾਲੋਜੀ ਨੂੰ ਪ੍ਰਾਚੀਨ ਭਾਰਤ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ ਪੱਤਰਕਾਰੀ ਦੀ ਸ਼ੁਰੂਆਤ ਮਹਾਭਾਰਤ ਯੁੱਗ ਵੇਲੇ ਹੋਈ ਸੀ ਤੇ ਉਨ੍ਹਾਂ ਨਾਰਦ ਦੀ ਅੱਜ ਦੇ ਗੂਗਲ ਨਾਲ ਤੁਲਨਾ ਕੀਤੀ ਸੀ।

ਉਧਰ ਆਰਐਸਐਸ ਦੇ ਖੇਤਰੀ ਪਬਲਿਸਿਟੀ ਇੰਚਾਰਜ ਨਰੇਂਦਰ ਜੈਨ ਨੇ ਕਿਹਾ " ਨਾਰਦ ਸਮੁੱਚੇ ਬ੍ਰਹਿਮੰਡ ਦੇ ਪਹਿਲੇ ਪੱਤਰਕਾਰ ਸਨ। ਇਸ ਬਾਰੇ ਕੋਈ ਸ਼ੱਕ-ਸ਼ੁਬਹਾ ਨਹੀਂ ਹੈ। ਇਹ ਵਿਸ਼ਵਾਸ ਦਾ ਮਾਮਲਾ ਹੈ। ਇਸ ਬਾਰੇ ਵਾਦ ਵਿਵਾਦ ਕਰਨਾ ਬੇਤੁਕਾ ਹੈ।"

ਆਰਐਸਐਸ ਦੇ ਇਕ ਹੋਰ ਆਗੂ ਨੇ ਕਿਹਾ, " ਨਾਰਦ ਜੀ ਕਮਾਲ ਦੇ ਸੰਵਾਦਕ ਸਨ। ਉਹ ਪੱਤਰਕਾਰੀ ਦਾ ਗੂਹੜ ਗਿਆਨ ਸਮਝਦੇ ਸਨ। ਮਹਾਰਿਸ਼ੀ ਚਿਰਕਾਲ ਤੋਂ ਪੱਤਰਕਾਰੀ ਦੇ ਨੇਮਾਂ ਦੀ ਪਾਲਣਾ ਕਰਦੇ ਆ ਰਹੇ ਸਨ। ਉਹ ਪਲ ਭਰ 'ਚ ਕਿਤੇ ਵੀ ਆ ਜਾ ਸਕਦੇ ਸਨ ਜਿਵੇਂ ਕਿ ਪੱਤਰਕਾਰਾਂ ਨੂੰ ਕਰਨਾ ਪੈਂਦਾ ਹੈ।"

ਅਪਰੈਲ ਮਹੀਨੇ ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੁਪਾਨੀ ਨੇ ਕਿਹਾ ਸੀ ਕਿ ਨਾਰਦ ਮੁਨੀ ਨੂੰ ਸਮੁੱਚੇ ਜਗਤ ਦੀਆਂ ਘਟਨਾਵਾਂ ਦਾ ਗਿਆਨ ਸੀ। ਨਾਰਦ ਮੁਨੀ ਦੀ ਤਰ੍ਹਾਂ ਗੂਗਲ ਵੀ ਸੂਚਨਾ ਦਾ ਸਰੋਤ ਹੈ। ਸ੍ਰੀ ਰੁਪਾਨੀ ਵੀ ਛੋਟੀ ਉਮਰ ਤੋਂ ਆਰਐਸਐਸ ਦੀਆਂ ਸ਼ਾਖਾਵਾਂ ਲਾਉਂਦੇ ਰਹੇ ਹਨ।

# ਨਿਯਮਾਂ ਦੀਆਂ ਧੱਜੀਆਂ ਉਡਾ ਕੇ ਐਕਸ ਇੰਡੀਆ ਲੀਵ ਲੈ ਕੇ ਵਿਦੇਸ਼ ਗਏ ਮੁਲਾਜ਼ਮ ਕਰ ਰਹੇ ਨੇ ਉੱਥੇ ਨੌਕਰੀ

## ਨੌਕਰੀ ਕੈਨੇਡਾ 'ਚ ਪ੍ਰਮੋਸ਼ਨ ਪੰਜਾਬ 'ਚ ਲੈ ਰਹੇ ਨੇ ਸਿਹਤ ਮਹਿਕਮੇ ਦੇ ਮੁਲਾਜ਼ਮ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਿਹਤ ਵਿਭਾਗ ਵਿਚ ਕੰਮ ਕਰਦੇ ਕਰਮਚਾਰੀ ਭਾਰਤ ਦੇ ਨਾਲ ਨਾਲ ਵਿਦੇਸ਼ਾਂ ਵਿਚ ਦੋਹਰੀ ਨੌਕਰੀ ਕਰਕੇ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਐਕਸ ਇੰਡੀਆ ਲੀਵ ਲੈ ਕੇ ਕਰਮਚਾਰੀ ਵਿਦੇਸ਼ ਜਾ ਕੇ ਗਰੀਨ ਕਾਰਡ ਲੈ ਕੇ ਉੱਥੇ ਸਿਟੀਜ਼ਨਸ਼ਿਪ ਤੱਕ ਲੈ ਰਹੇ ਹਨ, ਨਾਲ ਹੀ ਭਾਰਤ ਵਿਚ ਨੌਕਰੀ ਉੱਤੇ ਡੱਟੇ ਹੋਏ ਹਨ। ਇਥੋਂ ਤੱਕ ਅਫ਼ਸਰਾਂ ਦੀ ਮਿਲੀਭੁਗਤ ਨਾਲ ਉਨ੍ਹਾਂ ਦੀ ਪ੍ਰਮੋਸ਼ਨ ਤੱਕ ਕੀਤੀ ਜਾ ਰਹੀ ਹੈ। ਜੇ ਤਕਰੀਬਨ 180 ਕਰਮਚਾਰੀਆਂ ਦੇ ਨਾਮ ਸਾਹਮਣੇ ਆਏ ਹਨ। ਇਸ ਬਾਰੇ ਵਿਚ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਕਹਿਣਾ ਹੈ ਕਿ ਇਹ ਗੰਭੀਰ ਮਾਮਲਾ ਹੈ। ਜਦ ਤੋਂ ਉਨ੍ਹਾਂ ਨੇ ਇਹ ਵਿਭਾਗ ਸੰਭਾਲਿਆ ਹੈ ਤਦ ਤੋਂ ਮੈਂ ਕਿਸੇ ਨੂੰ ਵੀ ਐਕਸ ਇੰਡੀਆ ਲੀਵ ਵਿਚ ਐਕਸਟੇਂਸ਼ਨ ਨਹੀਂ ਦਿੱਤੀ। ਕੋਈ ਛੁੱਟੀ 'ਤੇ ਨਹੀਂ ਜਾ ਰਿਹਾ। ਜੇਕਰ ਅਜਿਹਾ ਕੋਈ ਕਰਮਚਾਰੀ ਸਾਹਮਣੇ ਆਵੇਗਾ ਤਾਂ ਉਸ ਨੂੰ ਬਰਖ਼ਾਸਤ ਕਰ ਦਿੱਤਾ ਜਾਵੇਗਾ। ਇਸ ਬਾਰੇ ਵਿਚ ਕਾਰਵਾਈ ਚਲ ਰਹੀ ਹੈ। ਹੁਣ ਐਕਸ ਇੰਡੀਆ ਲੀਵ ਲੈਣਾ ਸੌਖਾ ਨਹੀਂ। ਗਰੀਨ ਕਾਰਡ ਹੋਲਡਰਜ਼ ਨੂੰ ਤਾਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਵਿਦੇਸ਼ ਵਿਚ ਬੈਠੇ ਐਕਸਟੇਂਡ ਕਰਾ ਲੈਂਦੇ ਹਨ ਐਕਸ ਇੰਡੀਆ ਲੀਗ

ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿਚ ਕੰਮ ਕਰਨ ਵਾਲੇ ਕਈ ਕਰਮਚਾਰੀ ਐਕਸ ਇੰਡੀਆ ਲੀਵ ਲੈ ਕੇ ਵਿਦੇਸ਼ ਚਲੇ ਜਾਂਦੇ ਹਨ ਤੇ ਛੁੱਟੀ ਖਤਮ ਹੋਣ ਦੇ ਬਾਅਦ ਵਿਦੇਸ਼ ਵਿਚ ਬੈਠੇ ਬੈਠੇ ਹੀ ਉੱਥੋਂ ਆਪਣੀ ਛੁੱਟੀ ਐਕਸਟੇਂਡ ਕਰਵਾ ਲੈਂਦੇ ਹਨ। ਇਸ ਵਿਚ ਅਫ਼ਸਰਾਂ ਦੀ ਵੀ ਪੂਰੀ ਮਿਲੀਭੁਗਤ ਹੁੰਦੀ ਹੈ, ਕਿਉਂਕਿ ਕੋਈ ਕਰਮਚਾਰੀ ਵਿਦੇਸ਼ ਵਿਚ ਬੈਠ ਕੇ ਆਪਣੀ ਐਕਸ ਇੰਡੀਆ ਲੀਵ ਐਕਸਟੇਂਡ ਨਹੀਂ ਕਰਵਾ ਸਕਦਾ। ਇਸ ਦੇ ਲਈ ਕਰਮਚਾਰੀਆਂ ਨੂੰ ਭਾਰਤ ਵਿਚ ਆ ਕੇ ਡਿਊਟੀ ਜੁਆਇਨ ਕਰਨੀ ਜ਼ਰੂਰੀ ਹੈ।

### ਤਿੰਨ ਮਹੀਨੇ ਤੋਂ ਜ਼ਿਆਦਾ ਛੁੱਟੀ ਦੇ ਲਈ ਚੀਫ ਮਨਿਸਟਰ ਦੀ ਮਨਜ਼ੂਰੀ ਜ਼ਰੂਰੀ

ਨਿਯਮਾਂ ਦੇ ਅਨੁਸਾਰ ਕਰਮਚਾਰੀ ਐਕਸ ਇੰਡੀਆ ਲੀਵ ਲੈਂਦਾ ਹੈ, ਉਹ ਇਸ ਦੌਰਾਨ ਕੋਈ ਹੋਰ ਛੁੱਟੀ ਅਪਲਾਈ ਨਹੀਂ ਕਰ ਸਕਦਾ, ਉਹ ਸਿਰਫ ਇਨ੍ਹਾਂ ਹਾਲਾਤਾਂ ਵਿਚ ਛੁੱਟੀ ਲੈ ਸਕਦਾ ਹੈ। ਜੇਕਰ ਉਸ ਨੂੰ ਉਸ ਦੇ ਲਈ ਕਿਸੇ ਖ਼ੂਨ ਦੇ ਰਿਸ਼ਤੇਦਾਰ ਨੂੰ ਕੋਈ ਇਲਾਜ ਕਰਾਉਣਾ ਹੋਵੇ ਤਾਂ ਅਜਿਹੀ ਸਥਿਤੀ ਉਤਪੰਨ ਹੋ ਜਾਵੇ ਜੋ ਟਾਲੀ ਨਾ ਜਾ ਸਕੇ। ਜੇਕਰ ਕਰਮਚਾਰੀ 30 ਦਿਨ ਤੱਕ ਐਕਸ ਇੰਡੀਆ ਲੀਵ ਲੈਂਦਾ ਹੈ ਤਾਂ ਉਸ ਨੂੰ ਸੰਬੰਧਿਤ ਅਫਸਰਾਂ ਦੀ ਅਥਾਰਿਟੀ ਵਲੋਂ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ। ਜੇਕਰ ਛੁਟੀ 30 ਦਿਨ ਤੋਂ ਜ਼ਿਆਦਾ ਤੇ ਤਿੰਨ ਮਹੀਨੇ ਤੋਂ ਘੱਟ ਹੋਵੇ ਤਾਂ ਉਸ ਦੀ ਮਨਜ਼ੂਰੀ ਸੰਬੰਧਿਤ ਵਿਭਾਗ ਦੇ ਮੰਤਰੀ ਤੋਂ ਲੈਣੀ ਜ਼ਰੂਰੀ ਹੈ। ਜੇਕਰ ਛੁੱਟੀ ਤਿੰਨ ਮਹੀਨੇ ਤੋਂ ਜ਼ਿਆਦਾ ਲੈਣੀ ਹੋਵੇ ਤਾਂ ਉਸ ਦੇ ਲਈ ਮੁੱਖ ਮੰਤਰੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ।

### ਕੀ ਕਹਿੰਦੇ ਹਨ ਨਿਯਮ

ਨਿਯਮਾਂ ਦੇ ਅਨੁਸਾਰ ਕਿਸੇ ਵੀ ਸਰਕਾਰੀ ਕਰਮਚਾਰੀ ਨੂੰ ਐਕਸ ਇੰਡੀਆ ਲੀਵ ਲੈ ਕੇ ਵਿਦੇਸ਼ ਜਾਣ ਦੇ ਲਈ ਅਫਸਰਾਂ ਨੂੰ ਇਸ ਬਾਰੇ ਵਿਚ ਸੂਚਿਤ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ ਉਹ ਆਪਣੀ ਲੀਵ ਵਿਦੇਸ਼ ਵਿਚ ਬੈਠ ਕੇ ਐਕਸਟੇਂਡ ਨਹੀਂ ਕਰਵਾ ਸਕਦਾ। ਇਸ ਦੇ ਲਈ ਉਸ ਨੂੰ ਇੰਡੀਆ ਆਉਣਾ ਹੋਵੇਗਾ। ਇਸਤੋਂ ਇਲਾਵਾ ਜੇਕਰ ਕੋਈ ਵਿਅਕਤੀ ਵਿਦੇਸ਼ ਵਿਚ ਗਰੀਨ ਕਾਰਡ ਹੋਲਡਰ ਹੈ ਤਾਂ ਉਹ ਭਾਰਤ ਵਿਚ ਸਰਕਾਰੀ ਨੌਕਰੀ ਨਹੀਂ ਕਰ ਸਕਦਾ। ਨਾ ਹੀ ਅਜਿਹਾ ਵਿਅਕਤੀ ਨੌਕਰੀ ਕਰ ਸਕਦਾ ਹੈ, ਜੋ ਵਿਦੇਸ਼ ਵਿਚ ਰਿਟਰਨ ਭਰਦਾ ਹੋਵੇ। ਅਜਿਹੇ ਕਰਮਚਾਰੀ ਕਰਨ ਵਾਲੇ ਦੇ ਖਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

### ਰਿਟਰਨ ਭਰ ਰਹੇ ਹਨ ਕੈਨੇਡਾ ਦੀ

ਮੁਹਾਲੀ ਦੇ ਫੇਜ਼ 6 ਸਥਿਤ ਸਟੇਟੇ ਇੰਸਟੀਚਿਊਟ ਅਤੇ ਹੈਲਥ ਐਂਡ ਫੈਮਿਲੀ ਵੇਲਫੇਅਰ ਟ੍ਰੇਨਿੰਗ ਸੈਂਸਰ ਵਿਚ ਤਾਇਨਾਤ ਸਿਸਟਰ ਟਿਊਟਰ ਦਿਲਜੀਤ ਕੌਰ ਨੂੰ ਵਾਇਸ ਪ੍ਰਿੰਸੀਪਲ ਪ੍ਰਮੋਟ ਕੀਤਾ ਗਿਆ। ਹਾਲਾਂਕਿ ਦਿਲਜੀਤ ਕੌਰ 2004 ਤੋਂ 2007 ਤੱਕ ਕੈਨੇਡਾ ਵਿਚ ਐਕਸ ਇੰਡੀਆ ਲੀਵ 'ਤੇ ਰਹੀ। ਇਸ ਦੇ ਬਾਅਦ 2009 ਤੋਂ 2014 ਤੱਕ ਉਹ ਸਵੈ ਰੁਜ਼ਗਾਰ ਛੁੱਟੀ 'ਤੇ ਰਹੀ। ਦੱਸਿਆ ਗਿਆ ਹੈ ਕਿ ਇਸ ਦੌਰਾਨ ਉਸ ਨੇ ਕੋਟਕਪੂਰਾ ਵਿਚ ਕੰਮ ਕੀਤਾ ਲੇਕਿਨ ਉਸ ਦੌਰਾਨ ਉਸ ਨੇ ਸਾਲ 2000 ਦੀ ਰਿਟਰਨ ਕੈਨੇਡਾ ਤੋਂ ਭਰੀ। ਉਸ ਨੇ ਆਪਣੀ ਬੇਟੀ ਦੀ ਸ਼ਿਮਲਾ ਮੈਡੀਕਲ ਯੂਨੀਵਰਸਿਟੀ ਵਿਚ ਐਨਆਰਆਈ ਕੋਟੇ ਚੋਂ ਐਡਮਿਸ਼ਨ ਕਰਾਈ, ਉਸ ਵਿਚ ਕੈਨੇਡਾ ਦੀ 2009 ਵਿਚ ਭਰੀ ਰਿਟਰਨ ਦੀ ਕਾਪੀ ਲਗਾਈ। ਇਸ ਰਿਟਰਨ ਦੇ ਆਧਾਰ 'ਤੇ ਉਸ ਨੇ ਆਪਣੀ ਬੇਟੀ ਜਸਲੀਨ ਕੌਰ ਦੀ ਐਮ ਬੀ ਬੀ ਐਸ ਵਿਚ ਐਡਮਿਸ਼ਨ ਦਿਵਾਈ। ਇਸ ਬਾਰੇ ਵਿਚ ਡਾਇਰੈਕਟਰ ਨੇ 22 ਫਰਵਰੀ 2018 ਨੂੰ ਪ੍ਰਿੰਸੀਪਲ ਸਟੇਟ ਇੰਸਟੀਚਿਊਟ ਨੂੰ ਕਾਰਵਾਈ ਦੇ ਲਈ ਵੀ ਲਿਖਿਆ ਸੀ। ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

# ਸਮੁੰਦਰੀ ਰਸਤੇ ਚੋਰੀ ਛਿਪੇ ਯੂਰਪ ਜਾਣ ਦੀ ਕੋਸ਼ਿਸ਼ 'ਚ 48 ਜਣੇ ਡੁੱਬ ਕੇ ਮਰੇ

**ਟਿਊਨਿਸ/ਬਿਊਰੋ ਨਿਊਜ਼ :** ਟਿਊਨੀਸ਼ੀਆ ਦੇ ਪੂਰਬੀ ਤੱਟ ਦੇ ਨਜ਼ਦੀਕ ਕਿਸ਼ਤੀ ਪਲਟਣ ਨਾਲ 48 ਪਰਵਾਸੀ ਨਾਗਰਿਕਾਂ ਦੀ ਮੌਤ ਹੋ ਗਈ, ਜਦਕਿ 67 ਲੋਕਾਂ ਨੂੰ ਕੋਸਟ ਗਾਰਡ ਨੇ ਡੁੱਬਣ ਤੋਂ ਬਚਾ ਲਿਆ। ਸਾਰੇ ਟਿਊਨੀਸ਼ੀਆ ਦੇ ਰਸਤੇ ਗੈਰਕਾਨੂੰਨੀ ਢੰਗ ਨਾਲ ਯੂਰਪ ਜਾਣ ਦੀ ਤਾਕ 'ਚ ਸਨ। ਇਹ ਰਿਪੋਰਟ ਬੀਬੀਸੀ ਨੇ ਜਾਰੀ ਕੀਤੀ ਹੈ। ਟਿਊਨੀਸ਼ੀਆ ਦੇ ਗ੍ਰਹਿ ਮੰਤਰੀ ਨੇ ਦੱਸਿਆ ਕਿ 90 ਲੋਕਾਂ ਦੀ ਸਮਰੱਥਾ ਵਾਲੀ ਕਿਸ਼ਤੀ 'ਚ ਕਰੀਬ 180 ਲੋਕ ਸਵਾਰ ਸਨ ਜਿਸ 'ਚ ਸੌ ਟਿਊਨੀਸ਼ੀਆਈ ਨਾਗਰਿਕ ਵੀ ਸਨ। ਇਹ ਹਾਦਸਾ ਕੇਰਕੇਨਾਹ ਟਾਪੂਆਂ ਤੋਂ ਕਰੀਬ ਅੱਠ ਕਿਲੋਮੀਟਰ ਦੂਰ ਹੋਇਆ। ਹਾਦਸੇ 'ਚ ਬਚੇ ਇਕ ਵਿਅਕਤੀ ਨੇ ਦੱਸਿਆ ਕਿ ਡੁੱਬਦੀ ਕਿਸ਼ਤੀ ਤੇ ਆਪਣੀ ਗ੍ਰਿਫ਼ਤਾਰੀ ਦੇ ਡਰ ਤੋਂ ਕੈਪਟਨ ਕਿਸ਼ਤੀ ਛੱਡ ਕੇ ਭੱਜ ਗਿਆ। ਅਸੀਂ ਕਿਸ਼ਤੀ 'ਚ ਪਾਣੀ ਭਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਅਸੀਂ ਕਿਸ਼ਤੀ 'ਚ ਸਵੇਰੇ ਪੰਜ ਵਜੇ ਤਕ ਕਿਸੇ ਤਰ੍ਹਾਂ ਬਚ ਸਕੇ। ਬਾਕੀ ਲੋਕ ਡੁੱਬ ਗਏ ਤੇ ਜੋ ਬਚ ਗਏ ਉਹ ਭੱਜ ਗਏ। ਗੌਰਤਲਬ ਹੈ ਕਿ ਜਦੋਂ ਤੋਂ ਲੀਬੀਆ ਸਰਕਾਰ ਨੇ ਮਾਨਵ ਤਸਕਰਾਂ ਖ਼ਿਲਾਫ਼ ਸਖ਼ਤੀ ਕੀਤੀ ਹੈ, ਉਦੋਂ ਤੋਂ ਨਾਜਾਇਜ਼ ਤੌਰ 'ਤੇ ਪਰਵਾਸੀ ਟਿਊਨੀਸ਼ੀਆ ਦੇ ਸਮੁੰਦਰੀ ਰਸਤੇ ਯੂਰਪ 'ਚ ਦਾਖ਼ਲ ਹੋ ਰਹੇ ਹਨ। ਪਿਛਲੇ ਇਕ ਸਾਲ 'ਚ ਇਸ ਤਰ੍ਹਾਂ ਦੀ ਘੁਸਪੈਠ 'ਚ ਤੇਜ਼ੀ ਆਈ ਹੈ।

# ਭਾਰਤ ਦੇ ਕਈ ਸੂਬਿਆਂ 'ਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਭਾਜਪਾ ਦਾ ਬਿਸਤਰਾ ਗੋਲ

*ਸਫ਼ਾ 26 ਦੀ ਬਾਕੀ*

ਮਹਾਰਾਸ਼ਟਰ ਵਿੱਚ ਇਹ ਪਾਲਘਰ ਲੋਕ ਸਭਾ ਸੀਟ ਭਾਵੇਂ ਜਿੱਤ ਗਈ, ਪਰ ਭੰਡਾਰਾ ਗੋਂਦੀਆ ਵਿੱਚ ਇਹ ਕਾਰਗੁਜ਼ਾਰੀ ਨਾ ਦੁਹਰਾ ਸਕੀ। ਕਰਨਾਟਕ ਦੇ ਰਾਜਾ ਰਾਜੇਸ਼ਵਰੀ ਨਗਰ ਵਿੱਚ ਇਸ ਨੂੰ ਕਾਂਗਰਸ ਪਾਸੋਂ ਕਰਾਰੀ ਹਾਰ ਹੋਈ। ਕੁਲ ਮਿਲਾ ਕੇ ਜ਼ਿਮਨੀ ਚੋਣਾਂ ਦੇ ਨਤੀਜਿਆਂ ਵਿੱਚੋਂ ਅਜਿਹਾ ਕੁਝ ਵੀ ਸਾਹਮਣੇ ਨਹੀਂ ਆਇਆ ਜੋ ਭਾਜਪਾ ਨੂੰ ਰਾਹਤਕਾਰੀ ਜਾਪੇ।

ਅਜਿਹੇ ਰੁਝਾਨ ਮਿਲਣ ਕਾਰਨ ਜਿਸ ਤਰ੍ਹਾਂ ਹਿਰ ਪਾਰਟੀ ਥਿੜ੍ਹਕ ਰਹੀ ਹੈ, ਉਸ ਦੇ ਮੱਦੇਨਜ਼ਰ ਮੋਦੀ ਨੂੰ ਆਪਣਾ ਜਾਦੂ ਚਲਾਉਣ ਲਈ ਕੋਈ ਨਵਾਂ ਕਥਾਨਕ ਸਿਰਜਣਾ ਪਵੇਗਾ। ਹਾਲ ਦੀ ਘੜੀ ਤਾਂ ਨਤੀਜਿਆਂ ਤੋਂ ਇਹੀ ਜਾਪਦਾ ਹੈ ਕਿ ਜਿੱਥੇ ਵੀ ਵਿਰੋਧੀ ਇਕੱਠੇ ਹੋ ਗਏ, ਉੱਥੇ ਭਾਜਪਾ ਦੀਆਂ ਜਿੱਤ ਦੀਆਂ ਸੰਭਾਵਨਾਵਾਂ ਖ਼ੁਦ-ਬਖ਼ੁਦ ਖ਼ਤਮ ਹੋ ਗਈਆਂ। ਨਵਾਂ ਕਥਾਨਕ ਵਿਰੋਧੀ ਪਾਰਟੀਆਂ ਦੀ ਇਕਮੁੱਠਤਾ ਤੋੜਨ ਦੇ ਰੂਪ ਵਿੱਚ ਹੀ ਹੋ ਸਕਦਾ ਹੈ। ਮਹਾਰਾਸ਼ਟਰ ਦੀ ਪਾਲਘਰ ਲੋਕ ਸਭਾ ਸੀਟ ਦੇ ਨਤੀਜੇ ਤੋਂ ਸਪਸ਼ਟ ਹੈ, ਭਾਜਪਾ ਦਾ ਕਮਲ ਵਿਰੋਧੀ ਦਲਾਂ ਦੀ ਫੁੱਟ ਦੇ ਚਿੱਕੜ ਵਿੱਚ ਹੀ ਖਿੜਦਾ ਹੈ। ਜਿੱਥੇ ਕਿਤੇ ਇਹ ਚਿੱਕੜ ਸੰਭਵ ਨਹੀਂ ਹੋਇਆ, ਉੱਥੇ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ ਦੀ ਕੇਂਦਰ ਸਰਕਾਰ ਨੇ ਕਈ ਨਵੇਂ ਪ੍ਰੋਗਰਾਮ ਉਲੀਕੇ ਹਨ। ਉਸਨੇ ਗਰੀਬ ਬੰਦੇ ਨੂੰ ਵਿਕਾਸ ਦੇ ਲਾਭ ਦੇਣ ਲਈ ਕਈ ਮਨਸੂਬੇ ਬਣਾਏ ਹਨ। ਪਰ ਇਨ੍ਹਾਂ ਦੇ ਲਾਭ ਆਮ ਬੰਦੇ ਤਕ ਇੱਕ ਸਿਲਸਿਲੇ ਦੇ ਰੂਪ ਵਿੱਚ ਪੁੱਜਣੇ ਸ਼ੁਰੂ ਨਹੀਂ ਹੋਏ। ਇਸੇ ਲਈ ਅਜੇ ਵੀ ਉਸ ਨੂੰ ਇੱਕ ਪਾਸੇ ਧਨ ਕੁਬੇਰਾਂ ਦੀ ਚਹੇਤੀ ਅਤੇ ਦੂਜੇ ਪਾਸੇ, ਕੱਟੜ ਹਿੰਦੂਵਾਦੀ ਪਾਰਟੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਆਪਣੇ ਬਾਰੇ ਜਦੋਂ ਤਕ ਉਹ ਅਜਿਹੇ ਪ੍ਰਭਾਵ ਦੂਰ ਨਹੀਂ ਕਰਦੀ ਅਤੇ ਇੱਕ ਜ਼ਿੰਮੇਵਾਰ ਸਿਆਸੀ ਪਾਰਟੀ ਵਾਲਾ ਚੋਲਾ ਗ੍ਰਹਿਣ ਨਹੀਂ ਕਰਦੀ, ਉਦੋਂ ਤਕ 2019 ਵਾਲੀ ਚੁਣੌਤੀ ਉਸ ਨੂੰ ਔਖੀ ਜਾਪਦੀ ਜਾਰੀ ਰਹੇਗੀ।

ਜ਼ਿਮਨੀ ਚੋਣਾਂ ਵਿੱਚ ਹਾਕਮ ਐਨਡੀਏ ਦੀ ਕਰਾਰੀ ਹਾਰ ਤੋਂ ਜੋਸ਼ ਵਿੱਚ ਆਈਆਂ ਵਿਰੋਧੀ ਪਾਰਟੀਆਂ 'ਚ 2019 ਦੀਆਂ ਆਮ ਚੋਣਾਂ ਲਈ ਭਾਜਪਾ ਵਿਰੋਧੀ ਮਹਾਂਗੱਠਜੋੜ ਕਾਇਮ ਕਰਨ ਦੀ ਆਵਾਜ਼ ਜ਼ੋਰ ਫੜ ਗਈ ਹੈ। ਕਾਂਗਰਸ ਨੇ ਵਿਰੋਧੀ ਪਾਰਟੀਆਂ ਦੀ ਜਿੱਤ ਨੂੰ 'ਭਾਜਪਾ ਦੇ ਅੰਤ ਦੀ ਸ਼ੁਰੂਆਤ' ਕਰਾਰ ਦਿੱਤਾ ਹੈ। ਕਾਂਗਰਸ ਆਗੂ ਪ੍ਰਮੋਦ ਤਿਵਾੜੀ ਨੇ ਕਿਹਾ, "ਚੋਣ ਨਤੀਜੇ ਭਾਜਪਾ ਦੇ ਚਾਰ ਸਾਲਾਂ ਦੇ ਰਾਜ ਦੇ ਖ਼ਿਲਾਫ਼ ਹਨ। ਇਹ ਭਾਜਪਾ ਦੇ ਸਾਮਰਾਜ ਦੇ ਅੰਤ ਦੀ ਸ਼ੁਰੂਆਤ ਹੈ।"

ਸਪਾ ਮੁਖੀ ਅਖਿਲੇਸ਼ ਯਾਦਵ ਨੇ ਇਸ ਨੂੰ 'ਫੁੱਟ ਪਾਊ' ਸਿਆਸਤ ਕਰਨ ਵਾਲਿਆਂ ਲਈ ਕਰਾਰਾ ਝਟਕਾ ਦੱਸਿਆ। ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਤੀਜੇ ਦੱਸਦੇ ਹਨ ਕਿ ਦੇਸ਼ ਭਰ ਵਿੱਚ ਮੋਦੀ ਸਰਕਾਰ ਖ਼ਿਲਾਫ਼ ਬਹੁਤ ਜ਼ਿਆਦਾ ਗੁੱਸਾ ਹੈ। ਸੀਪੀਆਈ ਨੇ ਇਸ ਨੂੰ ਦੇਸ਼ ਦੀਆਂ ਧਰਮ ਨਿਰਪੱਖ ਸ਼ਕਤੀਆਂ ਦੀ ਜਿੱਤ ਕਰਾਰ ਦਿੱਤਾ।

# ਭਾਰਤ 'ਚ ਭਾਜਪਾ ਦੀ ਭਗਵੇਂਵਾਦੀ ਲਹਿਰ ਮਹਿਜ਼ ਡਰਾਮਾ

## ਭਾਰਤ ਦੀਆਂ ਕੁਲ 4139 ਵਿਧਾਨ ਸਭਾ ਸੀਟਾਂ ਵਿਚੋਂ ਸਿਰਫ 1516 ਸੀਟਾਂ ਅਰਥਾਤ ਤਕਰੀਬਨ 37 ਫੀਸਦੀ ਹੀ ਭਾਜਪਾ ਦੇ ਕੋਲ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬਾਇਲ: 9815700916




ਭਾਜਪਾ ਸੁਪਨੇ ਲੈ ਰਹੀ ਹੈ ਕਿ ਉਹ ਸੰਨ 2019 ਵਿਚ ਹਿੰਦੂ ਰਾਸ਼ਟਰ ਸਿਰਜ ਦੇਵੇਗੀ, ਪਰ ਭਾਜਪਾ ਹਾਲੇ ਤੱਕ ਭਾਰਤ ਦਾ ਭਗਵਾਂਕਰਨ ਕਰਨ ਤੋਂ ਅਸਮਰੱਥ ਰਹੀ ਹੈ। ਉਸ ਦਾ ਭਾਰਤ ਦੇ ਪ੍ਰਾਂਤਾਂ 'ਤੇ ਕਬਜ਼ਾ ਗੱਠਜੋੜ ਰਾਹੀਂ ਦਿਖਾਈ ਦੇ ਰਿਹਾ ਹੈ। ਕੇਂਦਰ ਦੀ ਮੋਦੀ ਸਰਕਾਰ ਦੇ ਮੁੱਖ ਵਿਰੋਧੀ, ਲੇਖਕ, ਚਿੰਤਕ, ਅਰਥ ਸ਼ਾਸਤਰੀ ਅਰੁਣ ਸ਼ੋਰੀ ਦਾ ਬੀਤੇ ਦਿਨੀਂ ਕਹਿਣਾ ਸੀ ਕਿ ਸਾਲ 2019 ਵਿਚ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਨੂੰ ਹਰਾਉਣਾ ਸੰਭਵ ਹੈ। ਅਰੁਣ ਸ਼ੋਰੀ ਨੇ ਅਗਲੀਆਂ ਲੋਕ ਸਭਾ ਚੋਣਾਂ ਵਿਚ ਨਾ ਸਿਰਫ਼ ਭਾਜਪਾ ਨੂੰ ਹਰਾਉਣ ਦੀ ਗੱਲ ਕੀਤੀ ਹੈ, ਬਲਕਿ ਇਸ ਦਾ ਤਰੀਕਾ ਵੀ ਦੱਸ ਦਿੱਤਾ ਹੈ ਕਿ ਵਿਰੋਧੀ ਪਾਰਟੀਆਂ ਗੱਠਜੋੜ ਕੀਤੇ ਬਿਨਾਂ ਮੋਦੀ ਸਰਕਾਰ ਨੂੰ ਨਹੀਂ ਹਰਾ ਸਕਣਗੀਆਂ। ਉੱਘੇ ਪੱਤਰਕਾਰ ਤੇ ਵਾਜਪਾਈ ਸਰਕਾਰ 'ਚ ਮੰਤਰੀ ਰਹੇ ਅਰੁਣ ਸ਼ੋਰੀ ਨੇ ਸਾਲ 2019 ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਖਿਲਾਫ਼ ਮਹਾਂਗੱਠਜੋੜ ਬਣਾਉਣ ਦੀ ਵਕਾਲਤ ਕੀਤੀ। ਉਨ੍ਹਾਂ ਨੇ ਕਿਹਾ ਕਿ ਜੇਕਰ ਇਨ੍ਹਾਂ ਲੋਕਾਂ ਨੇ ਸਾਵਧਾਨੀ ਪੂਰਵਕ ਕਦਮ ਨਹੀਂ ਚੁੱਕੇ ਤਾਂ ਇਸ ਦਾ ਸਭ ਨੂੰ ਨੁਕਸਾਨ ਉਠਾਉਣਾ ਪਵੇਗਾ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਮੋਦੀ ਨੂੰ ਹਰਾਇਆ ਜਾ ਸਕਦਾ ਹੈ, ਕਿਉਂਕਿ ਮੋਦੀ ਜਦੋਂ ਲੋਕਾਂ ਵਿਚ ਹਰਮਨਪਿਆਰੇ ਸਨ ਤਾਂ ਉਨ੍ਹਾਂ ਨੂੰ ਸਿਰਫ਼ 31 ਪ੍ਰਤੀਸ਼ਤ ਵੋਟ ਮਿਲੇ ਸਨ, ਹੁਣ ਮੋਦੀ ਦਾ ਪ੍ਰਭਾਵ ਦਿਨੋਂ ਦਿਨ ਘਟਦਾ ਜਾ ਰਿਹਾ ਹੈ। ਇਸ ਦੇ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋਣਾ ਪਵੇਗਾ ਤੇ ਇਹ ਨਿਸ਼ਚਿਤ ਕਰਨਾ ਪਵੇਗਾ ਕਿ ਹਰ ਲੋਕ ਸਭਾ ਸੀਟ 'ਤੇ ਭਾਜਪਾ ਉਮੀਦਵਾਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਦਾ ਉਮੀਦਵਾਰ ਖੜਾ ਹੋਵੇ। ਅਰੁਣ ਸ਼ੋਰੀ ਨੇ ਕਿਹਾ ਕਿ ਅਸੀਂ ਗੁਜਰਾਤ ਤੇ ਉੱਤਰ ਪ੍ਰਦੇਸ਼ ਵਿਚ ਅਜਿਹਾ ਹੁੰਦਾ ਦੇਖਿਆ ਹੈ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਅੱਜ ਨਿਤਿਸ਼ ਕੁਮਾਰ ਵੀ ਭਾਜਪਾ ਨਾਲ ਗੱਠਜੋੜ ਕਰਕੇ ਆਪਣੇ ਆਪ ਨੂੰ ਔਖਾ ਮਹਿਸੂਸ ਕਰ ਰਹੇ ਹੋਣਗੇ। ਜੇਕਰ ਆਪਾਂ ਐਨਡੀਏ ਦੇ ਸਹਿਯੋਗੀ ਦਲਾਂ ਦੇ ਭਾਸ਼ਣਾਂ ਨੂੰ ਦੇਖੀਏ ਤਾਂ ਉਸ ਤੋਂ ਲੱਗਦਾ ਹੈ ਕਿ ਕਿਤੇ ਕੁਝ ਨਹੀਂ ਚਲ ਰਿਹਾ ਤੇ ਇਸ ਤੋਂ ਸਾਨੂੰ ਉਤਸ਼ਾਹਿਤ ਹੋਣਾ ਚਾਹੀਦਾ ਹੈ। ਅਰੁਣ ਸ਼ੋਰੀ ਕਰਨਾਟਕਾਂ ਦੇ ਘਟਨਾਕ੍ਰਮ ਨੂੰ ਵੀ ਅਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਦੱਸ ਦੇਈਏ ਕਿ ਐਚਡੀ ਕੁਮਾਰਸਵਾਮੀ ਦੇ ਸਹੁੰ ਗ੍ਰਹਿ ਸਮਾਰੋਹ ਵਿਚ ਵਿਰੋਧੀ ਪਾਰਟੀਆਂ ਦੀ ਏਕਤਾ ਦੇਖਣ ਨੂੰ ਮਿਲੀ। ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਜਿਸ ਤਰ੍ਹਾਂ ਏਕਤਾ ਦਰਸਾਈ ਸੀ ਉਸ ਨਾਲ ਅਗਾਮੀ ਲੋਕ ਸਭਾ ਚੋਣਾਂ ਦੇ ਲਈ ਮਹਾਂਗੱਠਜੋੜ ਦੀ ਉਮੀਦ ਦਿਖਾਈ ਦਿੱਤੀ।

ਅੰਕੜਿਆਂ 'ਤੇ ਧਿਆਨ ਮਾਰੀਏ ਭਾਜਪਾ ਸਮਰਥਕਾਂ ਦਾ ਇਹ ਦਾਅਵਾ ਪੂਰੀ ਤਰ੍ਹਾਂ ਸਹੀ ਨਹੀਂ ਦਿਖਾਈ ਦੇ ਰਿਹਾ। ਭਾਰਤ ਦੀਆਂ ਕੁਲ 4139 ਵਿਧਾਨ ਸਭਾ ਸੀਟਾਂ ਵਿਚੋਂ ਸਿਰਫ 1516 ਸੀਟਾਂ ਅਰਥਾਤ ਤਕਰੀਬਨ 37 ਫੀਸਦੀ ਹੀ ਭਾਜਪਾ ਦੇ ਕੋਲ ਹਨ ਤੇ ਸਿਰਫ 10 ਰਾਜਾਂ ਵਿਚ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਹੈ। ਹੁਣੇ ਜਿਹੇ ਕਰਨਾਟਕਾਂ ਵਿਚ ਹੋਏ ਵਿਧਾਨ ਸਭਾ ਚੋਣ ਵਿਚ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਅਦ ਵੀ ਭਾਜਪਾ ਸਰਕਾਰ ਬਣਾਉਣ ਵਿਚ ਅਸਮਰਥ ਰਹੀ। ਇਕ ਸਮੇਂ ਜਦ ਦੋ ਦਿਨ ਦੇ ਲਈ ਪ੍ਰਾਂਤ ਵਿਚ ਭਾਜਪਾ ਦੀ ਸਰਕਾਰ ਰਹੀ ਤਦ ਬਹੁਤ ਸਾਰੇ ਲੋਕਾਂ ਦੁਆਰਾ ਇਹ ਦਾਅਵਾ ਕੀਤਾ ਗਿਆ ਕਿ ਭਾਜਪਾ 21 ਰਾਜਾਂ ਵਿਚ ਆਪਣੇ ਬਲਬੂਤੇ ਜਾਂ ਆਪਣੇ ਸਹਿਯੋਗੀਆਂ ਦੇ ਰਾਹੀਂ ਸੱਤਾ 'ਤੇ ਕਾਬਜ਼ ਹੋ ਗਈ। ਹਾਲਾਂਕਿ ਕਰਨਾਟਕਾ ਵਿਚ ਸਰਕਾਰ ਡਿੱਗ ਜਾਣ ਦੇ ਬਾਅਦ ਇਹ ਅੰਕੜਾ ਫਿਰ ਤੋਂ 20 'ਤੇ ਪਹੁੰਚ ਗਿਆ। ਪਰ ਇਹ ਦਾਅਵਾ ਭਾਜਪਾ ਤੇ ਉਨ੍ਹਾਂ ਦੇ ਸਮਰਥਕਾਂ ਦੁਆਰਾ ਲਗਾਤਾਰ ਕੀਤਾ ਜਾ ਰਿਹਾ ਹੈ ਕਿ 2014 ਵਿਚ ਮੋਦੀ ਸਰਕਾਰ ਆਉਣ ਦੇ ਬਾਅਦ ਪੂਰੇ ਦੇਸ਼ ਦਾ ਭਗਵਾਂਕਰਨ ਹੋ ਗਿਆ ਹੈ। ਇਥੋਂ ਤੱਕ ਕਰਨਾਟਕਾ ਵਿਚ ਦਿਖਾਈ ਗਈ ਵਿਰੋਧੀ ਪਾਰਟੀਆਂ ਦੀ ਏਕਤਾ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹੁਣੇ ਜਿਹੇ ਕਟਕ ਵਿਚ ਕਿਹਾ ਕਿ ਭਾਜਪਾ ਦੇਸ਼ ਦੇ 20 ਰਾਜਾਂ ਵਿਚ ਸੱਤਾ 'ਤੇ ਕਾਬਜ਼ ਹੈ। ਇਹ ਦਰਸਾਉਂਦਾ ਕਿ ਪਿਛਲੇ ਚਾਰ ਸਾਲ ਵਿਚ ਐਨਡੀਏ ਦੇ ਪ੍ਰਦਰਸ਼ਨ ਨੂੰ ਲੋਕਾਂ ਨੇ ਸਮਰਥਨ ਦਿੱਤਾ ਹੈ। ਇਸ ਤੋਂ ਪਹਿਲਾਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਸਰਕਾਰ ਬਣਾਉਣ ਦੇ ਬਾਅਦ ਭਾਜਪਾ ਸਾਂਸਦਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ 19 ਰਾਜਾਂ ਵਿਚ ਸਰਕਾਰ ਚਲਾ ਰਹੇ ਹਾਂ। ਇਥੋਂ ਤੱਕ ਕਿ ਇੰਦਰਾ ਗਾਂਧੀ ਜਦ ਸੱਤਾ ਵਿਚ ਸੀ ਤਾਂ 18 ਰਾਜਾਂ ਵਿਚ ਹੀ ਉਨ੍ਹਾਂ ਦੀ ਸਰਕਾਰ ਸੀ। ਹਾਲਾਂਕਿ ਪ੍ਰਧਾਨ ਮੰਤਰੀ ਭਾਜਪਾ ਨੇਤਾਵਾਂ ਤੇ ਉਨ੍ਹਾਂ ਦੇ ਸਮਰਥਕਾਂ ਦੁਆਰਾ ਕੀਤੇ ਜਾ ਰਹੇ ਇਨ੍ਹਾਂ ਦਾਅਵਿਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਪਿਛਲੇ ਚਾਰ ਸਾਲਾਂ ਵਿਚ ਭਾਜਪਾ ਨੇ ਕਈ ਰਾਜਾਂ ਵਿਚ ਸਰਕਾਰ ਚਲਾਈ ਤੇ ਉਨ੍ਹਾਂ ਦਾ ਭੂਗੋਲਿਕ ਤੇ ਸਾਮਾਜਿਕ ਵਿਸਥਾਰ ਹੋਇਆ। ਪਰ ਜੇਕਰ ਅਸੀਂ ਅੰਕੜਿਆਂ ਨੂੰ ਧਿਆਨ ਨਾਲ ਦੇਖਾਂਗੇ ਤਾਂ ਸਾਨੂੰ ਸਮਝ ਵਿਚ ਆਵੇਗਾ ਭਾਜਪਾ ਦਾ ਕੀ ਰਾਜਾਂ ਵਿਚ ਸਰਕਾਰ ਬਣਾਉਣ ਦਾ ਦਾਅਵਾ ਜਾਂ ਫਿਰ ਪੂਰੇ ਦੇਸ਼ ਵਿਚ ਭਗਵਾਂਕਰਨ ਹੋ ਜਾਣ ਦਾ ਦਾਅਵਾ ਸਿਰਫ ਖੇਤਰੀ ਦਲਾਂ ਦੇ ਨਾਲ ਸਮਾਰਟ ਚੁਣਾਵੀਂ ਗੱਠਜੋੜ ਦਾ ਨਤੀਜਾ ਹੈ। ਅਸਲ ਵਿਚ ਜੇਕਰ ਅਸੀਂ ਉਨ੍ਹਾਂ ਦੇ ਸਹਿਯੋਗੀਆਂ ਨੂੰ ਹਟਾ ਦੇਈਏ ਤਾਂ ਭਾਜਪਾ ਦੇਸ਼ ਦੇ 29 ਰਾਜਾਂ ਤੇ ਦੋ ਕੇਂਦਰ ਸ਼ਾਸ਼ਤ ਪ੍ਰਦੇਸਾਂ ਵਿਚੋਂ ਕੇਵਲ 10 'ਤੇ ਬਹੁਮਤ ਵਾਲੀ ਸਰਕਾਰ ਚਲਾ ਰਹੀ ਹੈ। ਕੁਲ ਮਿਲਾ ਕੇ ਦੇਸ਼ ਦੀਆਂ ਕੁਲ 4139 ਵਿਧਾਨ ਸਭਾ ਸੀਟਾਂ ਵਿਚ 1516 ਸੀਟਾਂ ਅਰਥਾਤ ਤਕਰੀਬਨ 37 ਫੀਸਦੀ ਹੀ ਭਾਜਪਾ ਦੇ ਕੋਲ ਹਨ। ਇਸ ਵਿਚੋਂ ਅੱਧੀਆਂ ਤੋਂ ਜ਼ਿਆਦਾ ਤਕਰੀਬਨ 950 ਸੀਟਾਂ ਸਿਰਫ 6 ਰਾਜਾਂ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ ਤੇ ਕਰਨਾਟਕਾ ਦੀਆਂ ਹਨ। ਅਰਥਾਤ ਭਾਜਪਾ ਨੂੰ ਅਸੀਂ ਸਿਰਫ ਇਸ ਗੱਲ ਦਾ ਸਿਹਰਾ ਦੇ ਸਕਦੇ ਹਾਂ ਕਿ ਉਸ ਨੇ ਭਾਰਤ ਦੇ ਕੁਝ ਸਭ ਤੋਂ ਵੱਡੇ ਤੇ ਚੁਣਾਵੀ ਲਿਹਾਜ ਨਾਲ ਮਹੱਤਵਪੂਰਨ ਰਾਜਾਂ ਵਿਚ ਵੱਡੀ ਜਿੱਤ ਹਾਸਲ ਕੀਤੀ ਹੈ। ਉੱਤਰ ਪ੍ਰਦੇਸ਼ 312/403, ਹਰਿਆਣਾ 47/90, ਮੱਧ ਪ੍ਰਦੇਸ਼ 165/230, ਛੱਤੀਸਗੜ੍ਹ 49/90, ਰਾਜਸਥਾਨ 163/200, ਗੁਜਰਾਤ 199/82, ਉਤਰਾਖੰਡ 56/70 ਤੇ ਹਿਮਾਚਲ ਪ੍ਰਦੇਸ਼ 44/68 ਆਦਿ ਉਹ ਰਾਜ ਹਨ, ਜਿੱਥੇ ਭਾਜਪਾ ਨੂੰ ਸਪੱਸ਼ਟ ਜਿੱਤ ਮਿਲੀ ਹੈ, ਇਸ ਵਿਚੋਂ ਜ਼ਿਆਦਾਤਰ ਉਤਰ ਭਾਰਤ ਦੇ ਰਾਜ ਹਨ।

ਤ੍ਰਿਪੁਰਾ ਪੂਰਬ ਉੱਤਰ ਦਾ ਇਕਲੌਤਾ ਅਜਿਹਾ ਰਾਜ ਹੈ, ਜਿੱਥੇ ਭਾਜਪਾ ਨੇ ਆਪਣੇ ਦਮ 'ਤੇ ਸਰਕਾਰ ਬਣਾਈ ਹੈ। ਪਾਰਟੀ ਨੂੰ ਇਥੇ 60 ਸੀਟਾਂ ਵਿਚੋਂ 35 'ਤੇ ਜਿੱਤ ਮਿਲੀ ਹੈ। ਇਸ ਜਿੱਤ ਨੂੰ ਭਾਜਪਾ ਨੇ ਖੱਬੇ ਪੱਖੀ ਦਲਾਂ 'ਤੇ ਵਿਚਾਰਧਾਰਕ ਜਿੱਤ ਦੱਸਿਆ, ਜੋ ਕਿ ਤਕਰੀਬਨ 3 ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਸਨ। ਭਾਜਪਾ ਦੀ ਇਸ ਰਣਨੀਤੀ ਦਾ ਮਕਸਦ ਇਸ ਜਿੱਤ ਨੂੰ ਵੱਡੀ ਜਿੱਤ ਕਰਨ ਦਾ ਸੀ। ਅਜਿਹਾ ਹੀ ਪੂਰਬ ਉੱਤਰ ਦਾ ਇਕ ਹੋਰ ਰਾਜ ਅਰੁਣਾਚਲ ਪ੍ਰਦੇਸ਼ ਹੈ, ਜਿੱਥੇ ਭਾਜਪਾ ਅਜੇ ਬਹੁਮਤ ਵਿਚ ਹੈ, ਪਰ ਇੱਥੇ ਦੀ ਕਹਾਣੀ ਦੂਸਰੀ ਹੈ। 2014 ਵਿਚ ਹੋਏ ਵਿਧਾਨ ਸਭਾ ਚੋਣ ਦੇ ਦੌਰਾਨ ਭਾਜਪਾ ਨੂੰ ਸਿਰਫ 11 ਸੀਟਾਂ ਤੇ ਜਦ ਕਾਂਗਰਸ ਨੂੰ 42 ਸੀਟਾਂ 'ਤੇ ਜਿੱਤ ਮਿਲੀ ਸੀ। ਪਰ ਬਾਅਦ ਵਿਚ ਭਾਜਪਾ ਨੇ ਜੋੜ ਤੋੜ ਕਰਕੇ ਪੂਰੀ ਸਰਕਾਰ ਆਪਣੀ ਬਣਾ ਲਈ। ਅਜੇ ਪ੍ਰਦੇਸ਼ ਵਿਚ ਭਾਜਪਾ ਦੇ 48 ਐਮਐਲਏ ਹਨ। ਹੁਣ ਅਸੀਂ ਦੂਸਰੇ ਰਾਜਾਂ 'ਤੇ ਨਜ਼ਰ ਮਾਰਦੇ ਹਾਂ, ਜਿੱਥੇ ਭਾਜਪਾ ਸੱਤਾ 'ਤੇ ਕਾਬਜ਼ ਹੈ। ਮਹਾਂਰਾਸ਼ਟਰ 122/288, ਅਸਾਮ 60/126, ਬਿਹਾਰ 53/243, ਝਾਰਖੰਡ 35/81, ਗੋਆ 13/40, ਜੰਮੂ-ਕਸ਼ਮੀਰ 25/89, ਮਣੀਪੁਰ 21/60, ਮੈਘਾਲਿਆ 2/60, ਨਾਗਾਲੈਂਡ 12/60 ਦਾ ਅੰਕੜਾ ਦੱਸਦਾ ਹੈ ਕਿ ਇਨ੍ਹਾਂ ਰਾਜਾਂ 'ਤੇ ਸੱਤਾ ਵਿਚ ਰਹਿਣ ਲਈ ਭਾਜਪਾ ਆਪਣੇ ਸਹਿਯੋਗੀਆਂ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਹੁਣ ਇਨ੍ਹਾਂ ਰਾਜਾਂ ਦੀ ਚਰਚਾ ਕਰਦੇ ਹਾਂ ਕਿ ਜਿੱਥੇ ਭਾਜਪਾ ਸੱਤਾ ਵਿਚ ਨਹੀਂ ਹੈ। ਕੇਰਲਾ 1/140, ਪੰਜਾਬ 3/117, ਪੱਛਮੀ ਬੰਗਾਲ 3/295, ਤਿਲੰਗਾਨਾ 5/119, ਆਂਧਰਾ ਪ੍ਰਦੇਸ਼ 4/175, ਦਿੱਲੀ 3/70, ਉੜੀਸਾ 10/147 ਵਿਚ ਭਾਜਪਾ ਦੀ ਰਾਜਨੀਤੀ ਬੇਹੱਦ ਕਮਜ਼ੋਰ ਹਾਲਤ ਵਿਚ ਹੈ। ਕੇਵਲ ਕਰਨਾਟਕਾ ਇਕੋ ਇਕ ਦੱਖਣ ਭਾਰਤੀ ਰਾਜ ਹੈ,ਜਿੱਥੇ ਭਾਜਪਾ ਦੀ ਸਥਿਤੀ ਬਿਹਤਰ ਹੈ। ਇਸ ਰਾਜ ਵਿਚ ਹੁਣੇ ਹੀ ਹੋਏ ਵਿਧਾਨ ਸਭਾ ਚੋਣ ਵਿਚ ਪਾਰਟੀ ਨੇ 222 ਵਿਚੋਂ 104 ਸੀਟਾਂ 'ਤੇ ਜਿੱਤ ਦਰਜ ਕੀਤੀ। ਇਸ ਤੋਂ ਇਲਾਵਾ ਤਾਮਿਲਨਾਡੂ, ਸਿੱਕਮ ਤੇ ਪੰਡੂਚੇਰੀ ਵਿਚ ਭਾਜਪਾ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ। ਅਰਥਾਤ ਜੇਕਰ ਅਸੀਂ ਅੰਕੜਿਆਂ ਦੀ ਮੰਨੀਏ ਤਾਂ ਭਾਜਪਾ ਦੇ ਖਿਲਾਫ਼ ਬਣ ਰਿਹਾ ਮਹਾਂਗਠਜੋੜ ਜੇਕਰ ਅਸਲ ਵਿਚ ਸਾਹਮਣੇ ਆ ਜਾਂਦਾ ਤਾਂ ਇਹ 2019 ਦੀਆਂ ਆਮ ਚੋਣਾਂ ਵਿਚ ਭਾਜਪਾ ਦੀਆਂ ਸਭ ਤੋਂ ਵੱਡੀ ਚੁਣੌਤੀਆਂ ਵਿਚੋਂ ਇਕ ਸਾਬਤ ਹੋ ਸਕਦਾ ਹੈ।

### 2014 ਵਿਚ ਭਾਜਪਾ ਦਾ ਚੋਣ ਸ਼ਫ਼ਰ

ਇਸ ਤਰ੍ਹਾਂ ਕੇਂਦਰ ਵਿਚ ਮੋਦੀ ਸਰਕਾਰ ਆਉਣ ਦੇ ਬਾਅਦ ਅਰਥਾਤ ਪਿਛਲੇ ਚਾਰ ਸਾਲਾਂ ਵਿਚ 18 ਰਾਜਾਂ ਵਿਚ ਚੋਣਾਂ ਹੋਈਆਂ। ਇਸ ਵਿਚ ਤਾਂ ਭਾਜਪਾ ਨੂੰ ਕੇਵਲ 5 ਰਾਜਾਂ ਵਿਚ ਪੂਰਨ ਬਹੁਮਤ ਮਿਲਿਆ। 6 ਰਾਜਾਂ ਵਿਚ ਉਸ ਨੇ ਸਹਿਯੋਗੀਆਂ ਦੇ ਨਾਲ ਸਰਕਾਰ ਬਣਾਈ ਹੈ। ਉਹੀ ਸੱਤ ਰਾਜਾਂ ਵਿਚ ਹੋਰ ਦਲਾਂ ਦੀ ਸਰਕਾਰ ਬਣੀ ਹੈ। ਜੇਕਰ ਅਸੀਂ ਸਾਲ ਦੇ ਹਿਸਾਬ ਨਾਲ ਗੱਲ ਕਰੀਏ 2014 ਵਿਚ ਆਧਰਾ ਪ੍ਰਦੇਸ਼, ਅਰੁਣਾਚਲ ਪ੍ਰਦ੍ਰੇਸ਼, ਹਰਿਆਣਾ, ਝਾਰਖੰਡ, ਮਹਾਂਰਾਸ਼ਟਰ, ਉੜੀਸਾ, ਸਿੱਕਮ ਤੇ ਜੰਮੂ ਕਸ਼ਮੀਰ ਕੁਲ ਨੌਂ ਰਾਜਾਂ ਵਿਚ ਚੋਣਾਂ ਹੋਈਆਂ। ਇਸ ਵਿਚੋਂ ਹਰਿਆਣਾ ਤੇ ਝਾਰਖੰਡ ਵਿਚ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਬਣੀ ਜਦ ਕਿ ਮਹਾਂਰਾਸ਼ਟਰ, ਜੰਮੂ ਕਸ਼ਮੀਰ ਤੇ ਸਿੱਕਮ ਵਿਚ ਭਾਜਪਾ ਨੇ ਗੱਠਜੋੜ ਵਾਲੀ ਸਰਕਾਰ ਬਣਾਈ। ਅਰੁਣਾਚਲ ਵਿਚ ਬਾਅਦ ਵਿਚ ਉਸ ਦੀ ਸਰਕਾਰ ਬਣ ਗਈ। 2015 ਵਿਚ ਦਿੱਲੀ ਤੇ ਬਿਹਾਰ ਵਿਚ ਵਿਧਾਨ ਸਭਾ ਚੋਣਾਂ ਹੋਈਆਂ, ਪਰ ਇਨ੍ਹਾਂ ਦੋਹਾਂ ਜਗ੍ਹਾ 'ਤੇ ਬੁਰੀ ਤਰ੍ਹਾਂ ਹਾਰ ਦਾ ਮੂਹ ਦੇਖਣਾ ਪਿਆ। ਹੁਣ ਇਹ ਅਲੱਗ ਗੱਲ ਹੈ ਕਿ ਬਿਹਾਰ ਵਿਚ ਜੇਡੀਯੂ ਨਾਲ ਗੱਠਜੋੜ ਕਰਕੇ ਭਾਜਪਾ ਸੱਤਾ ਵਿਚ ਹੈ। 2016 ਵਿਚ ਅਸਾਮ, ਕੇਰਲਾ, ਪੰਡੂਚੇਰੀ, ਤਾਮਿਲਨਾਡੂ ਤੇ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਹੋਈਆਂ, ਪਰ ਭਾਜਪਾ ਨੂੰ ਕਿਤੇ ਵੀ ਬਹੁਮਤ ਨਾ ਮਿਲਿਆ। ਸਿਰਫ ਅਸਾਮ ਵਿਚ ਉਹ ਗੱਠਜੋੜ ਦੀ ਸਰਕਾਰ ਬਣਾ ਸਕੀ। 2017 ਵਿਚ ਗੋਆ, ਗੁਜਰਾਤ, ਮਨੀਪੁਰ, ਪੰਜਾਬ, ਉੱਤਰ ਪ੍ਰਦੇਸ਼, ਉਤਰਾਖੰਡ, ਗੁਜਰਾਤ, ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਈਆਂ ਇਸ ਵਿਚ ਉਤਰ ਪ੍ਰਦੇਸ਼, ਉਤਰਾਖੰਡ, ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਨੇ ਬਹੁਮਤ ਵਾਲੀ ਸਰਕਾਰ ਬਣਾਈ। ਉਥੇ ਗੋਆ ਵਿਚ ਤੇ ਮਨੀਪੁਰ ਵਿਚ ਭਾਜਪਾ ਨੇ ਗੱਠਜੋੜ ਦੀ ਸਰਕਾਰ ਬਣਾਈ। 2018 ਵਿਚ ਹੁਣ ਤੱਕ ਮੇਘਾਲਿਆ, ਨਾਗਾਲੈਂਡ, ਤ੍ਰਿਪੁਰਾ ਤੇ ਕਰਨਾਟਕਾ ਵਿਚ ਚੋਣਾਂ ਹੋਈਆਂ ਹਨ। ਇਸ ਵਿਚ ਸਿਰਫ ਤ੍ਰਿਪੁਰਾ ਵਿਚ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਹੈ। ਜਦ ਕਿ ਮੇਘਾਲਿਆ ਤੇ ਨਾਗਾਲੈਂਡ ਵਿਚ ਉਹ ਸਰਕਾਰ ਵਿਚ ਸ਼ਾਮਲ ਹੈ ਤੇ ਕਰਨਾਟਕਾ ਵਿਚ ਵਿਰੋਧੀ ਧਿਰ ਵਿਚ ਹੈ।

## ਸ਼ਿਲਾਂਗ ਵਿਚ ਸਿੱਖਾਂ 'ਤੇ ਹਮਲੇ ਜਾਰੀ, ਕਰਫਿਊ ਲੱਗਿਆ

***ਸਫ਼ਾ ਇਕ ਦੀ ਬਾਕੀ***

ਸਿੱਖਾਂ, ਬੋਧੀਆਂ ਤੇ ਜੈਨੀਆਂ ਦੀ ਇਥੇ ਕੁਝ ਪ੍ਰਤੀਸ਼ਤ ਆਬਾਦੀ ਹੀ ਹੈ। ਖਾਸੀ ਕਬੀਲੇ ਦੇ ਲੋਕਾਂ ਤੋਂ ਇਲਾਵਾ ਇਥੇ ਦਰਜਨਾਂ ਹੀ ਉੱਤਰ-ਪੂਰਬ ਦੇ ਹਿੱਸੇ ਦੇ ਕਬਾਇਲੀ ਲੋਕ ਵੀ ਰਹਿੰਦੇ ਹਨ। ਇਨ੍ਹਾਂ ਵਿਚ ਨਾਗਾ, ਮਣੀਪੁਰੀ, ਕੁਕੀਜ਼ ਤੇ ਮੀਜ਼ੋ ਆਦਿ ਸ਼ਾਮਿਲ ਹਨ। ਮੇਘਾਲਿਆ ਵਿਚ ਆਸਾਮੀ, ਬੰਗਾਲੀ, ਨਿਪਾਲੀ, ਬਿਹਾਰੀ ਤੇ ਪੰਜਾਬੀ ਵੀ ਪਿਛਲੇ ਲੰਮੇ ਸਮੇਂ ਤੋਂ ਰਹਿ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ ਸ਼ਿਲਾਂਗ ਵਿਚ ਸਿੱਖ ਤੇ ਵਿਸ਼ੇਸ਼ ਤੌਰ 'ਤੇ ਦਲਿਤ ਸਿੱਖ ਲਗਪਗ ਪਿਛਲੇ 200 ਸਾਲ ਤੋਂ ਵਸੇ ਹੋਏ ਹਨ। ਅੰਗਰੇਜ਼ੀ ਹਕੂਮਤ ਦੇ ਸਮੇਂ ਇਨ੍ਹਾਂ ਨੂੰ ਵੱਡੀ ਗਿਣਤੀ ਵਿਚ ਕੰਮ ਕਰਨ ਲਈ ਬੁਲਾਇਆ ਗਿਆ ਸੀ। ਸਦੀਆਂ ਤੋਂ ਰਹਿ ਰਹੇ ਇਨ੍ਹਾਂ ਲੋਕਾਂ ਦਾ ਚਾਹੇ ਸਥਾਨਕ ਅਤੇ ਵਿਸ਼ੇਸ਼ ਤੌਰ 'ਤੇ ਖਾਸੀ ਭਾਈਚਾਰੇ ਨਾਲ ਮੇਲਜੋਲ ਬਣਿਆ ਰਿਹਾ ਹੈ ਪਰ ਸਮੇਂ ਦੇ ਬੀਤਣ ਨਾਲ ਕੁਝ ਸਥਾਨਕ ਲੋਕਾਂ ਦੇ ਹਿਤ ਇਨ੍ਹਾਂ ਨਾਲ ਟਕਰਾਉਣੇ ਸ਼ੁਰੂ ਹੋ ਗਏ ਹਨ। ਇਸੇ ਲਈ ਕਈ ਦਹਾਕਿਆਂ ਤੋਂ ਪੰਜਾਬੀ ਲਾਈਨ ਦੇ ਇਲਾਕੇ ਨਾਲ ਜਾਣੇ-ਜਾਂਦੇ ਇਥੇ ਵਸੇ ਬਹੁਤੇ ਸਿੱਖ ਤੇ ਪੰਜਾਬੀਆਂ ਨੂੰ ਇਸ ਇਲਾਕੇ ਵਿਚੋਂ ਕੱਢ ਕੇ ਬਾਹਰਲੇ ਇਲਾਕਿਆਂ ਵਿਚ ਭੇਜੇ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਕਿਉਂਕਿ ਪੰਜਾਬੀ ਲਾਈਨ ਦਾ ਇਹ ਇਲਾਕਾ ਵੱਡੇ ਮਹਾਂਨਗਰ ਦੇ ਰੂਪ ਵਿਚ ਫੈਲ ਚੁੱਕੇ ਸ਼ਿਲਾਂਗ ਦੇ ਵਿਚਕਾਰ ਆ ਚੁੱਕਾ ਹੈ। ਸਰਕਾਰ ਵੀ ਅਤੇ ਸਥਾਨਕ ਲੋਕ ਵੀ ਇਥੇ ਚੰਗੇ ਬਾਜ਼ਾਰ ਉਸਾਰਨਾ ਚਾਹੁੰਦੇ ਹਨ ਅਤੇ ਇਸੇ ਲਈ ਉਨ੍ਹਾਂ ਦਾ ਪੰਜਾਬੀ ਅਤੇ ਸਿੱਖ ਭਾਈਚਾਰੇ ਨਾਲ ਇਹ ਤਣਾਅ ਬਣਿਆ ਰਿਹਾ ਹੈ। ਖਾਸੀ ਭਾਈਚਾਰੇ ਦੀ ਗਿਣਤੀ ਇਥੇ ਬਹੁਤ ਵੱਡੀ ਹੈ। ਉਨ੍ਹਾਂ ਦੀਆਂ ਵੋਟਾਂ ਨਾਲ ਹੀ ਇਥੇ ਵਿਧਾਇਕ ਚੁਣਿਆ ਜਾਂਦਾ ਹੈ, ਜਿਸ ਕਰਕੇ ਸਰਕਾਰੇ-ਦਰਬਾਰੇ ਉਨ੍ਹਾਂ ਦੀ ਵਧੇਰੇ ਪੁੱਛ-ਪ੍ਰਤੀਤ ਹੈ। ਸ਼੍ਰੋਮਣੀ ਕਮੇਟੀ ਦੇ ਵਫ਼ਦ ਅਨੁਸਾਰ ਇਥੇ ਡੇਢ ਏਕੜ ਜਗ੍ਹਾ ਵਿਚ 350 ਸਿੱਖ ਦਲਿਤ ਪਰਿਵਾਰ ਰਹਿ ਰਹੇ ਹਨ। ਇਹ ਜਗ੍ਹਾ ਵਪਾਰਕ ਤੌਰ 'ਤੇ ਬਹੁਤ ਮਹਿੰਗੀ ਹੋ ਗਈ ਹੈ, ਜਿਸ ਕਰਕੇ ਖ਼ਾਸੀ ਭਾਈਚਾਰੇ ਦੇ ਲੋਕ ਸਿੱਖਾਂ ਦੀ ਚੜ੍ਹਤ ਵੇਖ ਕੇ ਉਨ੍ਹਾਂ ਦੇ ਖ਼ਿਲਾਫ਼ ਹਨ ਤੇ ਇਹ ਜਗ੍ਹਾ ਖ਼ਾਲੀ ਕਰਵਾਉਣੀ ਚਾਹੁੰਦੇ ਹਨ। ਹਾਲਾਂਕਿ ਇਸ ਜਗ੍ਹਾ ਬਾਰੇ ਸਾਰੇ ਕੇਸ ਇਥੋਂ ਦੇ ਸਿੱਖ ਹਾਈਕੋਰਟ ਤੱਕ ਜਿੱਤ ਚੁੱਕੇ ਹਨ। ਪਰ ਸਰਕਾਰ ਅਜੇ ਵੀ ਪਟਾਨਾਮਾ ਸਿੱਖਾਂ ਦੇ ਨਾਂਅ ਕਰਨ ਨੂੰ ਤਿਆਰ ਨਹੀਂ। ਇਸ ਲਈ ਸ਼੍ਰੋਮਣੀ ਕਮੇਟੀ ਦਾ ਵਫ਼ਦ ਮੁੱਖ ਮੰਤਰੀ ਕੋਨਾਰਡ ਸੰਗਮਾ ਨੂੰ ਮਿਲੇਗਾ। ਪੁਲਿਸ ਨੂੰ ਭੀੜ 'ਤੇ ਕਾਬੂ ਪਾਉਣ ਲਈ ਅੱਥਰੂ ਗੈਸ ਦੇ ਗੋਲੇ ਵੀ ਸੁੱਟਣੇ ਪਏ, ਜਿਸ ਦੇ ਬਾਅਦ ਇਲਾਕੇ ਵਿਚ ਮੁੜ ਕਰਫ਼ਿਊ ਲਗਾ ਦਿੱਤਾ ਗਿਆ। ਫ਼ੌਜ ਨੇ ਸ਼ਿਲਾਂਗ ਵਿਚ ਫਲੈਗ ਮਾਰਚ ਕੀਤਾ।

## ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਨੇ ਅਜ਼ਾਦ ਸਿੱਖ ਰਾਜ ਦਾ ਅਹਿਦ ਦੁਹਰਾਇਆ

ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ 20 ਹਜ਼ਾਰ ਦੇ ਲੱਗਭਗ ਸਿੱਖ ਸੰਗਤਾਂ ਵਲੋ ਇਸ ਮੌਕੇ ਹਾਜ਼ਰੀ ਭਰੀ ਗਈ । ਸਿੱਖ ਸੰਗਤਾਂ ਅਤੇ ਜਥੇਬੰਦੀਆਂ ਵਲੋਂ ਭਾਰਤ ਸਰਕਾਰ ਖਿਲਾਫ ਰੋਸ, ਰੋਹ ਅਤੇ ਵਿਦਰੋਹ ਦੀ ਭਾਵਨਾ ਪ੍ਰਚੰਡ ਕੀਤੀ ਗਈ ।

ਸਿੱਖ ਨੌਜਵਾਨਾਂ ਦੀ ਵੱਡੀ ਗਿਣਤੀ ਇਸ ਗੱਲ ਦਾ ਪ੍ਰਮਾਣ ਸੀ ਕਿ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਦੀ ਲਹਿਰ ਸਦਾ ਹੀ ਪ੍ਰਚੰਡ ਰਹੇਗੀ ਅਤੇ ਸਰਕਾਰਾਂ ਦਾ ਜ਼ੁਲਮ ਸਿੱਖ ਕੌਮ ਨੂੰ ਦਬਾ ਨਹੀਂ ਸਕੇਗਾ । ਦੁਪਿਹਰ ਦੇ 1:00 ਵਜੇ ਪੰਜ ਸਿੰਘਾਂ ਦੀ ਅਗਵਾਈ ਵਿੱਚ ਰੋਸ ਮਾਰਚ ਬਰਤਾਨੀਆ ਦੀ ਮਹਾਰਾਣੀ ਦੇ ਮਹਿਲਾਂ ਲਾਗਿਉਂ ਗੁਜ਼ਰਦਾ ਹੋਇਆ 'ਖਾਲਿਸਤਾਨ ਜਿੰਦਾਬਾਦ' ਅਤੇ "ਸੰਤ ਭਿੰਡਰਾਂਵਾਲਿਆਂ ਦੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ" ਵਰਗੇ ਅਕਾਸ਼ ਗੂੰਜਾਊ ਨਾਹਰੇ ਮਾਰਦਾ ਹੋਇਆ ਢਾਈ ਵਜੇ ਟਰੈਫਾਲਗਰ ਸੁਕਏਅਰ ਵਿਖੇ ਪੁੱਜਾ ਜਿੱਥੇ ਸ਼ਾਮ ਦੇ 5:00 ਵਜੇ ਤੱਕ ਹੱਕ ਸੱਚ ਇਨਸਾਫ ਅਤੇ ਅਜਾਦੀ ਦੇ ਵਿਸ਼ਿਆਂ ਤੇ ਰੈਲੀ ਕੀਤੀ ਗਈ । ਸਟੇਜ ਦੀ ਕਾਰਵਾਈ ਨੌਜਵਾਨ ਭਾਈ ਜਸ ਸਿੰਘ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਚਲਾਈ ਗਈ । ਹਾਈਡ ਪਾਰਕ ਅਤੇ ਟਰੈਫਾਲਗਰ ਸੁਕਏਅਰ ਵਿਖੇ ਸਿੱਖ ਸੰਗਤਾਂ ਨੂੰ ਹੋਰਨਾਂ ਤੋਂ ਇਲਾਵਾ ਨੌਜਵਾਨ ਭਾਈ ਜਗਜੀਤ ਸਿੰਘ ਜੀਤਾ ਸਿੱਖ ਫੈਡਰੇਸ਼ਨ ਦੇ ਆਗੂ ਭਾਈ ਦਵਿੰਦਰਜੀਤ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ,ਕੇ ਦੇ ਪ੍ਰਧਾਨ ਭਾਈ ਜਸਪਾਲ ਸਿੰਘ ਬੈਂਸ, ਭਾਈ ਰਜਿੰਦਰ ਸਿੰਘ ਚਿੱਟੀ, ਭਾਈ ਮੰਗਲ ਸਿੰਘ , ਧਰਮਯੁੱਧ ਜਥਾ ਦਮਦਮੀ ਟਕਸਾਲ ਦੇ ਮੁਖੀ ਜਥੇਦਾਰ ਚਰਨ ਸਿੰਘ, ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਨਯੁਨਾਈਟਿਡ ਖਾਲਸਾ ਦਲ ਯੂ.ਕੇ. ਦੇ ਭਾਈ ਨਿਰੰਜਨ ਸਿੰਘ ਬਾਸੀ, ਭਾਈ ਮਨਜੀਤ ਸਿੰਘ ਖਾਨੋਵਾਲ, ਭਾਈ ਬਲਜਿੰਦਰ ਸਿੰਘ, ਬੀਬੀ ਅਵਨੀਤ ਕੌਰ, ਖਾਲਿਸਤਾਨ ਕਮਾਂਡੋ ਫੋਰਸ ਦੇ ਪਹਿਲੇ ਮੁਖੀ ਭਾਈ ਮਨਬੀਰ ਸਿੰਘ ਚਹੇੜੂ ਦੀ ਮਾਤਾ ਬੀਬੀ ਸੁਰਜੀਤ ਕੌਰ, ਭਾਈ ਅਵਤਾਰ ਸਿੰਘ ਖੰਡਾ ਸਪੁੱਤਰ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ, ਭਾਈ ਗੁਰਪ੍ਰੀਤ ਸਿੰਘ ਸਪੁੱਤਰ ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ, ਭਾਈ ਬੌਬੀ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਪੋਤਰੇ ਗਿਆਨੀ ਅਵਤਾਰ ਸਿੰਘ ਬੱਧਨੀ, ਭਾਈ ਹਰਜੀਤ ਸਿੰਘ ਸਰਪੰਚ, ਭਾਈ ਇੰਦਰ ਸਿੰਘ ਜੰਮੂ ਅਤੇ ਮੇਜਰ ਸਿੰਘ ਖੱਖ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਕੀਤੀ ਗਈ ਵਿਸ਼ੇਸ਼ ਮੀਟਿੰਗ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਬਰਗਾੜੀ ਵਿਖੇ ਵਿੱਢੇ ਗਏ ਮੋਰਚੇ ਦਾ ਡੱਟ ਕੇ ਸਮਰਥਨ ਕਰਦਿਆਂ ਪੰਜਾਬ ਭਰ ਦੇ ਸਿੱਖਾਂ ਨੂੰ ਉਹਨਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ ਤਾਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਤੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਦੇ ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਜਾ ਸਕਣ ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE !
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਵਿਰਾਸਤ ਇਸਲਾਮ ਵਿੱਚ ਰੋਜ਼ੇ ਦੀ ਕਦਰੋ-ਕੀਮਤ

**ਪ੍ਰਿੰਸੀਪਲ ਯਾਸੀਨ ਅਲੀ**
(ਸੰਪਰਕ: 92565-57957)

ਫਾਕਾ ਕਰਨਾ ਚੰਗੀ ਗੱਲ ਹੈ। ਤਿੰਨ ਚਾਰ ਦਿਨ ਛੱਡ ਕੇ ਇੱਕ ਵਕਤ ਭੁੱਖੇ ਰਹਿਣਾ ਮਿਹਦੇ ਨੂੰ ਠੀਕ ਰੱਖਦਾ ਹੈ। ਇਹ ਇਨਸਾਨ ਨੂੰ ਤੰਦਰੁਸਤ ਰਹਿਣ ਵਿੱਚ ਸਹਾਇਕ ਹੁੰਦਾ ਹੈ। ਜੇਕਰ ਫਾਕਾ (ਭੁੱਖ) ਬਰਦਾਸ਼ਤ ਕਰਨ ਦੀ ਆਦਤ ਹੈ ਤਾਂ ਅਸੀਂ ਕਿਸੇ ਵੀ ਸਫਰ ਵਿੱਚ ਪ੍ਰੇਸ਼ਾਨ ਨਹੀਂ ਹੋ ਸਕਦੇ। ਇਸ ਤੋਂ ਇਲਾਵਾ ਭੁੱਖ ਬਰਦਾਸ਼ਤ ਕਰਨ ਨਾਲ ਸਾਡੇ ਅੰਦਰ ਉਨ੍ਹਾਂ ਗਰੀਬਾਂ ਪ੍ਰਤੀ ਹਮਦਰਦੀ ਪੈਦਾ ਹੁੰਦੀ ਹੈ ਜੋ ਭੁੱਖੇ ਰਹਿਣ ਲਈ ਮਜਬੂਰ ਹਨ ਕਿਉਂਕਿ ਭੁੱਖ ਨਾਲ ਰੂਹਾਨੀ ਤਾਜ਼ਗੀ ਮਿਲਦੀ ਹੈ ਅਤੇ ਰੱਬ ਦੀ ਯਾਦ ਵਿੱਚ ਦਿਲ ਲਗਦਾ ਹੈ। ਇਸਲਾਮ ਧਰਮ ਵਿੱਚ ਇਸ ਆਦਤ ਦੀ ਬੜੀ ਤਾਰੀਫ ਕੀਤੀ ਗਈ ਹੈ ਪਰ ਇਹ ਜ਼ਰੂਰੀ ਹੈ ਇਹ ਸਭ ਕੁਝ ਕਰਨਾ, ਰੱਬ ਦੇ ਹੁਕਮ ਅਤੇ ਹਜ਼ਰਤ ਮੁਹੰਮਦ ਦੇ ਤਰੀਕੇ ਮੁਤਾਬਿਕ ਹੋਵੇ। ਇਸਲਾਮ ਅਨੁਸਾਰ ਆਖਰਤ ਦੀ ਜ਼ਿੰਦਗੀ ਦੁਨੀਆ ਦੀ ਜ਼ਿੰਦਗੀ ਦੇ ਮੁਕਾਬਿਲ ਬਹੁਤ ਵੱਡੀ ਹੈ, ਇਸ ਲਈ ਸਾਡਾ ਭੁੱਖਾ ਰਹਿਣਾ ਅਜਿਹਾ ਹੋਵੇ ਜੋ ਆਖਰਤ ਵਿੱਚ ਕੰਮ ਆ ਸਕੇ। ਰੋਜ਼ਾ ਆਪਣੇ-ਆਪ ਨੂੰ ਸੱਚੇ ਰੱਬ ਲਈ ਹਰ ਚੀਜ਼ ਤੋਂ ਅਲੱਗ ਕਰ ਲੈਣ ਅਤੇ ਮੁਕੰਮਲ ਤੌਰ 'ਤੇ ਰੱਬ ਵੱਲ ਮੁੜਨ ਦਾ ਨਾਂ ਹੈ। ਇਸਲਾਮ ਵਿੱਚ ਨਮਾਜ਼ ਤੋਂ ਬਾਅਦ ਰੋਜ਼ੇ ਦਾ ਹੀ ਨੰਬਰ ਆਉਂਦਾ ਹੈ, ਜੋ ਅੱਲਾ ਨੇ ਮੁਸਲਮਾਨਾਂ ਲਈ ਜ਼ਰੂਰੀ (ਫਰਜ਼) ਕੀਤੇ ਹਨ। ਨਮਾਜ਼ ਦੀ ਤਰ੍ਹਾਂ ਇਹ ਇਬਾਦਤ ਵੀ ਸ਼ੁਰੂ ਦਿਨ ਤੋਂ ਸਾਰੇ ਨਬੀਆਂ ਦੇ ਪੈਰੋਕਾਰਾਂ 'ਤੇ ਫਰਜ਼ ਰਹੀ ਹੈ।

ਰੋਜ਼ਾ ਹਰ ਸਾਲ ਪੂਰੇ ਇੱਕ ਮਹੀਨੇ ਲਈ 'ਸ਼ਰੀਅਤ-ਏ-ਮੁਹੰਮਦੀਆ' ਅਨੁਸਾਰ ਆਪਣੀ ਜ਼ਿੰਦਗੀ ਨੂੰ ਗੁਜ਼ਾਰਨ ਦੇ ਮਕਸਦ ਨਾਲ ਟ੍ਰੇਨਿੰਗ ਪੀਰੀਅਡ ਲੈ ਕੇ ਆਉਂਦਾ ਹੈ। ਪੂਰਾ ਮਹੀਨਾ ਸਵੇਰੇ ਸਹਿਰੀ ਲਈ ਉੱਠੋ, ਤੈਅਸ਼ੁਦਾ ਸਮੇਂ 'ਤੇ ਖਾਣਾ-ਪੀਣਾ ਛੱਡ ਦਿਓ, ਸ਼ਾਮ ਨੂੰ ਫਿਰ ਤੈਅਸ਼ੁਦਾ ਸਮੇਂ 'ਤੇ ਰੋਜ਼ਾ ਇਫਤਾਰ (ਖੋਲ੍ਹੋ) ਕਰੋ, ਫਿਰ ਤਰਾਵੀਹ ਲਈ ਮਸਜਿਦ 'ਚ ਜਾਓ ਆਦਿ। ਇਸੇ ਤਰ੍ਹਾਂ ਹਰ ਸਾਲ ਮੁਸਲਮਾਨਾਂ ਨੂੰ ਇੱਕ ਫੌਜੀ ਦੀ ਤਰ੍ਹਾਂ ਸਖਤ ਕਾਨੂੰਨਾਂ ਤਹਿਤ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਫਿਰ ਸਾਲ ਦੇ ਬਾਕੀ ਗਿਆਰਾਂ ਮਹੀਨਿਆਂ ਲਈ ਅਜ਼ਾਦ ਛੱਡ ਦਿੱਤਾ ਜਾਂਦਾ ਹੈ ਤਾਂਕਿ ਜੋ ਟ੍ਰੇਨਿੰਗ ਉਸ ਨੇ ਇੱਕ ਮਹੀਨੇ 'ਚ ਲਈ ਹੈ ਉਸ ਦਾ ਫਾਇਦਾ ਖੁਦ ਨੂੰ ਤੇ ਦੂਜੇ ਲੋਕਾਂ ਨੂੰ ਪਹੁੰਚ ਸਕੇ। ਅਲਾਮਾ ਇਬਨੇ ਜਾਫਰੀ 'ਬਸਤਾਨ-ਉਲ-ਵਾਜ਼ੇਨ' ਵਿੱਚ ਲਿਖਦੇ ਹਨ ਕਿ ਸਾਲ ਦੇ ਬਾਰਾਂ ਮਹੀਨੇ ਹਜ਼ਰਤ ਯਾਕੂਬ ਦੇ ਬਾਰਾਂ ਪੁੱਤਰਾਂ ਦੀ ਤਰ੍ਹਾਂ ਹਨ। ਉਨ੍ਹਾਂ 'ਚੋਂ ਜਿਵੇਂ ਹਜ਼ਰਤ ਯੂਸਫ ਉਨ੍ਹਾਂ ਨੂੰ ਸਭ ਤੋਂ ਵੱਧ ਪਿਆਰੇ ਸਨ, ਉਸੇ ਤਰ੍ਹਾਂ ਅੱਲਾ ਨੂੰ ਵੀ ਰਮਜ਼ਾਨ ਦਾ ਮਹੀਨਾ ਸਾਰੇ ਮਹੀਨਿਆਂ ਤੋਂ ਜ਼ਿਆਦਾ ਮਹਿਬੂਬ ਹੈ। ਯੂਸਫ ਦੀ ਦੂਆ ਸਦਕਾ ਜਿਸ ਤਰ੍ਹਾਂ ਅੱਲਾ ਨੇ ਉਸ ਦੇ ਬਾਕੀ ਗਿਆਰਾਂ ਭਰਾਵਾਂ ਨੂੰ ਮੁਆਫ ਕਰ ਦਿੱਤਾ ਸੀ, ਠੀਕ ਉਸੇ ਤਰ੍ਹਾਂ ਸੱਚਾ ਰੱਬ ਰਮਜ਼ਾਨ ਦੀ ਬਦੌਲਤ ਬਾਕੀ ਗਿਆਰਾਂ ਮਹੀਨਿਆਂ ਦੇ ਗੁਨਾਹ ਬਖਸ਼ ਦੇਵੇਗਾ। ਹਜ਼ਰਤ ਮੁਹੰਮਦ ਫਰਮਾਉਂਦੇ ਹਨ ਕਿ ਰਜਬ ਅੱਲਾ ਦਾ ਮਹੀਨਾ ਹੈ, ਸ਼ਬਾਨ ਮੇਰਾ ਮਹੀਨਾ ਹੈ ਅਤੇ ਰਮਜ਼ਾਨ ਮੇਰੀ ਉੱਮਤ ਦਾ ਮਹੀਨਾ ਹੈ। ਰਜਬ ਦਾ ਦਰਜਾ ਬਾਕੀ ਮਹੀਨਿਆਂ 'ਚ ਅਜਿਹਾ ਹੈ, ਜਿਵੇਂ ਕੁਰਆਨ ਸ਼ਰੀਫ ਦਾ ਬਾਕੀ ਕਿਤਾਬਾਂ 'ਚ। ਸ਼ਬਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਅਜਿਹਾ ਹੈ ਜਿਵੇਂ ਜੈਸਾ ਸਾਰਿਆਂ ਨਬੀਆਂ 'ਚ ਮੇਰਾ ਅਤੇ ਰਮਜ਼ਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਅਜਿਹਾ ਹੈ, ਜਿਵੇਂ ਅੱਲਾ ਦਾ ਪੂਰੀ ਇਨਸਾਨੀਅਤ 'ਚ। ਹਜ਼ੂਰ ਨੇ ਹੋਰ ਫਰਮਾਇਆ ਕਿ ਜੇਕਰ ਮੇਰੀ ਉੱਮਤ ਨੂੰ ਪਤਾ ਚੱਲ ਜਾਵੇ ਕਿ ਰਮਜ਼ਾਨ ਕੀ ਚੀਜ਼ ਹੈ ਤਾਂ ਮੇਰੀ ਉੱਮਤ ਇਹ ਤਮੰਨਾ ਕਰੇਗੀ ਕਿ ਸਾਰਾ ਸਾਲ ਰਮਜ਼ਾਨ ਹੀ ਹੋ ਜਾਵੇ।

ਰੱਬ ਨੇ ਰਮਜ਼ਾਨ ਦੇ ਮਹੀਨੇ ਵਿੱਚ ਸਵੇਰੇ ਪਹੁ ਫੁੱਟਣ ਤੋਂ ਸੂਰਜ ਛਿਪਣ ਤੱਕ ਭੁੱਖੇ ਰਹਿਣ ਅਤੇ ਨਫਸਾਨੀ ਚਾਹਤਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ ਹੈ, ਇਸ ਦਾ ਨਾਂ ਹੀ ਰੋਜ਼ਾ ਹੈ।

ਹੁਣ ਮਸਲਾ ਇਹ ਉੱਠਦਾ ਹੈ ਕਿ ਰੱਬ ਸਾਨੂੰ ਭੁੱਖਾ ਕਿਉਂ ਰੱਖਣਾ ਚਾਹੁੰਦਾ ਹੈ ਅਤੇ ਇਸ ਦੇ ਬਦਲੇ ਰੱਬ ਸਾਨੂੰ ਕੀ ਦੇਣਾ ਚਾਹੁੰਦਾ ਹੈ। ਰੱਬ ਫਰਮਾਉਂਦਾ ਹੈ ਕਿ ਮੈਂ ਇਨਸਾਨ ਨੂੰ ਨੇਕ ਅਤੇ ਪਰਹੇਜ਼ਗਾਰ ਬਨਾਉਣਾ ਚਾਹੁੰਦਾ ਹਾਂ। ਇਸੇ ਲਈ ਰੱਬ ਨੇ ਸਾਨੂੰ ਰੋਜ਼ੇ ਦਾ ਹੁਕਮ ਦਿੱਤਾ ਹੈ। ਯਾਦ ਰਹੇ ਰੱਬ ਕਿਸੇ ਨੂੰ ਬਰਬਾਦ ਨਹੀਂ ਕਰਨਾ ਚਾਹੁੰਦਾ। ਰੱਬ ਨੇ ਇਨਸਾਨ ਨੂੰ ਰੋਜ਼ੇ ਦੇ ਬਦਲੇ ਵੱਡੇ-ਵੱਡੇ ਇਨਾਮ ਦੇਣ ਦਾ ਵਾਅਦਾ ਕੀਤਾ ਹੈ। ਰੱਬ ਕਹਿੰਦਾ ਹੈ ਕਿ ਹਰੇਕ ਨੇਕ ਕੰਮ ਦਾ ਸਵਾਬ (ਬਦਲਾ) ਦਸ ਗੁਣਾ ਹੁੰਦਾ ਹੈ ਅਤੇ ਇਸ ਤੋਂ ਵੱਧ ਸੱਤ ਸੌ ਗੁਣਾ ਤੱਕ ਹੋ ਸਕਦਾ ਹੈ ਪਰ ਰੋਜ਼ਾ ਇਸ ਤੋਂ ਅਲੱਗ ਹੈ। ਇਸ ਦੇ ਸਵਾਬ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕੁੱਝ ਇਲਮ ਦੇ ਜਾਨਣ ਵਾਲੇ ਇਉਂ ਕਹਿੰਦੇ ਹਨ ਕਿ ਬੰਦਾ ਜਦੋਂ ਰੋਜ਼ਾ ਰੱਖਦਾ ਹੈ ਤਾਂ ਉਹ ਭੁੱਖਾ ਰਹਿਣ ਦੇ ਨਾਲ-ਨਾਲ ਕਈ ਤਰਾਂ ਦੀਆਂ ਨਫਸਾਨੀ ਚਾਹਤਾਂ ਤੋਂ ਵੀ ਦੂਰ ਰਹਿੰਦਾ ਹੈ। ਇਸਲਾਮ ਦੇ ਆਖਰੀ ਨਬੀ ਹਜ਼ਰਤ ਮੁਹੰਮਦ ਫਰਮਾਉਂਦੇ ਹਨ ਕਿ ਜੰਨਤ ਦੇ ਅੱਠ ਦਰਵਾਜ਼ਿਆਂ ਵਿੱਚੋਂ ਇੱਕ ਦਰਵਾਜ਼ਾ ਸਿਰਫ ਰੋਜ਼ੇਦਾਰਾਂ ਲਈ ਹੈ ਅਤੇ ਜੋ ਬੰਦਾ ਇੱਕ ਵਾਰ ਇਸ ਦਰਵਾਜ਼ੇ ਵਿੱਚੋਂ ਲੰਘ ਗਿਆ ਤਾਂ ਉਸ ਨੂੰ ਕਦੇ ਵੀ ਭੁੱਖ ਜਾਂ ਪਿਆਸ ਮਹਿਸੂਸ ਨਹੀਂ ਹੋਵੇਗੀ।

# ਪੰਜਾਬ ਲਈ ਕੈਨੇਡਾ ਦੀ ਪੁਲੀਸ ਦੇ ਸਬਕ

**ਨਿਰਮਲ ਸੰਧੂ**
(ਲੇਖਕ ਸੀਨੀਅਰ ਪੱਤਰਕਾਰ ਹੈ)





ਵੱਖ ਵੱਖ ਮਸਲਿਆਂ ਬਾਰੇ ਅਕਸਰ ਖ਼ਾਮੋਸ਼ ਰਹਿਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਹਫ਼ਤੇ ਕੈਨੇਡਾ ਵਿੱਚ ਭਾਰਤੀ ਰੈਸਤਰਾਂ ਵਿਚ ਹੋਏ ਧਮਾਕੇ ਦੀ ਨਿੰਦਾ ਕਰਨ ਲਈ ਰੱਤੀ ਭਰ ਵੀ ਸਮਾਂ ਨਹੀਂ ਲਾਇਆ। ਉਨ੍ਹਾਂ ਇਸ ਨੂੰ ਦਹਿਸ਼ਤਪਸੰਦੀ ਦਾ ਕਾਰਾ ਕਰਾਰ ਦਿੱਤਾ; ਹਾਲਾਂਕਿ ਉੱਥੋਂ ਦੀ ਪੁਲੀਸ ਨੇ ਅਜਿਹੀ ਸੰਭਾਵਨਾ ਤੋਂ ਸਾਫ਼ ਇਨਕਾਰ ਕੀਤਾ ਸੀ। ਅਖ਼ਬਾਰਾਂ ਨੇ ਵੀ ਆਪਣੀਆਂ ਖ਼ਬਰਾਂ ਵਿੱਚ ਪੁਲੀਸ ਮੁਤਾਬਿਕ, ਫ਼ਿਲਹਾਲ ਦਹਿਸ਼ਤਪਸੰਦੀ ਜਾਂ ਨਫ਼ਰਤੀ ਅਪਰਾਧ ਦਾ ਕੋਈ ਸਬੂਤ ਨਹੀਂ ਹੀ ਲਿਖਿਆ ਸੀ। ਕੈਪਟਨ ਅਮਰਿੰਦਰ ਸਿੰਘ ਕੈਨੇਡਾ ਦੇ ਲੀਡਰਾਂ ਤੋਂ ਵੀ ਪਹਿਲਾਂ ਬੋਲ ਪਏ ਅਤੇ ਸਾਰੇ ਸੰਸਾਰ ਨੂੰ ਦਹਿਸ਼ਤਪਸੰਦੀ ਦੇ ਖ਼ਤਰਿਆਂ ਬਾਰੇ ਪ੍ਰਵਚਨ ਕਰਨ ਲੱਗ ਪਏ।

ਅਗਲੇ ਦਿਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਇਸ ਮਸਲੇ ਬਾਰੇ ਬੋਲੇ ਪਰ ਉਨ੍ਹਾਂ ਦਹਿਸ਼ਤਪਸੰਦੀ ਬਾਰੇ ਗੱਲ ਨਹੀਂ ਕੀਤੀ ਸਗੋਂ ਪੀੜਤਾਂ ਨਾਲ ਇਕਜੁੱਟਤਾ ਪ੍ਰਗਟਾਈ। ਸੰਸਾਰ ਭਰ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਵਧਾ-ਚੜ੍ਹਾ ਕੇ ਕੀਤੀ ਗੱਲ ਅਤੇ ਪ੍ਰਚਾਰ, ਦਹਿਸ਼ਤਪਸੰਦੀ ਅਤੇ ਦਹਿਸ਼ਤਪਸੰਦਾਂ ਦੇ ਨਿਸ਼ਾਨਿਆਂ ਦੀ ਪੂਰਤੀ ਕਰਨ ਨੂੰ ਹੀ ਹਵਾ ਦਿੰਦਾ ਹੈ। ਦਹਿਸ਼ਤਪਸੰਦੀ ਪੰਜਾਬ ਵਿੱਚ ਕੋਈ ਮਸਲਾ ਨਹੀਂ ਅਤੇ ਮੁੱਖ ਮੰਤਰੀ ਇਕੱਲੇ ਹੀ ਇਸ ਬਾਰੇ ਬਿਆਨ ਦਾਗ਼ ਰਹੇ ਹਨ। ਨਾ ਕਾਂਗਰਸੀ ਆਗੂ ਅਤੇ ਨਾ ਹੀ ਵਿਰੋਧੀ ਧਿਰ ਦੇ ਆਗੂ ਇਸ ਨੂੰ ਬਹੁਤਾ ਗ਼ੌਲ ਰਹੇ ਹਨ। ਫਰਵਰੀ ਵਿਚ ਟਰੂਡੋ ਨਾਲ ਮੁਲਾਕਾਤ ਦੌਰਾਨ ਵੀ ਕੈਪਟਨ ਨੇ ਖ਼ਾਲਿਸਤਾਨੀਆਂ ਨਾਲ ਸੰਬੰਧਤ ਦਹਿਸ਼ਤਪਸੰਦੀ ਦਾ ਮਸਲਾ ਉਠਾਇਆ ਸੀ, ਜਿਸ ਦੀ ਚਰਚਾ ਦੇਸ਼-ਵਿਦੇਸ਼ ਵਿੱਚ ਖ਼ੂਬ ਹੋਈ ਸੀ। ਇਸ ਤੋਂ ਵੱਖਵਾਦੀ ਵੀ ਬਾਗ਼ੋ-ਬਾਗ਼ ਸਨ।

ਕੇਂਦਰੀ ਗ੍ਰਹਿ ਮੰਤਰੀ ਨਾਲ ਹਾਲ ਹੀ ਵਿਚ ਹੋਈ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਦਹਿਸ਼ਤਪਸੰਦੀ ਦੇ ਮੁੜ ਸਿਰ ਚੁੱਕਣ ਦੇ ਟਾਕਰੇ ਲਈ ਕੋਈ ਰਣਨੀਤੀ ਘੜਨ ਦੀ ਮੰਗ ਰੱਖੀ ਸੀ। ਮੁਲਕ ਭਰ ਦੇ ਮੀਡੀਆ ਨੇ ਇਸ ਮੀਟਿੰਗ ਦਾ ਨੋਟਿਸ ਲਿਆ। ਜਦੋਂ ਵੀ ਕਿਤੇ ਖ਼ਾਲਿਸਤਾਨ ਜਾਂ ਦਹਿਸ਼ਤਪਸੰਦੀ ਨਾਲ ਸਬੰਧਤ ਗ੍ਰਿਫ਼ਤਾਰੀਆਂ ਹੁੰਦੀਆਂ ਹਨ ਤਾਂ ਆਮ ਤੌਰ 'ਤੇ ਸਰਕਾਰੀ ਬਿਆਨ ਜਾਰੀ ਹੁੰਦੇ ਹੀ ਹਨ। ਮੁੱਦਿਆਂ ਦੀ ਤੋਟ ਦਾ ਸ਼ਿਕਾਰ ਮੀਡੀਆ, ਅਜਿਹੀਆਂ ਰਿਪੋਰਟਾਂ ਰਤਾ ਵਧਾ-ਚੜ੍ਹਾ ਕੇ ਨਸ਼ਰ ਕਰਦਾ ਹੈ, ਜਿਸ ਨਾਲ ਡਰ ਅਤੇ ਅਨਿਸ਼ਚਿਤਤਾ ਵਾਲਾ ਮਾਹੌਲ ਬਣਦਾ ਹੈ। ਇਕ ਪਾਸੇ ਤਾਂ ਮੁੱਖ ਮੰਤਰੀ ਸਨਅਤਾਂ ਨੂੰ ਲੁਭਾਉਣ ਖ਼ਾਤਿਰ ਛੋਟਾਂ ਦੇ ਰਹੇ ਹਨ; ਦੂਜੇ ਬੰਨੇ ਇਹ ਪ੍ਰਭਾਵ ਦੇ ਰਹੇ ਹਨ ਕਿ ਪੰਜਾਬ ਵਿੱਚ ਅਮਨ-ਅਮਾਨ ਨਹੀਂ ਹੈ।

ਉਂਜ ਵੀ, ਜੇ ਸ਼ਾਂਤੀ ਨੂੰ ਕੋਈ ਖ਼ਤਰਾ ਹੈ ਤਾਂ ਇਹ ਪੁਲੀਸ ਦਾ ਕੰਮ ਹੈ ਕਿ ਉਹ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਅਨਸਰਾਂ ਖਿਲਾਫ਼ ਚੁੱਪ-ਚਾਪ ਕਾਰਵਾਈ ਕਰੇ। ਮੀਡੀਆ ਕੋਲ ਜਾਣ ਜਾਂ ਅਫ਼ਵਾਹਾਂ ਫੈਲਾਉਣ ਦੀ ਤੁੱਕ ਹੀ ਕੋਈ ਨਹੀਂ ਹੈ। ਅਸਲ ਵਿਚ, ਮੁੱਖ ਮੰਤਰੀ ਆਪਣੇ ਸਿਆਸੀ ਲਾਹੇ ਲਈ ਦਹਿਸ਼ਤਪਸੰਦੀ ਦੇ ਮੁੜ ਸਿਰ ਉਠਾਉਣ ਦਾ ਡਰ ਪੈਦਾ ਕਰ ਰਹੇ ਹਨ ਤਾਂ ਕਿ ਹਿੰਦੂ ਵੋਟਾਂ ਬਟੋਰੀਆਂ ਜਾ ਸਕਣ। ਇਸ ਤੋਂ ਇਲਾਵਾ, ਦਹਿਸ਼ਤਪਸੰਦੀ ਦਾ ਰੌਲਾ ਪਾਉਣ ਦਾ ਮਕਸਦ ਨਸ਼ਿਆਂ, ਬੇਰੁਜ਼ਗਾਰੀ, ਖੇਤੀ ਸੰਕਟ, ਮਾੜੀ ਵਿਕਾਸ ਦਰ ਅਤੇ ਵਿੱਤੀ ਗੜਬੜੀਆਂ ਤੋਂ ਧਿਆਨ ਭਟਕਾਉਣਾ ਵੀ ਹੈ। ਸਥਾਪਤੀ ਵੱਲੋਂ ਦਹਿਸ਼ਤਪਸੰਦੀ ਨੂੰ ਚਰਚਾ ਵਿਚ ਰੱਖਣ ਦਾ ਇਕ ਹੋਰ ਕਾਰਨ ਹੈ। ਇਕ ਪੰਜਾਬੀ ਅਖਬਾਰ ਨੇ ਹਾਲ ਹੀ ਵਿੱਚ ਤਿੰਨ ਕਿਸ਼ਤਾਂ ਵਿੱਚ ਉਨ੍ਹਾਂ ਵੀਆਈਪੀਜ਼ ਦੀ ਲੰਮੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਨੇ ਸੁਰੱਖਿਆ ਦੇ ਨਾਂ ਉੱਤੇ ਗੰਨਮੈਨ ਅਤੇ ਜਿਪਸੀਆਂ ਹੀ ਨਹੀਂ ਲਈਆਂ ਸਗੋਂ ਖੁੱਲ੍ਹੇ ਅਤੇ ਮੁਫ਼ਤ ਤੇਲ ਨਾਲ ਲਗਜ਼ਰੀ ਕਾਰਾਂ ਵੀ ਹਾਸਲ ਕੀਤੀਆਂ ਹਨ। ਇਸ ਲਈ ਇਨ੍ਹਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਬੰਦਿਆਂ, ਜੋ ਸਰਕਾਰੀ ਖ਼ਰਚੇ ਉੱਤੇ ਮਹਿੰਗੀਆਂ ਕਾਰਾਂ ਵਿਚ ਉੱਡੇ ਫਿਰਦੇ ਹਨ, ਲਈ ਦਹਿਸ਼ਤਪਸੰਦੀ ਦੀਆਂ ਧਮਕੀਆਂ ਦਾ ਸਿਲਸਿਲਾ ਬਰਕਰਾਰ ਰੱਖਣਾ ਜ਼ਰੂਰੀ ਹੈ। ਇਹ ਵੱਖਰੀ ਗੱਲ ਹੈ ਕਿ ਸਨਅਤਕਾਰਾਂ, ਪੂੰਜੀ ਨਿਵੇਸ਼ਕਾਂ, ਸੈਲਾਨੀਆਂ ਵਿਚ ਡਰ ਪੈਦਾ ਹੋਣ ਨਾਲ ਉਨ੍ਹਾਂ ਦੇ ਪੰਜਾਬ ਵਿੱਚ ਨਾ ਆਉਣ ਜਾਂ ਸਿੱਖਾਂ ਦੇ ਵੱਕਾਰ ਨੂੰ ਲਗਦੀ ਢਾਹ ਦਾ ਕਿਸੇ ਨੂੰ ਕੋਈ ਫ਼ਿਕਰ ਨਹੀਂ ਹੈ।

ਪੰਜਾਬ ਦੀ ਸਿਆਸੀ ਲੀਡਰਸ਼ਿਪ ਅਤੇ ਪੁਲੀਸ, ਕੈਨੇਡਾ ਤੋਂ ਇਕ-ਅੱਧ ਸਬਕ ਸਿੱਖ ਹੀ ਸਕਦੀ ਹੈ। ਕੈਨੇਡਾ ਨੇ ਇਸ ਧਮਾਕੇ ਬਾਰੇ ਬਹੁਤਾ ਪ੍ਰਚਾਰ ਨਹੀਂ ਕੀਤਾ ਅਤੇ ਇਸ ਤੋਂ ਪਹਿਲਾਂ ਹੋਈ ਘਟਨਾ, ਜਿਸ ਵਿੱਚ ਟੋਰਾਂਟੋ 'ਚ ਇਕ ਵੈਨ ਡਰਾਈਵਰ ਨੇ ਭੀੜ 'ਤੇ ਆਪਣਾ ਵਾਹਨ ਚੜ੍ਹਾ ਕੇ ਦਸ ਜਣਿਆਂ ਨੂੰ ਮਾਰ ਮੁਕਾਇਆ ਸੀ, ਨੂੰ ਆਪਣੇ ਢੰਗ ਨਾਲ ਨਜਿੱਠਿਆ। ਪੁਲੀਸ ਵਾਂਗ ਉਥੋਂ ਦੀ ਸਿਆਸੀ ਜਮਾਤ ਅਤੇ ਮੀਡੀਆ ਜੋ ਬਹੁ-ਸਭਿਆਚਾਰਕ ਰੰਗ ਪੇਸ਼ ਕਰਦੇ ਹਨ, ਸੰਸਾਰ ਭਰ ਵਿੱਚ ਅਮਨ-ਸ਼ਾਂਤੀ ਵਾਲੀ ਸਹਿਹੋਂਦ ਲਈ ਜਾਣੇ ਜਾਂਦੇ ਹਨ। ਇਸ ਲਈ ਇਨ੍ਹਾਂ ਨੇ, ਜੇ ਕਿਤੇ ਦਹਿਸ਼ਤਪਸੰਦੀ ਨਾਲ ਜੁੜੀ ਕੋਈ ਘਟਨਾ ਹੋਈ ਵੀ ਹੈ, ਤਾਂ ਉਸ ਨੂੰ ਇਉਂ ਪਰਚਾਰਿਆ ਨਹੀਂ ਹੈ। ਪੁਲੀਸ ਵਾਲੇ ਤਾਂ ਅਪਰਾਧ ਕਰਨ ਵਾਲਿਆਂ ਜਾਂ ਉਨ੍ਹਾਂ ਦੇ ਭਾਈਚਾਰੇ ਬਾਰੇ ਵੀ ਪਹਿਲਾਂ-ਪਹਿਲ ਲੁਕੋ ਰੱਖਦੇ ਹਨ। ਉੱਥੋਂ ਦੇ ਸਿਆਸਤਦਾਨ, ਅਪਰਾਧ ਦੇ ਸਿਆਸੀਕਰਨ ਅਤੇ ਸਮਾਜ ਦੇ ਧਰੁਵੀਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਨਾ ਹੀ ਉਹ ਟੈਲੀਵਿਜ਼ਨ ਉਪਰ ਜਾ ਕੇ ਇਕ-ਦੂਜੇ ਖ਼ਿਲਾਫ਼ ਚੀਕਾਂ ਮਾਰਦੇ ਹਨ। ਤੁਰੰਤ ਅਤੇ ਸਹੀ ਨਤੀਜਿਆਂ ਲਈ ਪੁਲੀਸ ਨੂੰ ਮੀਡੀਆ, ਲੋਕਾਂ ਅਤੇ ਸਿਆਸੀ ਦਬਾਅ ਤੋਂ ਬਗ਼ੈਰ ਕੰਮ ਕਰਨ ਦਿੱਤਾ ਜਾਂਦਾ ਹੈ।

ਇਸ ਦੀ ਤੁਲਨਾ ਵਿਚ ਪੰਜਾਬ ਵਿੱਚ ਸਭ ਕੁਝ ਉਲਟਾ-ਪੁਲਟਾ ਹੈ। ਦਹਿਸ਼ਤਪਸੰਦੀ ਅਤੇ ਅਪਰਾਧ ਉਦੋਂ ਪਨਪਦਾ ਜਾਂ ਵਧਦਾ ਹੈ ਜਦੋਂ ਹੋਰ ਪੱਖਾਂ ਦੇ ਨਾਲ-ਨਾਲ ਉਲਾਂਭੇ, ਠੇਸ ਪਹੁੰਚਾਉਣ ਵਾਲੀਆਂ ਗੱਲਾਂ ਅਤੇ ਅਨਿਆਂ ਭਾਰੂ ਪੈ ਜਾਂਦੇ ਹਨ। ਅਜਿਹਾ ਤਾਂ ਹੀ ਹੁੰਦਾ ਹੈ ਜਦੋਂ ਕਾਨੂੰਨ ਇਕਸਾਰ ਲਾਗੂ ਨਹੀਂ ਹੁੰਦਾ ਅਤੇ ਕੁਝ ਬੰਦਿਆਂ ਨਾਲ ਦੂਜਿਆਂ ਨਾਲੋਂ ਐਨ ਵੱਖਰਾ ਵਿਹਾਰ ਕੀਤਾ ਜਾਂਦਾ ਹੈ। ਜੇ ਕੋਈ ਧਾਰਮਿਕ ਲੀਡਰ ਆਪਣੇ ਵਿਰੋਧੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ ਤਾਂ ਪੁਲੀਸ ਉਸ ਖ਼ਿਲਾਫ਼ ਨਾ ਕੋਈ ਕੇਸ ਦਰਜ ਕਰਦੀ ਹੈ ਅਤੇ ਨਾ ਹੀ ਉਸ ਨੂੰ ਗ੍ਰਿਫ਼ਤਾਰ ਕਰਦੀ ਹੈ। ਇਸ ਦੀ ਥਾਂ ਮੁੱਖ ਮੰਤਰੀ ਜਵਾਬੀ ਧਮਕੀ ਜਾਰੀ ਕਰਦੇ ਹਨ। ਮੁੱਖ ਮੰਤਰੀ ਪਿਛੋਕੜ ਵਿੱਚ ਰਹਿ ਕੇ ਇਹ ਤੈਅ ਕਰਦੇ ਹਨ ਕਿ ਪੁਲੀਸ ਨੂੰ ਕਿਸ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ, ਕਿਸ ਨੂੰ ਨਹੀਂ। ਇਹ ਸਰਾਸਰ ਪੁਲੀਸ ਦਾ ਮਨੋਬਲ ਤੋੜਨ ਦਾ ਮਾਮਲਾ ਹੈ। ਪੁਲੀਸ ਅਫ਼ਸਰਾਂ ਨੇ ਵੀ ਆਪਣੀ ਖ਼ੁਦਮੁਖ਼ਤਾਰੀ ਆਪਣੀ ਮਰਜ਼ੀ ਨਾਲ ਹੀ ਪੈਰਾਂ ਉੱਤੇ ਰੱਖ ਦਿੱਤੀ ਹੈ। ਬਾਦਲਾਂ ਦੇ ਰਾਜ ਦੌਰਾਨ ਤਾਂ ਤਹਿਸੀਲ ਪੱਧਰ ਦੇ ਲੀਡਰਾਂ ਨੂੰ ਥਾਣੇ ਚਲਾਉਣ ਦੀ ਆਗਿਆ ਮਿਲੀ ਹੋਈ ਸੀ।

ਸ਼ਾਹਕੋਟ ਦੀ ਜ਼ਿਮਨੀ ਚੋਣ ਦੌਰਾਨ ਗ਼ੈਰ-ਕਾਨੂੰਨੀ ਖਣਨ ਦੇ ਮਾਮਲੇ ਵਿਚ ਥਾਣੇਦਾਰ, ਕਾਂਗਰਸ ਦੇ ਉਮੀਦਵਾਰ ਖ਼ਿਲਾਫ਼ ਐਫਆਈਆਰ ਦਰਜ ਕਰਦਾ ਹੈ। ਉਸ ਦੇ ਸੀਨੀਅਰ ਅਤੇ ਚੋਣ ਕਮਿਸ਼ਨ ਇਹ ਜਾਂਚਣ ਦੀ ਖੇਚਲ ਹੀ ਨਹੀਂ ਕਰਦੇ ਕਿ ਐਫਆਈਆਰ ਪ੍ਰਤੱਖ ਸਬੂਤਾਂ ਦੇ ਆਧਾਰ 'ਤੇ ਹੈ ਜਾਂ ਨਹੀਂ। ਉਹ ਉਸ ਨੂੰ ਸਬਕ ਸਿਖਾਉਣ ਲਈ ਇਕੱਠੇ ਹੋ ਜਾਂਦੇ ਹਨ। ਥਾਣੇਦਾਰ ਦੀ ਮਾਨਸਿਕ ਅਵਸਥਾ ਅਤੇ ਉਸ ਦਾ ਵਿਹਾਰ ਵੱਖਰੇ ਮਸਲੇ ਹਨ। ਮੁੱਖ ਮੰਤਰੀ ਦਾਗ਼ੀ ਉਮੀਦਵਾਰ ਨੂੰ ਬਚਾਉਣ ਲਈ ਕਾਹਲ ਮਚਾਉਂਦੇ ਹਨ ਅਤੇ ਬਿਨਾ ਸਬੂਤ ਜਾਂ ਬਿਨਾ ਕਿਸੇ ਜਾਂਚ ਉਸ ਨੂੰ 'ਦੋਸ਼ੀ ਨਹੀਂ ਹੈ' ਐਲਾਨ ਦਿੰਦੇ ਹਨ।

ਜਿਸ ਦਿਨ ਕਾਂਗਰਸ ਉਮੀਦਵਾਰ ਹਰਦੇਵ ਸਿੰਘ ਲਾਡੀ ਨੇ ਆਪਣੇ ਨਾਮਜ਼ਦਗੀ ਪੱਤਰ ਭਰੇ ਸਨ, ਉਸ ਦਿਨ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ, "ਮੈਂ ਉਸ (ਲਾਡੀ) ਨੂੰ ਬੜੇ ਚਿਰਾਂ ਤੋਂ ਜਾਣਦਾ ਹਾਂ, ਉਸ ਦੇ ਚਾਚਾ ਦਰਬਾਰਾ ਸਿੰਘ ਵਿਧਾਨ ਸਭਾ ਦੇ ਸਪੀਕਰ ਰਹੇ ਹਨ। ਉਨ੍ਹਾਂ ਦਾ ਦਿਲ ਬੜਾ ਸਾਫ਼ ਸੀ।" ਕਹਿਣ ਦਾ ਭਾਵ ਇਹ ਕਿ ਮੈਂ ਕਿਉਂਕਿ ਉਸ ਨੂੰ ਜਾਣਦਾ ਹਾਂ, ਉਹ ਕਿਉਂਕਿ ਸਾਬਕਾ ਸਪੀਕਰ ਦਾ ਭਤੀਜਾ ਹੈ, ਨਾਲੇ ਮੈਂ ਕਹਿ ਰਿਹਾ ਹਾਂ, ਉਹ ਬੇਕਸੂਰ ਹੈ। ਉਂਜ ਕਾਨੂੰਨ, ਜਿਸ ਨੂੰ ਕਾਇਮ ਰੱਖਣ ਦਾ ਹਲਫ਼ ਮੁੱਖ ਮੰਤਰੀ ਨੇ ਲਿਆ ਹੋਇਆ ਹੈ, ਸਿਰਫ਼ ਜੱਜ ਨੂੰ ਹੀ ਇਹ ਹੱਕ ਦਿੰਦਾ ਹੈ ਕਿ ਉਹ ਸਬੂਤਾਂ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਜਾਂ ਬੇਕਸੂਰ ਠਹਿਰਾਏ। ਅਣਗਿਣਤ ਸਾਧਾਰਨ ਲੋਕ ਛੋਟੇ-ਮੋਟੇ ਅਪਰਾਧਾਂ ਜਾਂ ਮਾੜੇ ਮੋਟੇ ਸ਼ੱਕ ਉਤੇ ਜਾਂ ਝੂਠੀਆਂ ਸ਼ਿਕਾਇਤਾਂ ਕਾਰਨ ਤੰਗੀਆਂ ਝੱਲ ਰਹੇ ਹਨ ਅਤੇ ਜੇਲ੍ਹਾਂ ਵਿੱਚ ਸੜ ਰਹੇ ਹਨ ਪਰ ਰਸੂਖ਼ਵਾਨ ਆਪਣੇ ਖ਼ਿਲਾਫ਼ ਸਬੂਤ ਹੋਣ ਦੇ ਬਾਵਜੂਦ ਛੁੱਟ ਜਾਂਦੇ ਹਨ। ਪੰਜਾਬ ਵਿੱਚ ਨਿਆਂ ਪ੍ਰਬੰਧ ਹਰ ਕਿਸੇ ਨਾਲ ਇਕੋ ਜਿਹਾ ਸਲੂਕ ਨਹੀਂ ਕਰ ਰਿਹਾ।

ਇਕ ਹੋਰ ਅਜਿਹੀ ਮਿਸਾਲ ਹੈ ਜਿਸ ਵਿਚ ਮੁੱਖ ਮੰਤਰੀ ਤੁਰਤ-ਫੁਰਤ ਕਾਰਵਾਈ ਕਰ ਕੇ ਇਕ ਸ਼ੱਕੀ ਜੱਜ ਨੂੰ ਬਚਾਉਂਦੇ ਹਨ। ਪਿਛਲੇ ਸਾਲ ਨਵੰਬਰ ਵਿੱਚ ਅਮਰਿੰਦਰ ਸਰਕਾਰ ਨੇ ਇਕ ਵੀਡੀਓ ਸਟਿੰਗ ਵਿਚ ਰਿਸ਼ਵਤ ਲੈਣ ਦੇ ਮੁਲਜ਼ਮ, ਹਾਈਕੋਰਟ ਦੇ ਜੱਜ ਨੂੰ ਕਲੀਨ ਚਿੱਟ ਹੀ ਨਹੀਂ ਦਿੱਤੀ ਸਗੋਂ ਲੋਕ ਇਨਸਾਫ਼ ਪਾਰਟੀ ਦੇ ਉਨ੍ਹਾਂ ਦੋ ਵਿਧਾਇਕਾਂ ਖ਼ਿਲਾਫ਼ ਮਤਾ ਵੀ ਪਾਸ ਕਰਵਾ ਦਿੱਤਾ ਜਿਨ੍ਹਾਂ ਨੇ ਵਿਰੋਧੀ ਧਿਰ ਦੇ ਲੀਡਰ ਨੂੰ ਸਾਜ਼ਿਸ਼ ਵਿਚ ਫਸਾਉਣ ਦੇ ਸੰਕੇਤ ਦਿੱਤੇ ਸਨ। ਕੋਈ ਵੀ ਵਿਹਾਰਕ ਸਿਆਸੀ ਆਗੂ ਅਜਿਹਾ ਮਸਲਾ ਚੀਫ਼ ਜਸਟਿਸ ਉਤੇ ਛੱਡ ਦਿੰਦਾ ਪਰ ਕੈਪਟਨ ਦੇ ਸਰਕਾਰ ਚਲਾਉਣ ਦੇ ਆਪਣੇ ਵੱਖਰੇ ਅਸਾਧਾਰਨ ਤਰੀਕੇ ਹਨ।

ਨਵੰਬਰ 2017 ਨੂੰ ਵਿਧਾਨ ਸਭਾ ਵਿਚ ਪਾਸ ਮਤੇ ਵਿਚ ਦੋ ਵਿਧਾਇਕਾਂ ਉਤੇ ਕਾਨੂੰਨ ਦਾ ਵੱਕਾਰ ਖ਼ਰਾਬ ਕਰਨ, ਅਦਾਲਤੀ ਪ੍ਰਬੰਧ ਵਿੱਚ ਵਿਘਨ ਪਾਉਣ ਤੇ ਲੋਕਾਂ ਲਈ ਅੜਿੱਕਾ ਬਣਨ ਦੇ ਦੋਸ਼ ਲਾਏ ਗਏ। ਹੁਣ ਇਹ ਜਾਣਨਾ ਦਿਲਚਸਪ ਹੋਵੇਗਾ ਕਿ ਮੁੱਖ ਮੰਤਰੀ ਆਪਣੀ ਪਾਰਟੀ ਬਾਰੇ ਕੀ ਕਹਿਣਗੇ ਜਿਸ ਦੀ ਕੇਂਦਰੀ ਲੀਡਰਸ਼ਿਪ ਭਾਰਤ ਦੇ ਚੀਫ਼ ਜਸਟਿਸ ਖਿਲਾਫ਼ ਮਹਾਂਦੋਸ਼ ਲੈ ਕੇ ਆਈ ਹੈ, ਹਾਲਾਂਕਿ ਇਸ ਮਾਮਲੇ 'ਤੇ ਕਾਨੂੰਨੀ ਮਾਹਰ ਵੰਡੇ ਹੋਏ ਹਨ।

ਇਹ ਸੰਭਵ ਹੈ ਕਿ ਮੁੱਖ ਮੰਤਰੀ ਦਹਿਸ਼ਤਪਸੰਦੀ ਦੀ ਮੁੜ ਆਮਦ ਬਾਰੇ ਸੱਚਮੁੱਚ ਚਿੰਤਤ ਹਨ ਅਤੇ ਅਚੇਤ ਹੀ ਅਤਿਵਾਦ ਦੇ ਹੱਕ ਵਿਚ ਭੁਗਤ ਰਹੇ ਹਨ ਪਰ ਇਹ ਤਾਂ ਸੋਚਿਆ ਨਹੀਂ ਜਾ ਸਕਦਾ ਕਿ ਦੋ-ਦੋ ਵਾਰ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਰਹਿਣ ਵਾਲਾ ਲੀਡਰ ਇਹ ਵੀ ਸਮਝ ਨਹੀਂ ਰਿਹਾ ਕਿ ਮਸ਼ਕੂਕ ਦੇ ਹੱਕ ਵਿੱਚ ਖੜ੍ਹਨਾ ਅਤੇ ਕਾਨੂੰਨ ਦੇ ਰਾਹ ਦਾ ਰੋੜਾ ਬਣਨ ਦਾ ਮਤਲਬ ਕੀ ਹੈ। ਇਹੀ ਨਹੀਂ, ਉਹ ਤਾਂ ਉਦੋਂ ਵੀ ਕੋਈ ਪ੍ਰਵਾਹ ਨਹੀਂ ਕਰਦੇ, ਜਦੋਂ ਖ਼ਾਸ ਕਰ ਕੇ ਉਨ੍ਹਾਂ ਨੂੰ ਬਚਾਉਣ ਦਾ ਮਾਮਲਾ ਹੁੰਦਾ ਹੈ ਜਿਹੜੇ ਉਨ੍ਹਾਂ ਦੇ ਨੇੜੇ ਮੰਨੇ ਜਾਂਦੇ ਹਨ।

ਕਾਨੂੰਨ ਤੋੜਨ ਵਾਲਿਆਂ ਦੇ ਪਾਲੇ ਵਿਚ ਖਲੋ ਕੇ ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੀਆਂ 2019 ਵਾਲੀਆਂ ਚੋਣਾਂ ਦੀ ਜਿੱਤ ਅਤੇ ਪਾਰਟੀ ਦੀ ਨੌਜੁਆਨ ਪੀੜ੍ਹੀ ਦੇ ਭਵਿੱਖ ਨੂੰ ਹੀ ਗ੍ਰਹਿਣ ਲਾ ਰਹੇ ਹਨ। ਪੰਜਾਬ ਦੇ ਸਿਆਸੀ ਲੀਡਰਾਂ ਤੋਂ ਕੈਨੇਡਾ ਵਰਗੇ ਵਿਕਸਤ ਮੁਲਕ ਵਰਗਾ ਰਾਜ ਪ੍ਰਬੰਧ ਸੰਭਵ ਬਣਾਉਣ ਦੀ ਤਵੱਕੋ ਕਰਨਾ ਤਾਂ ਜ਼ਿਆਦਤੀ ਹੋਵੇਗੀ ਪਰ ਪੁਲੀਸ ਅਤੇ ਸਰਕਾਰ ਚਲਾਉਣ ਦੇ ਮਾਮਲਿਆਂ ਵਿਚ ਘੱਟੋ-ਘੱਟ ਇੱਕ ਬੁਨਿਆਦੀ ਸਬਕ ਸਿੱਖਣ ਵਿਚ ਤਾਂ ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀ ੀ : ਸੱਭਿਅਕ ਜੀਵਨ ਦੇ ਮੁੱਖ ਤੱਤ, ਕਾਨੂੰਨ ਦੀ ਵਿਵਸਥਾ ਦਾ ਸਤਿਕਾਰ ਕਰੋ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# Classified

## ਲੜਕੀ ਦੀ ਲੋੜ

ਖੱਤਰੀ ਲੜਕਾ ਗਰੀਨ ਕਾਰਡ ਹੋਲਡਰ, ਉਮਰ 38 ਸਾਲ, ਕੱਦ 5 ਫੁੱਟ 9 ਇੰਚ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ।

ਸੰਪਰਕ : 818-818-1705

ਈਮੇਲ : harishpuri2005@gmail.com

**For Classified Contact**

**510.240.5949**


## ਜੂਨ 1984 ਦੀ ਸਿੱਖ ਨਸਲਕੁਸ਼ੀ ਬਾਰੇ ਤੱਤਸਾਰ ਸੈਮੀਨਾਰ 'ਚ ਅਹਿਮ ਮਸਲੇ ਵਿਚਾਰੇ

ਬਰਮਾ (ਮਾਇਨਮਾਰ) ਭਾਰਤ ਤੇ ਪਾਕਿਸਤਾਨ ਵਿਚਲੇ ਮਨੁਖੀ ਅਧਿਕਾਰਾਂ ਬਾਰੇ ਚਰਚਾ ਕੀਤੀ। ਭਾਰਤ ਦੀ ਹਾਲਤ ਬਾਰੇ ਉਨਾਂ ਕਿਹਾ ਕਿ ਭਾਰਤ ਵਿਚ ਸਿੱਖਾਂ, ਮੁਸਲਮਾਨਾਂ, ਇਸਾਈਆ, ਬੋਧੀਆਂ, ਜੈਨੀਆਂ, ਆਦਿਵਾਸੀਆਂ ਤੇ ਦਲਿਤ ਲੋਕਾ ਉਤੇ ਹੁੰਦੇ ਜ਼ੁਲਮਾਂ ਬਾਰੇ ਚਾਨਣਾ ਪਾਇਆ। ਭਾਰਤੀ ਸੰਵਿਧਾਨ ਵਿਚ ਵੀ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਵਖਰੇ ਧਰਮ ਵਜੋਂ ਮਾਨਤਾ ਨਹੀਂ ਦਿਤੀ ਗਈ ਤੇ ਉਨਾਂ ਨੂੰ ਹਿੰਦੂ ਧਰਮ ਦੀ ਸ਼ਾਖਾ ਲਿਖਿਆ ਗਿਆ ਹੈ ਜੋ ਕਿ ਸਰਾਸਰ ਬੇਇਨਸਾਫੀ ਹੈ। ਉਨਾਂ ਇਹ ਕਹਿ ਕੇ ਗੱਲ ਮੁਕਾਈ ਕਿ ਭਾਰਤ ਸਰਕਾਰ ਨੇ ਘੱਟ ਗਿਣਤੀਆਂ ਵਿਰੁਧ ਜੰਗ ਛੇੜੀ ਹੋਈ ਹੈ ਤੇ ਉਨਾਂ ਨੂੰ ਭਾਰਤ ਦੇ ਨਕਸ਼ੇ ਤੋਂ ਮਿਟਾਉਣ ਦੀ ਹਰ ਕੋਸ਼ਿਸ ਕੀਤੀ ਜਾ ਰਹੀ ਹੈ। ਬਰਮਾ ਵਿਚ ਵੀ ਮੁਸਲਮਾਨਾ ਦੀ ਨਸਲਕੁਸ਼ੀ ਜਾਰੀ ਹੈ ਤੇ ਹੁਣ ਸੰਯੁਕਤ ਰਾਸ਼ਟਰ ਸੰਘ ਦੇ ਦਖਲ ਨਾਲ ਘਟੀ ਹੈ। ਪਾਕਿਸਤਾਨ ਵਿਚ ਵੀ ਸੁੰਨੀ ਤੇ ਸ਼ੀਆ ਝਗੜੇ ਜਾਰੀ ਹਨ ਤੇ ਮਨੁਖਤਾ ਦਾ ਘਾਣ ਹੋ ਰਿਹਾ ਹੈ। ਚੀਨ ਵਿਚ ਵੀ ਘੱਟ ਗਿਣਤੀਆਂ ਜਿਵੇਂ ਮੁਸਲਮਾਨਾਂ ਨੂੰ ਧਾਰਮਿਕ ਅਜ਼ਾਦੀ ਨਹੀਂ। ਇਸ ਵੇਲੇ ਸਿੱਖ ਤੇ ਮੁਸਲਮਾਨਾਂ ਉਤੇ ਸਭ ਤੋਂ ਵਧ ਜ਼ੁਲਮ ਹੋ ਰਹੇ ਹਨ ਜੋ ਸਰੀਰਕ ਤੇ ਮਾਨਸਿਕ ਤਸ਼ਦੱਦ ਦਾ ਭਾਰੀ ਸ਼ਿਕਾਰ ਬਣਾਏ ਜਾ ਰਹੇ ਹਨ।

ਇਸ ਤੋਂ ਬਾਅਦ ਨੌਜਵਾਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਬੀਬੀ ਪੁਨੀਤ ਕੌਰ ਨੇ ਸਿੱਖ ਨਸਲਘਾਤ ਬਾਰੇ ਆਪਣੇ ਸਟੀਕ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਿੱਖਾਂ ਦੇ ਨਸਲਘਾਤ ਦਾ ਮਸਲਾ ਬਹੁਤ ਉਭਰ ਕੇ ਸਾਹਮਣੇ ਆ ਰਿਹਾ ਹੈ ਤੇ ਇਸ ਵਕਤ ਸਭਿਆਚਾਰਕ ਨਸਲਘਾਤ ਦਾ ਹਰ ਢੰਗ ਸਿੱਖਾਂ ਨੂੰ ਖਤਮ ਕਰਨ ਲਈ ਵਰਤਿਆ ਜਾ ਰਿਹਾ ਹੈ, ਧਾਰਮਿਕ ਤੌਰ ਤੇ ਸਿਖਾਂ ਦੇ ਧਰਮ ਨੂੰ ਹਿੰਦੂਆਂ ਵਿਚ ਮਿਲਾਉਣ ਦੀ ਵਡੀ ਕੋਝੀ ਚਾਲ ਚੱਲੀ ਜਾ ਰਹੀ ਹੈ ਤੇ ਸਿੱਖਾਂ ਨੂੰ ਬੁਰੀ ਤਰਾਂ ਸਤਾਇਆ ਜਾ ਰਿਹਾ ਹੈ। ਜਿਸਦੀ ਤਾਜ਼ਾ ਮਿਸਾਲ ਭਾਰਤ ਦੇ ਮੇਘਾਲਿਆ ਰਾਜ ਦੇ ਸ਼ਿਲਾਂਗ ਵਿਚ ਵਾਪਰੀਆ ਘਟਨਾਵਾਂ ਹਨ ਜਿਥੇ ਸਿੱਖਾਂ ਦੇ 700 ਪਰਿਵਾਰਾਂ ਨੂੰ ਘੇਰ ਕੇ ਕਤਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਤੇ ਹੁਣ ਸਿੱਖਾਂ ਕੋਲ ਆਪਣੀ ਪ੍ਰਭੂਸੱਤਾ ਕਾਇਮ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਛੱਡਿਆ ਹੀ ਨਹੀਂ ਗਿਆ। ਤੇ ਵੈਸੇ ਵੀ ਸਿੱਖਾਂ ਦੇ ਗੁਰੂ ਸਾਹਿਬਾਨ ਨੇ ਹੁਕਮ ਕੀਤਾ ਹੋਇਆ ਹੈ ਕਿ ਜਦ ਸਾਰੇ ਹੀਲੇ ਮੁੱਕ ਜਾਣ ਤਾਂ ਇਨਸਾਫ ਲਈ ਤਲਵਾਰ ਉਠਾ ਕੇ ਆਪਣੀ ਪ੍ਰਭੂਸੱਤਾ ਕਾਇਮ ਕਰਨੀ ਵਡਾ ਇਨਸਾਨੀ ਫਰਜ਼ ਹੈ। ਕਿਸੇ ਦੂਜੇ ਕੋਲੋਂ ਜਾ ਵੇਲੇ ਦੀ ਸਰਕਾਰ ਹੱਥੋਂ ਸਭ ਕੁਝ ਤਬਾਹ ਕਰਵਾ ਲੈਣ ਨਾਲੋਂ ਇਹ ਬੇਹਤਰ ਹੈ ਕਿ ਆਰ ਪਾਰ ਦਾ ਸੰਘਰਸ਼ ਹੀ ਕੀਤਾ ਜਾਵੇ ਤੇ ਜੇ ਸ਼ਹਾਦਤਾਂ ਹੋ ਜਾਣ ਤਾਂ ਇਤਿਹਾਸ ਇਸ ਗੱਲ ਦੀ ਗਵਾਹੀ ਭਰੇਗਾ ਕਿ ਫਲਾਣੀ ਕੌਮ ਸੁੱਤੀ ਪਈ ਨਹੀਂ ਮਾਰੀ ਗਈ ਬਲਕਿ ਜੱਦੋਜਹਿਦ ਕਰਦਿਆਂ ਬਹਾਦਰੀ ਨਾਲ ਰੁਖਸਤ ਹੋਈ।

ਸੈਮੀਨਾਰ ਦੇ ਅਖੀਰ ਵਿਚ ਅਸੈਂਬਲੀ ਮੈਂਬਰ ਕੈਨਸਨ ਚੂ ਨੇ ਬੋਲਦਿਆਂ ਸਪਸ਼ਟ ਕੀਤਾ ਕਿ ਉਹ ਕਿਸੇ ਉਤੇ ਵੀ ਕਿਸੇ ਕਿਸਮ ਦੇ ਤਸ਼ਦੱਦ ਦੇ ਵਿਰੁਧ ਹਨ ਵਿਚਾਰਾਂ ਦੇ ਅਦਾਨ ਪ੍ਰਦਾਨ ਨਾਲ ਮਸਲੇ ਹੱਲ ਕਰਨ ਨੂੰ ਤਰਜੀਹ ਦੇਂਦੇ ਹਨ। ਉਹ ਕੈਲੀਫੋਰਨੀਆ ਵਿਧਾਨ ਸਭਾ ਵਿਚ ਏਸ਼ੀਆ ਤੇ ਪੈਸੇਫਿਕ ਆਇਲੈਂਡਰ ਕਾਕਸ ਦੇ ਮੈਂਬਰ ਵੀ ਹਨ ਤੇ ਕਿਸੇ ਕਿਸਮ ਦੀ ਨਫਰਤ ਫੈਲਾਉਣ ਵਿਰੁਧ ਹਨ। ਮਨੁਖੀ ਅਧਿਕਾਰਾਂ ਦੀ ਰਖਵਾਲੀ ਉਨਾਂ ਦਾ ਫਰਜ਼ ਹੈ ਤੇ ਉਹ ਇਸ ਵਾਸਤੇ ਕਾਰਜ ਵੀ ਕਰਦੇ ਹਨ। ਉਨਾਂ ਇਸ ਗੱਲ ਤੇ ਤੱਸਲੀ ਪ੍ਰਗਟ ਕੀਤੀ ਕਿ ਅੱਜ ਬੁਲਾਰਿਆ ਨੇ ਉਨਾਂ ਦੇ ਗਿਆਨ ਵਿਚ ਕਾਫੀ ਵਾਧਾ ਕੀਤੀ ਹੈ।

ਅਸੈਂਬਲੀ ਮੈਂਬਰ ਕੈਨਸਨ ਚੂ ਨੇ ਵਿਸ਼ੇਸ਼ ਤੌਰ ਉੱਤੇ ਬਾਹਰੋਂ ਬੁਲਾਈ ਡਾ. ਸਿੰਥੀਆ ਮਹਿਮੂਦ ਤੇ ਡਾ. ਕਰਾਮਾਤ ਚੀਮਾਂ ਨੂੰ ਸਟੇਟ ਅਸੈਂਬਲੀ ਵੱਲੋਂ ਸਨਮਾਨਿਤ ਕੀਤਾ।

ਅਖੀਰ ਵਿਚ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ ਬਣਾਈ ਦ ਬਲੈਕ ਪਰਿੰਸ ਫਿਲਮ ਦੇ ਨਿਰਮਾਤਾ ਤੇ ਲੇਖਕ ਸ: ਜਸਜੀਤ ਸਿੰਘ ਨੇ ਆਪਣੀ ਮਸ਼ਹੂਰ ਫਿਲਮ ਦ ਬਲੈਕ ਪਰਿੰਸ ਦੀ ਡੀਵੀਡੀ ਕੈਨਸਨ ਚੂ, ਡਾ: ਸਿੰਥੀਆ ਮਹਿਮੂਦ, ਡਾ. ਕਰਾਮਾਤ ਚੀਮਾ ਤੇ ਪੁਨੀਤ ਕੌਰ ਖਾਲਸਾ ਨੂੰ ਭੇਟ ਕੀਤੀ। ਖਾਸ ਬੁਲਾਏ ਬੁਲਾਰਿਆਂ ਨੂੰ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਤੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਸੈਮੀਨਾਰ ਵਿਚ ਸਕਤਰ ਦੀ ਸਫਲ ਭੂਮਿਕਾ ਸਿੱਖ ਅਮੈਰੀਕਨ ਕੰਗਰੇਸ਼ਨਲ ਕਾਕਸ ਦੇ ਬੁਲਾਰੇ ਸ.ਹਰਪ੍ਰੀਤ ਸਿੰਘ ਸੰਧੂ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਨਿਭਾਈ ।

ਇਹ ਇਕ ਸਫਲ ਸੈਮੀਨਾਰ ਸੀ ਜਿਸ ਨੇ 1984 ਦੇ ਘੱਲੂਘਾਰੇ ਦੇ ਜ਼ੁਲਮਾਂ ਦੇ ਹਰ ਪਹਿਲੂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ। ਤੇ ਉਹ ਭਿਆਨਕ ਤੱਥ ਯਾਦ ਕਰਵਾਏ ਜੋ ਕੌਮ ਤੇ ਵਾਪਰੇ ਸਨ ਤੇ ਜੋ ਅੱਜ ਵੀ ਸਿੱਖ ਰੂਹ ਵਿਚ ਤਾਜ਼ਾ ਹਨ।

ਇਸ ਤੋਂ ਇਲਾਵਾ ਬੱਚਿਆਂ ਨੇ ਜੂਨ 1984 ਘੱਲੂਘਾਰੇ ਦੇ ਸਬੰਧ ਵਿਚ ਸ਼ਬਦ ਗਾਇਨ, ਭਾਸ਼ਣ, ਕਵਿਤਾਵਾਂ ਤੇ ਕਵੀਸ਼ਰੀ ਦਾ ਗਾਇਨ ਕੀਤਾ। ਇਸ ਮੌਕੇ 1984 ਘੱਲੂਘਾਰੇ ਨੂੰ ਸਮਰਪਿਤ ਪਰਦਰਸ਼ਨੀ ਵੀ ਲਗਾਈ ਗਈ।

ਅੰਤ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਸੰਗਤਾਂ ਨੂੰ ਉਹਨਾਂ ਨੂੰ ਹਮੇਸ਼ਾਂ ਯਾਦ ਰੱਖਣ ਲਈ ਅਪੀਲ ਕੀਤੀ।

## ਜਾਰੀ ਹੈ ਇਤਿਹਾਸ ਬਦਲਣ ਦੀ ਯੋਜਨਾ

ਪੂਰਵ ਈਸਾ ਹੋਈਆਂ ਮੰਨਦੇ ਹਨ। ਭਗਵਾਨ ਬਾਲਮੀਕੀ ਨੂੰ ਭਗਵਾਨ ਰਾਮ ਦਾ ਸਮਕਾਲੀ ਮੰਨਿਆ ਜਾਂਦਾ ਹੈ। ਬਾਲਮੀਕੀ ਰਾਮਾਇਣ ਦੇ ਪਹਿਲੇ ਰੂਪ ਵਿਚ ਰਾਮ ਨੂੰ ਆਦਰਸ਼ ਮਹਾਨ ਵਿਅਕਤੀ ਦਰਸਾਇਆ ਗਿਆ ਸੀ, ਪਰ ਬਾਅਦ ਵਿਚ ਬ੍ਰਾਹਮਣਵਾਦ ਨੇ ਹੌਲੀ ਹੌਲੀ ਇਸ ਗਰੰਥ ਦਾ ਰੂਪ ਹੀ ਬਦਲ ਦਿੱਤਾ। ਰਾਮਾਇਣ ਦੇ ਕਈ ਥਾਵਾਂ 'ਤੇ ਕਈ ਰੂਪ ਬਦਲ ਕੇ ਲਿਖੇ ਗਏ। ਫਿਰ ਤੁਲਸੀਦਾਸ ਨੇ ਸੋਲ੍ਹਵੀਂ ਸਦੀ ਵਿਚ ਨਵੀਂ ਰਾਮਾਇਣ ਦੀ ਰਚਨਾ ਕੀਤੀ। ਸੰਸਕ੍ਰਿਤ ਵਿਦਵਾਨ ਔਰਬਿੰਦੋ ਘੋਸ਼ ਭਗਵਾਨ ਬਾਲਮੀਕੀ ਨੂੰ 100 ਕੁ ਸਾਲ ਪੂਰਵ ਈਸਾ ਹੋਇਆ ਮੰਨਦੇ ਹਨ ਅਤੇ ਉਹ ਤੁਲਸੀਦਾਸ ਨੂੰ ਭਗਵਾਨ ਬਾਲਮੀਕੀ ਤੋਂ ਵੱਡਾ ਨਹੀਂ ਸੀ ਮੰਨਦੇ। ਇਹ ਤਾਂ ਆਸਥਾ ਦੀ ਗੱਲ ਹੈ ਜੋ ਭਾਰਤੀਆਂ ਦੇ ਮਨਾਂ 'ਚ ਪੱਕੀ ਹੋ ਚੁੱਕੀ ਹੈ, ਪਰ ਪੁਰਾਤਤਵ ਵਿਗਿਆਨ ਵਿੱਚ ਕੋਈ ਸਬੂਤ ਨਾ ਮਿਲਣ ਕਰਕੇ ਵਿਗਿਆਨਕ ਸੋਚ ਵਾਲੇ ਇਤਿਹਾਸਕਾਰ ਰਾਮਾਇਣ ਦੀਆਂ ਘਟਨਾਵਾਂ ਨੂੰ ਇਤਿਹਾਸਕ ਨਹੀਂ ਮੰਨਦੇ। ਨਾਲ ਹੀ ਇਸ ਮਹਾਂਕਵਿ ਦੇ ਕਈ ਰੂਪ ਹਨ। ਸੰਭਵ ਹੈ ਕਿ ਰਾਮਾਇਣ ਦੀ ਕਥਾ ਨਾਲ ਮਿਲਦੇ ਜੁਲਦੇ ਪਾਤਰ ਹੋਏ ਹੋਣ, ਪਰ ਬਹੁਤ ਫੈਲਾ ਕੇ ਲਿਖੀਆਂ ਕਥਾਵਾਂ ਨਾਲੋਂ ਸੱਚ ਦੀ ਵਿਗਿਆਨਕ ਖੋਜ ਹੋਣੀ ਚਾਹੀਦੀ ਹੈ। ਕੁਝ ਪੁਰਾਤੱਤਵੀ ਸਬੂਤਾਂ ਕਾਰਨ ਔਰਬਿੰਦੋ ਘੋਸ਼ ਤੇ ਹੋਰ ਇਤਿਹਾਸਕਾਰਾਂ ਦਾ ਅੰਦਾਜ਼ਾ ਸਹੀ ਹੈ ਕਿ ਰਾਮਾਇਣ ਵਰਗੇ ਕਿਸੇ ਘਟਨਾਕ੍ਰਮ ਦਾ ਵਾਪਰਨਾ (ਜੇ ਕੁਝ ਅਜਿਹਾ ਹੋਇਆ ਹੈ ਤਾਂ) ਆਰੀਆ ਦੇ ਭਾਰਤ ਵਿੱਚ ਆਉਣ ਤੋਂ ਬਹੁਤ ਬਾਅਦ ਵਿਚ ਵਾਪਰਿਆ ਹੋਵੇਗਾ ਜਦੋਂ ਲੋਹੇ ਦੇ ਹਥਿਆਰ, ਰਥ ਘੋੜੇ ਆਦਿ ਮੌਜੂਦ ਸਨ। ਅਜਿਹੀ ਘਟਨਾ ਨੂੰ ਸਾਢੇ ਸੱਤ ਹਜ਼ਾਰ ਸਾਲ ਪੂਰਵ ਵਾਪਰੀ ਦੱਸਣਾ (ਜਦੋਂ ਪੱਥਰ-ਯੁਗ ਹੀ ਸੀ) ਗਲਤ ਹੈ।

ਇਤਿਹਾਸ ਪੁਨਰ-ਲਿਖਣ ਕਮੇਟੀ ਵਿੱਚ ਸ਼ਾਮਲ ਮੈਂਬਰ ਇਸ ਗੱਲੋਂ ਪੱਕੇ ਹਨ ਕਿ ਆਰੀਆ ਬਾਹਰੋਂ ਨਹੀਂ ਆਏ ਸਗੋਂ ਹੜੱਪਾ ਸੱਭਿਅਤਾ ਦੇ ਹੀ ਬਾਸ਼ਿੰਦੇ ਆਰੀਆ ਬਣ ਗਏ। ਜੇ ਹੜੱਪਨ ਹੀ ਆਰੀਆ ਹੁੰਦੇ ਤਾਂ ਘੱਟੋ ਘੱਟ ਉਨ੍ਹਾਂ ਦੀ ਵਿਸ਼ੇਸ਼ ਲਿੱਪੀ ਤੇ ਮਹੱਤਵਪੂਰਨ ਥਾਵਾਂ ਦਾ ਜ਼ਿਕਰ ਕਿਸੇ ਪੁਰਾਤਨ ਹਿੰਦੂ ਗ੍ਰੰਥ ਵਿੱਚ ਜ਼ਰੂਰ ਹੁੰਦਾ, ਜੋ ਕਿਧਰੇ ਨਹੀਂ ਹੈ। ਅਸਲੀਅਤ ਇਹ ਹੈ ਕਿ ਜਦੋਂ ਹੜੱਪਨ ਉੱਨਤ ਅਵਸਥਾ ਵਿਚ ਪੁੱਜ ਗਏ ਸਨ, ਉਹ ਕੋਈ ਅਗਿਆਤ ਭਾਸ਼ਾ ਬੋਲਦੇ ਸਨ। ਉਨ੍ਹਾਂ ਵੱਲੋਂ ਬਣਾਈ ਗਈ ਆਪਣੀ ਲਿੱਪੀ ਅਜੇ ਤਕ ਪੜ੍ਹੀ ਨਹੀਂ ਜਾ ਸਕੀ। ਉਸ ਲਿੱਪੀ ਦਾ ਜ਼ਿਕਰ ਵੀ ਕਿਸੇ ਬਾਅਦ ਵਿੱਚ ਰਚੇ ਗ੍ਰੰਥ ਵਿੱਚ ਨਹੀਂ। ਹੜੱਪਾ ਸੱਭਿਅਤਾ ਦੇ ਛੇਕੜਲੇ ਪੜਾਅ ਸਮੇਂ ਲੰਬੇ ਕਾਲ ਪੈ ਗਏ ਅਤੇ ਹੜੱਪਨ ਉੱਜੜ-ਪੁੱਜੜ ਕੇ ਪਾਣੀ ਦੀ ਭਾਲ ਵਿੱਚ ਏਧਰ ਓਧਰ ਖਿੰਡ ਗਏ। ਉਨ੍ਹਾਂ ਦੇ ਬਹੁਤੇ ਕਾਫ਼ਲੇ ਉੱਤਰ ਤੇ ਉੱਤਰ-ਪੂਰਬ ਵੱਲ ਧਾ ਗਏ। ਬਹੁਤਿਆਂ ਨੇ ਸ਼ਿਵਾਲਿਕ ਪਹਾੜੀਆਂ ਵਿੱਚ ਜਾ ਸ਼ਰਨ ਲਈ। ਉਹ ਆਪਣੀ ਲਿੱਪੀ ਤਾਂ ਗੁਆ ਬੈਠੇ ਸਨ, ਪਰ ਦੂਰ ਦੁਰਾਡੇ ਦਾ ਵਪਾਰ ਖ਼ਤਮ ਹੋਣ ਕਰਕੇ ਉਨ੍ਹਾਂ ਦਾ ਮੈਟੀਰੀਅਲ ਕਲਚਰ ਵੀ ਨਿੱਘਰ ਗਿਆ। ਉਹ ਲੋਕ ਹਤਾਸ਼ ਹੋ ਕੇ ਪੱਥਰ ਦੇ ਸੰਦ ਵਰਤਣ ਲੱਗ ਪਏ ਸਨ ਜਿਨ੍ਹਾਂ ਦੇ ਸਬੂਤ ਸ਼ਿਵਾਲਿਕ ਪਹਾੜੀਆਂ ਵਿਚੋਂ ਕੋਈ ਤਿੰਨ ਦਰਜਨ ਥਾਵਾਂ (ਸਾਈਟਾਂ) ਤੋਂ ਮਿਲ ਚੁੱਕੇ ਹਨ।

ਸੋਚਣਾ ਬਣਦਾ ਹੈ ਕਿ ਇੰਨੇ ਨਿੱਘਰ ਚੁੱਕੇ ਹੜੱਪਨ, ਘੋੜਿਆਂ ਰਥਾਂ ਵਾਲੇ ਉਹ ਲੜਾਕੂ ਕਿਵੇਂ ਬਣ ਗਏ ਜੋ ਕਥਿਤ ਰਾਸ਼ਟਰਵਾਦੀ ਉਨ੍ਹਾਂ ਨੂੰ ਸਿੱਧ ਕਰਨਾ ਚਾਹੁੰਦੇ ਹਨ? ਦਰਅਸਲ ਹੋਇਆ ਇਹ ਕਿ ਜਦੋਂ ਆਰੀਅਨ ਮੱਧ ਏਸ਼ੀਆ 'ਚੋਂ ਭਾਰਤੀ ਉਪ ਮਹਾਂਦੀਪ ਵਿੱਚ ਸ਼ਾਮਲ ਹੋਏ, ਉਨ੍ਹਾਂ ਨੇ ਨਿਘਾਰ ਅਵਸਥਾ ਵਿਚ ਆ ਚੁੱਕੇ ਹੜੱਪਨਾਂ ਨੂੰ ਬਿਨਾਂ ਵਿਰੋਧ ਆਪਣੇ ਅਧੀਨ ਕਰ ਲਿਆ। ਉਨ੍ਹਾਂ ਨੂੰ ਗੁਲਾਮ ਬਣਾ ਲਿਆ ਜਾਂ ਕਹਿ ਲਉ ਕਿ ਪਛੜਿਆ ਵਰਗ ਬਣਨ ਵੱਲ ਸੇਧਿਤ ਕਰ ਦਿੱਤਾ। ਕੋਈ ਕਿਧਰੇ ਮਾੜੀਆਂ ਮੋਟੀਆਂ ਲੜਾਈਆਂ ਹੋਈਆਂ ਹੋਣਗੀਆਂ, ਪਰ ਉਨ੍ਹਾਂ ਦਾ ਕੋਈ ਪੱਕਾ ਪੁਰਾਤੱਤਵੀ ਸਬੂਤ ਨਹੀਂ ਮਿਲਦਾ। ਇੱਥੇ ਕੁਝ ਸੈਂਕੜੇ ਸਾਲ ਇਤਿਹਾਸ ਦਾ ਅਸਪਸ਼ਟ ਯੁੱਗ ਰਿਹਾ ਹੈ ਜਿਸ ਨੂੰ ਹਨੇਰਾ ਦੌਰ (ਡਾਰਕ ਪੀਰੀਅਡ) ਵੀ ਕਿਹਾ ਜਾਂਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤ ਦੀ ਸੱਭਿਅਤਾ ਨੂੰ ਕੇਵਲ 'ਹਿੰਦੂ ਸੱਭਿਅਤਾ' ਕਹਿਣਾ ਲੋਕਾਂ ਨੂੰ ਗੁਮਰਾਹ ਕਰਨ ਵਾਲੀ ਗੱਲ ਹੈ। 1950 ਵਿੱਚ ਬਣੇ ਭਾਰਤ ਦੇ ਸੰਵਿਧਾਨ ਵਿਚ ਸਰਬ-ਧਰਮ ਏਕਤਾ ਵਾਲਾ ਸੰਕਲਪ ਸਮਿਲਿਤ ਹੈ, ਪਰ ਸੰਘੀ-ਪੰਥੀ ਰਾਸ਼ਟਰਵਾਦੀ ਇਸ ਨੂੰ ਕੇਵਲ ਇੱਕ ਧਰਮ ਦੀ ਉੱਚਤਾ ਵਾਲਾ ਦੇਸ਼ ਬਣਾਉਣਾ ਚਾਹੁੰਦੇ ਹਨ। ਇਸ ਦਾ ਟਾਕਰਾ ਕਰਨ ਲਈ ਵਿਗਿਆਨਕ ਸੋਚ ਵਾਲੇ ਇਤਿਹਾਸਕਾਰਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

## ਭਗਵੇਂਵਾਦੀਆਂ ਦੇ ਨਿਸ਼ਾਨੇ ਤੇ ਮਨੁੱਖਤਾ ਦਾ ਹੀਰੋ ਗਗਨਦੀਪ ਸਿੰਘ 'ਅੰਡਰਗਰਾਊਂਡ'

ਦੀ ਕੋਸ਼ਿਸ਼ ਕੁਝ ਲੋਕਾਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ, ਲਵ ਜਿਹਾਦ ਦੇ ਨਾਂ 'ਤੇ ਮੁਸਲਮਾਨਾਂ ਨੂੰ ਘੇਰਿਆ ਜਾ ਰਿਹਾ ਹੈ....ਜੇ ਨੌਜਵਾਨ ਮੁੰਡੇ-ਕੁੜੀਆਂ ਮਿਲਦੇ ਹਨ ਤਾਂ ਕੁਝ ਲੋਕ ਇਹ ਫ਼ਰਮਾਨ ਕਿਵੇਂ ਜਾਰੀ ਕਰ ਸਕਦੇ ਹਨ ਕਿ ਇਹ ਲਵ ਜਿਹਾਦ ਹੈ?"

ਰਾਮਨਗਰ ਦੇ ਇੱਕ ਹੋਰ ਵਾਸੀ ਅਤੇ ਰੰਗਕਰਮੀ ਅਜੀਤ ਸਿੰਘ ਸਾਹਨੀ ਕਹਿੰਦੇ ਹਨ, ", "ਸਬ ਇੰਸਪੈਕਟਰ ਗਗਨਦੀਪ ਸਿੰਘ ਨੇ ਜਿਸ ਤਰ੍ਹਾਂ ਇੱਕ ਨੌਜਵਾਨ ਨੂੰ ਆਪਣੀ ਛਾਤੀ ਨਾਲ ਲਗਾ ਕੇ ਉਸਦੀ ਰਾਖੀ ਕੀਤੀ ਹੈ ਅਜਿਹੀ ਤਸਵੀਰ ਪੂਰੇ ਭਾਰਤ ਵਿਚ ਦੇਖਣ ਲਈ ਅਸੀਂ ਤਰਸ ਰਹੇ ਹਾਂ।"

ਹਾਲਾਂਕਿ ਐਸਐਸਪੀ ਜਨਮੇਜਯ ਖੰਡੂਰੀ ਕਹਿੰਦੇ ਹਨ, "ਸਾਡੇ 'ਤੇ ਕੋਈ ਦਬਾਅ ਨਹੀਂ ਹੈ। ਪਰ ਗਗਨਦੀਪ ਦਾ ਗਾਇਬ ਹੋਣਾ ਤੇ ਡਿਊਟੀ 'ਤੇ ਹਾਜ਼ਰ ਨਾ ਹੋਣਾ ਇਸ ਝੂਠ ਨੂੰ ਜਾਹਿਰ ਕਰ ਰਿਹਾ ਹੈ ਕਿ ਭਾਰਤ ਉੱਪਰ ਗੁੰਡਾ ਤਾਕਤਾਂ ਦਾ ਰਾਜ ਹੈ, ਜਿਸ ਤੋਂ ਪੁਲੀਸ ਪ੍ਰਸਾਸ਼ਣ ਵੀ ਡਰਦਾ ਹੈ।"

ਗਗਨਦੀਪ ਸਿੰਘ ਨੂੰ ਸਨਮਾਨਿਤ ਕਰਨ ਦੀ ਪਹਿਲ ਫਿਲਹਾਲ ਸੂਬਾ ਸਰਕਾਰ ਨੇ ਨਹੀਂ ਕੀਤੀ, ਜਦਕਿ ਪੁਲਿਸ ਵਿਭਾਗ ਦੇ ਸਾਹਮਣੇ ਚੁਣੌਤੀ ਇਹੀ ਹੈ ਕਿ ਗਗਨਦੀਪ ਸਿੰਘ ਵਰਗੇ ਪੁਲਿਸ ਇੰਸਪੈਕਟਰ ਹਰ ਇਲਾਕੇ ਵਿੱਚ ਹੋਣ। ਇਹ ਜਾਹਿਰ ਹੈ ਕਿ ਗਗਨਦੀਪ ਸਿੰਘ ਨੂੰ ਰੋਕਿਆ ਗਿਆ ਹੈ ਭਗਵੇਂ ਸਤਾਧਾਰੀਆਂ ਦੇ ਇਸ਼ਾਰੇ ਤੇ ਪੁਲੀਸ ਅਫਸਰਾਂ ਵਲੋਂ। ਇਸ ਤੋਂ ਜਾਹਿਰ ਹੈ ਕਿ ਭਗਵੇਂ ਦਹਿਸ਼ਤਗਰਦ ਸਤਾ ਤੇ ਹਾਵੀ ਹਨ ਤੇ ਸੀਨੀਅਰ ਪੁਲੀਸ ਅਫਸਰ ਉਹਨਾਂ ਦੇ ਅਧੀਨ। ਇਸ ਲਈ ਭਗਵੇਂ ਨਾਗਾਂ ਵਲੋਂ ਕਨੂੰਨ ਨੂੰ ਵੀ ਕੁਚਲਿਆ ਜਾ ਰਿਹਾ।

## ਪੰਜਾਬ 'ਚ ਡਿੱਗ ਰਹੀ ਏ ਸ਼ਾਖ

ਚਾਹੀਦੀ ਹੈ। ਦੂਸਰਾ ਕਰਜ਼ਦਾਰਾਂ ਨੂੰ ਕਰਜ਼ ਵਾਪਸ ਕਰਨ ਦੇ ਲਈ ਯੋਗ ਰਾਹ ਅਪਨਾਉਣ ਦੀ ਲੋੜ ਹੈ। ਤੀਸਰਾ ਬੈਂਕ ਕਿਸਾਨਾਂ ਦਾ ਲੋਨ ਰੀਸਟਰਕਚਰ ਕਰੇ, ਕਿਸ਼ਤਾਂ ਲੰਮੀਆਂ ਕਰੇ, ਅੰਧਾਧੁੰਦ ਕਰਜ਼ਾ ਨਾ ਦਿੱਤਾ ਜਾਵੇ। ਸਰਕਾਰ ਫ੍ਰੀ ਬਿਜਲੀ ਤੇ ਕਰਜ਼ਾ ਮਾਫੀ ਦੀ ਬਜਾਏ ਕਿਸਾਨਾਂ ਦੀ ਕਮਾਈ ਉਭਾਰਨ ਦੀਆਂ ਯੋਜਨਾਵਾਂ ਤਿਆਰ ਕਰੇ। ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਇਹ ਤਾਂ ਇਕ ਪੱਖ ਹੈ, ਪਰ ਪੰਜਾਬ ਦੀ ਖੇਤੀਬਾੜੀ ਉਜਾੜਨ ਦੇ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ, ਜਿਸ ਨੇ ਪੰਜਾਬ ਦੀ ਸਨਅਤ ਤਬਾਹ ਕਰ ਦਿੱਤੀ ਤੇ ਹੁਣ ਕਿਸਾਨੀ ਦਾ ਭੋਗ ਪਾ ਦਿੱਤਾ। ਜੇ ਖੇਤੀਬਾੜੀ ਵੱਡਾ ਮੁਨਾਫਾ ਦਿੰਦੀ ਹੁੰਦੀ ਤਾਂ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਵਿਚ ਧੱਕੇ ਖਾਣ ਕਿਉਂ ਜਾਂਦਾ? ਉਹ ਇੱਥੇ ਹੀ ਵਧੀਆ ਢੰਗ ਨਾਲ ਖੇਤੀਬਾੜੀ ਕਰਦਾ ਤੇ ਆਪਣਾ ਰੁਜ਼ਗਾਰ ਚਲਾਉਂਦਾ। ਝੋਨੇ ਨੇ ਪੰਜਾਬ ਦਾ ਪਾਣੀ ਹੜੱਪ ਕਰ ਲਿਆ ਤੇ ਪੰਜਾਬ ਦੇ ਕੋਲ ਕੀ ਬਚਿਆ ਹੈ? ਪੰਜਾਬ ਦੀਆਂ ਜ਼ਮੀਨਾਂ ਇਸ ਲਈ ਗਿਰਵੀ ਹਨ ਕਿ ਹੁਣ ਅਡਾਨੀ, ਅੰਬਾਨੀ ਇਸ ਨੂੰ ਖਰੀਦਣਗੇ ਤੇ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਲਾਹੁਣਗੇ ਤੇ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣ ਜਾਣਗੇ। ਕੁਲ ਮਿਲਾ ਕੇ ਪੰਜਾਬ ਦਾ ਕਿਸਾਨ ਜੋ ਅੰਨ੍ਹਦਾਤਾ ਹੁੰਦਾ ਸੀ, ਉਹ ਘਸਿਆਰਾ ਬਣ ਜਾਵੇਗਾ। ਪੰਜਾਬ ਦਾ ਕਿਸਾਨ ਸਿੱਖੀ ਨਾਲ ਸੰਬੰਧਿਤ ਹੈ। ਇਹੀ ਉਸ ਦੇ ਉਜਾੜੇ ਦਾ ਕਾਰਨ ਹੈ ਤੇ ਕੇਂਦਰ ਸਰਕਾਰ ਨੂੰ ਪੰਜਾਬ ਦੀ ਕਿਸਾਨੀ ਦੀ ਪ੍ਰਗਤੀ ਨਹੀਂ ਭਾਉਂਦੀ ਦੂਸਰੀ ਹਰੀ ਕ੍ਰਾਂਤੀ ਵਿਚ ਪੰਜਾਬ ਦਾ ਪਾਣੀ ਤਬਾਹ ਕੀਤਾ ਗਿਆ ਤੇ ਹੁਣ ਤੀਸਰੀ ਕ੍ਰਾਂਤੀ ਵਿਚ ਆਧੁਨਿਕ ਮਲਿਕ ਭਾਗੋ ਪੰਜਾਬ ਦੀਆਂ ਜ਼ਮੀਨਾਂ ਹੜੱਪ ਕਰ ਜਾਣਗੇ। ਇਹ ਪੰਜਾਬ ਦਾ ਸਭ ਤੋਂ ਵੱਡਾ ਦੁਖਾਂਤ ਹੈ। ਇਸ ਨੂੰ ਤੁਸੀਂ ਨਵਾਂ ਬਲਿਊ ਸਟਾਰ ਜੋ ਕੇਂਦਰੀ ਹਾਕਮਾਂ ਨੇ ਦਿੱਤਾ ਸੀ, ਉਸ ਦੀ ਅਗਲੀ ਕਿਸ਼ਤ ਹੈ। ਕੀ ਸਿੱਖ ਇਸ ਨੂੰ ਸਮਝਣ ਦਾ ਯਤਨ ਕਰਨਗੇ? ਇਸ ਸੰਬੰਧੀ ਸਿੱਖ ਪੰਥ ਨੂੰ ਯੋਜਨਾਬੰਦੀ ਕਰਨ ਦੀ ਲੋੜ ਹੈ। ਜੇਕਰ ਅਸੀਂ ਯੋਜਨਾਬੰਦੀ ਨਾ ਕੀਤੀ ਤੇ ਆਪਣੇ ਬਚਣ ਦਾ ਰਾਹ ਨਾ ਸੋਚਿਆ ਤਾਂ ਅਸੀਂ ਬੁੱਧ ਧਰਮ ਵਾਂਗ ਭਾਰਤ ਵਿਚੋਂ ਧਕੇਲ ਕੇ ਬਾਹਰ ਕੱਢ ਦਿੱਤੇ ਜਾਵਾਂਗੇ। ਜਦ ਸਾਡੀ ਆਰਥਿਕਤਾ ਨਾ ਰਹੀ ਤਾਂ ਅਸੀਂ ਕਿੱਥੇ ਜਾਵਾਂਗੇ?

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ 41 ਲੱਖ ਵਿਚੋਂ 34.63 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ 'ਤੇ ਕਰਜ਼ 'ਤੇ ਚਿੰਤਾ ਪ੍ਰਗਟਾਉਂਦਿਆਂ ਕਹਾ ਕਿ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਰਕੇ ਪੰਜਾਬ ਦਾ ਕਿਸਾਨ ਤਬਾਹ ਤੇ ਕਰਜ਼ਾਈ ਹੋਇਆ ਹੈ। ਜਦ ਖੇਤੀਬਾੜੀ ਪੰਜਾਬ ਵਿਚ ਲਾਹੇਵੰਦ ਧੰਦਾ ਨਹੀਂ ਰਹੀ ਤਾਂ ਪੰਜਾਬ ਦਾ ਕਿਸਾਨ ਕਰਜ਼ਾ ਕਿੱਥੋਂ ਲਾਹੇਗਾ? ਇਹ ਇੱਕ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਇਸ ਸੰਬੰਧ ਵਿਚ ਸਮੂਹ ਪੰਜਾਬੀਆਂ ਨੂੰ ਵੱਡ ਪੱਧਰ 'ਤੇ ਲਹਿਰ ਉਸਾਰਨ ਦੀ ਲੋੜ ਹੈ। ਜੇ ਅਸੀਂ ਚੁੱਪ ਬੈਠੇ ਰਹੇ ਤਾਂ ਮੁਸ਼ਕਲਾਂ ਦਾ ਦੌਰ ਪੰਜਾਬ 'ਤੇ ਹੋਰ ਆਵੇਗਾ। ਪੰਜਾਬ ਦਾ ਕਿਸਾਨ ਕੀ ਕਰੇ? ਆਪਣੇ ਧੀਆਂ-ਪੁੱਤਾਂ ਦੇ ਵਿਆਹ ਕਿਵੇਂ ਕਰੇ, ਉਨ੍ਹਾਂ ਨੂੰ ਰੁਜ਼ਗਾਰ ਕਿਵੇਂ ਦੇਵੇ? ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਕਿਵੇਂ ਨਿਭਾਏ? ਇਹ ਸਾਰੇ ਸੋਚਣ ਵਾਲੇ ਵਿਸ਼ੇ ਹਨ। ਜੇ ਪੰਜਾਬ ਦਾ ਆਰਥਿਕ ਆਧਾਰ ਖੇਤੀਬਾੜੀ ਤਬਾਹ ਹੋ ਗਈ ਹੈ, ਪਾਣੀ ਤਬਾਹ ਹੋ ਗਏ ਹਨ ਤਾਂ ਪੰਜਾਬੀ ਕਿੱਥੇ ਜਾਣਗੇ?

## ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ 34ਵੀਂ ਵਰ੍ਹੇ ਗੰਢ ਕੈਨੇਡਾ ਦੀ ਪਾਰਲੀਮੈਂਟ 'ਤੇ ਮਨਾਈ

ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਉੱਦਮ ਸਦਕਾ ਅੱਜ ਦਾ ਇਹ ਸੰਵੇਦਨਸ਼ੀਲ ਇਕੱਠ ਸਫਲ ਹੋ ਸਕਿਆ ਹੈ।

ਬੀਬੀ ਜਸਮੀਨ ਕੌਰ ਵਲੋਂ ਅੰਗਰੇਜ਼ੀ ਭਾਸ਼ਾ ਵਿੱਚ ਸਾਂਝੇ ਕੀਤੇ ਪ੍ਰੈਸ ਨੋਟ ਵਿੱਚ ਜਿਥੇ ਇਸ ਇਕੱਠ ਦਾ ਮਨੋਰਥ ਦੱਸਿਆ ਗਿਆ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਰਗਾੜੀ ਵਿਖੇ ਧਰਨੇ ਤੇ ਬੈਠੇ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਅਤੇ ਸਮੁੱਚੇ ਸੇਵਾਦਾਰਾਂ ਦਾ ਸਹਿਯੋਗ ਦੇਣ ਦਾ ਐਲਾਨ ਕੀਤਾ।

ਸ. ਸੁਖਮਿੰਦਰ ਸਿੰਘ ਹੰਸਰਾ ਨੇ ਇਸ ਮੌਕੇ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਮਹਾਂਵਾਕ "ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਗਾਇਣ ਕਰਦਿਆਂ ਕਿਹਾ ਕਿ ਸੰਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉਪਰ ਭਾਰਤ ਸਰਕਾਰ ਵਲੋਂ ਕੀਤੇ ਹਮਲੇ ਨੇ ਹਰ ਸਿੱਖ ਨੂੰ ਇਹੀ ਅਹਿਸਾਸ ਕਰਵਾਇਆ ਸੀ ਕਿ ਹੁਣ ਸਿੱਖ ਦੀ ਪੱਤ ਵਿੱਚ ਰਹਿ ਹੀ ਕੀ ਗਿਆ ਹੈ। ਇਹ ਅਹਿਸਾਸ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ। ਕਨੇਡਾ ਦੀ ਆਜ਼ਾਦ ਸਰਜਮੀਂ ਤੇ ਖੜ ਕੇ ਅਸੀਂ ਅੱਜ ਸੰਸਾਰ ਭਰ ਦੇ ਲੋਕਾਂ ਨਾਲ ਵਾਅਦਾ ਕਰਦੇ ਹਾਂ ਕਿ 1984 ਨੂੰ ਅਸੀਂ ਕਦੇ ਵੀ ਭੁਲਾਵਾਂਗੇ ਨਹੀਂ।

ਉਨ੍ਹਾਂ ਕਿਹਾ ਕਿ 1984 ਦਾ ਕਹਿਰ ਸਾਡੇ ਚੇਤਿਆਂ ਵਿੱਚ ਤਾਜ਼ਾ ਰਹੇਗਾ ਜਿਸ ਨਾਲ ਸਾਡੇ ਕਦਮਾਂ ਵਿੱਚ ਹਰਕਤ ਆਵੇਗੀ ਅਤੇ ਅਸੀਂ ਯੂ ਐਨ ਦੀ ਦਹਿਲੀਜ਼ ਜਾ ਕੇ ਆਪਣਾ ਦਰਦ ਸਾਂਝਾ ਕਰ ਸਕਾਂਗੇ। ਅੱਜ ਅਸੀਂ ਇਥੇ ਪਿਛਲੇ ਸਾਲ ਨਾਲੋਂ ਕਾਫੀ ਜਿਆਦਾ ਗਿਣਤੀ ਵਿੱਚ ਸ਼ਾਮਲ ਹੋਏ ਹਾਂ ਅਤੇ ਕੁੱਝ ਕੁ ਸਮੇਂ ਅੰਦਰ ਕਨੇਡੀਅਨ ਪਾਰਲੀਮੈਂਟ ਦਾ ਆਹ ਵਿਹੜਾ ਛੋਟਾ ਪੈ ਜਾਵੇਗਾ, ਕਿਉਂਕਿ ਹਰ ਸਿੱਖ ਮਹਿਸੂਸ ਕਰਦਾ ਹੈ ਕਿ ਕੌਮ ਨਾਲ ਲਗਾਤਾਰ ਧੱਕਾ ਹੋ ਰਿਹਾ ਹੈ।

ਅੱਜ ਦੇ ਇਸ ਯਾਦਗਾਰੀ ਇਕੱਠ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਈ ਸ਼ਹੀਦ ਭਾਈ ਰਛਪਾਲ ਸਿੰਘ (ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੀ ਏ ਦੀ ਸੁਪਤਨੀ ਅਤੇ ਸ਼ਹੀਦ ਭਾਈ ਮਨਪ੍ਰੀਤ ਸਿੰਘ ਉਮਰ 18 ਦਿਨ, ਦੇ ਮਾਤਾ ਜੀ) ਬੀਬੀ ਪ੍ਰੀਤਮ ਕੌਰ ਨੇ ਕਿਹਾ ਕਿ ਜਿਸ ਦਿਨ ਮੇਰਾ ਆਨੰਦ ਕਾਰਜ ਭਾਈ ਰਛਪਾਲ ਸਿੰਘ ਨਾਲ ਹੋਇਆ ਸੀ ਮੈਨੂੰ ਉਸ ਵਕਤ ਹੀ ਉਨ੍ਹਾਂ ਕਹਿ ਦਿੱਤਾ ਸੀ ਕਿ ਮੇਰੀ ਜ਼ਿੰਦਗੀ ਬਹੁਤ ਛੋਟੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜਿਸ ਦਿਨ ਮੇਰਾ ਬੇਟਾ ਮਨਪ੍ਰੀਤ ਸਿੰਘ ਪੈਦਾ ਹੋਇਆ ਸੀ ਮੈਨੂੰ ਉਸ ਵਕਤ ਹੀ ਪਤਾ ਸੀ ਕਿ ਇਸ ਬੱਚੇ ਨੇ ਬਹੁਤਾ ਚਿਰ ਨਹੀਂ ਜਿਊਣਾ। ਬੀਬੀ ਪ੍ਰੀਤਮ ਕੌਰ ਨੇ ਉਸ ਵਕਤ ਸਾਰੀ ਸੰਗਤ ਭਾਵੁਕ ਕਰ ਦਿੱਤੀ ਜਦੋਂ ਉਨ੍ਹਾਂ ਦੱਸਿਆ ਕਿ ਸੰਤ ਜੀ ਨੇ ਮੈਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜਦੋਂ ਅਸੀਂ ਸ਼ਹੀਦ ਹੋਈਏ ਤਾਂ ਤੁਸੀਂ 5 ਜੈਕਾਰੇ ਬੁਲਾਉਣੇ। ਦਰਅਸਲ ਗੱਲ ਜੈਕਾਰਿਆਂ ਦੀ ਨਹੀਂ ਸੀ ਕਿਉਂਕਿ ਮੈਂ ਉਸੇ ਵਕਤ ਹੀ ਸੰਤ ਜੀ ਨੂੰ ਕਹਿ ਦਿੱਤਾ ਸੀ ਕਿ ਮੇਰੇ ਤੋਂ ਇਹ ਨਹੀਂ ਕਰ ਹੋਣਾ, ਪਰ ਇਹ ਤਾਂ ਸੰਤ ਜੀ ਦਾ ਮੈਨੂੰ ਸੰਕੇਤਕ ਇਸ਼ਾਰਾ ਸੀ ਕਿ ਮੈਂ ਇਸ ਹਮਲੇ ਦੌਰਾਨ ਸ਼ਹੀਦ ਨਹੀਂ ਹੋਣਾ। ਮੈਂ ਕੌਮ ਦਾ ਅਜੇ ਹੋਰ ਕੰਮ ਕਰਨਾ ਹੈ। ਇਸ ਤੋਂ ਇਲਾਵਾ ਬੀਬੀ ਜੀ ਨੇ ਗੁਰਸਿੱਖੀ ਧਾਰਨ ਕਰਨ ਤੇ ਜ਼ੋਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਨੇਡਾ ਈਸਟ ਦੇ ਯੂਥ ਦੇ ਪ੍ਰਧਾਨ ਪਰਮਿੰਦਰ ਸਿੰਘ ਪਾਂਗਲੀ ਨੇ ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਮਸ਼ਹੂਰ ਪੱਤਰਕਾਰ ਬਲਬੀਰ ਸਿੰਘ ਭਰਪੂਰ ਦੇ ਇਤਹਾਸਕ ਭਾਸ਼ਣ ਦਾ ਜ਼ਿਕਰ ਕੀਤਾ ਜਿਸ ਵਿੱਚ ਉਨ੍ਹਾਂ 1984 ਵਾਪਰਨ ਤੋਂ ਪਹਿਲਾਂ ਕਿਹਾ ਸੀ ਕਿ ਅਗਰ ਸਿੱਖਾਂ ਨੇ ਆਜ਼ਾਦੀ ਪ੍ਰਾਪਤ ਨਾ ਕੀਤਾ ਤਾਂ ਜਿਵੇਂ ਕਿਸੇ ਪਿੰਜਰੇ ਵਿੱਚ ਪਿਆਸਾ ਪੰਛੀ ਤੜਫ ਤੜਫ ਕੇ ਜਾਨ ਦੇ ਦਿੰਦਾ ਹੈ, ਪੰਜਾਬ ਅੰਦਰ ਸਿੱਖ ਨੌਜੁਆਨੀ ਦਾ ਇਹੀ ਹਾਲ ਹੋਵੇਗਾ। ਪਾਂਗਲੀ ਨੇ ਕਿਹਾ ਕਿ ਅੱਜ ਉਹ ਗੱਲ ਸੱਚ ਹੋ ਰਹੀ ਹੈ। ਹੋਰਨਾਂ ਤੋਂ ਇਲਾਵਾ ਭਾਈ ਹਰਭਜਨ ਸਿੰਘ ਨੰਗਲੀਆ, ਭਾਈ ਸੁਖਦੇਵ ਸਿੰਘ ਅੱਜ ਦੀ ਆਵਾਜ਼ ਅਤੇ ਭਾਈ ਕਰਨੈਲ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਉਨਟਾਰੀਓ ਕੈਨੇਡਾ ਅਤੇ ਪ੍ਰਭਸਰਵਣ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ। ਅਖੀਰ ਵਿੱਚ ਸ੍ਰ. ਅਵਤਾਰ ਸਿੰਘ ਪੂਨੀਆ ਨੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਅਤੇ ਅਗਲੇ ਸਾਲ ਇਸੇ ਤਰ੍ਹਾਂ ਵੱਡੀ ਤਾਦਾਦ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।


jus
punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling TELEVISION
Call 1-888-246-6242 to Subscribe
For advertisement & more information call: +1-718-752-9290
www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa

510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO,
Berkshire Hathaway Inc.

**Office Address:**
**1983 Second Street,**
**Livermore, CA 94550**

BH HS
BERKSHIRE HATHAWAY
HomeServices



A Residential and Real Estate Company.
Serving East Bay and Valley Area
BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.



ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Priti Singh**

(925) 999-0823

REALTOR®

CA BRE Licence #02024721

info@pritisingh.com

A Mamber of the Franchise System of BHHS Affiliates,LLC

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1







ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com

Frugal Logistics Inc.

FRUGAL Dedicated To Quality Service FL LOGISTICS



ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ

ਡਰਾਈਵਰ : 45 ਸੈਂਟ ਤੋਂ 52 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ
ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ

ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ

*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM